

ਨਿਡਰ ਸੋਚ ਨਿਰਪੱਖ ਅਵਾਜ਼

ਭਾਰਤ ਸਰਕਾਰ ਤੋਂ ਮਾਨਤਾ ਪ੍ਰਾਪਤ

# ਪੰਜਾਬੀ ਰੰਗ

ਅਦਾਰਾ ਪੰਜਾਬੀ ਰੰਗ ਅਖਬਾਰ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਅਤੇ ਸ਼ਹਿਰ ਤੋਂ ਪੱਤਰਕਾਰਾਂ ਦੀ ਲੋੜ ਹੈ। ਸੰਪਰਕ ਕਰੋ 92168-08317

ਮੁੱਖ ਸੰਪਾਦਕ : ਸ਼ਹਾਬੂਦੀਨ

Email. Shahabudinmlk@gmail.com www.punjabirang.com FORTNIGHTLY NEWS PAPER

PRGI NO: PBPUN/26/A2234
Ud Registration NO. PB-23-0016345

ਦਫਤਰ : ਕਲੱਬ ਚੌਂਕ, ਪੁਰਾਣਾ ਬੱਸ ਸਟੈਂਡ, ਮਾਲੇਰਕੋਟਲਾ | ਸੰਪਰਕ ਨੰ: 92168-08317, 98556-08317 : ਅੰਕ 2 : ਸਾਲ - 1 : 23 ਮਈ 2026 : ਮੁੱਲ - 5 ਪੰਨੇ : 12


# ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਹੁਣ ਤੱਕ ਚੁਣੇ ਹੋਏ ਵਿਧਾਇਕ : ਇੱਕ ਪੜਚੋਲ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਵਿਧਾਨ ਸਭਾ ਹਲਕਾ ਮਾਲੇਰਕੋਟਲਾ ਦੇ ਮੁਸਲਿਮ ਵੋਟਰਾਂ ਦੀ ਮਹੱਤਤਾ ਨੂੰ ਸਮਝਦੇ ਹੋਏ ਕਾਂਗਰਸ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਮ ਕਰਕੇ ਇਥੇ ਆਪਣੇ ਉਮੀਦਵਾਰ ਮਾਲੇਰਕੋਟਲਾ ਨਾਲ ਸਬੰਧਤ ਮੁਸਲਿਮ ਵਰਗ ਤੋਂ ਹੀ ਨਾਮਜ਼ਦ ਕੀਤੇ ਹਨ।ਪਿਛਲੇ ਦੌਰ 'ਚ ਤਿੰਨ ਵਾਰ ਕਾਂਗਰਸ ਨੇ ਅਤੇ ਇੱਕ ਵਾਰ ਅਕਾਲੀ ਦਲ ਨੇ ਵੀ ਮੁਸਲਿਮ ਵਰਗ ਤੋਂ ਬਾਹਰ ਦੂਜੇ ਵਰਗਾਂ 'ਚੋਂ ਭਾਵ (ਗੈਰ ਮੁਸਲਿਮ) ਆਗੂਆਂ ਨੂੰ ਆਪਣੀਆਂ ਟਿਕਟਾਂ ਦਿੱਤੀਆਂ ਹਨ, ਜਿੰਨ੍ਹਾਂ 'ਚੋਂ ਇੱਕ ਨੇ 1957 ਜਿੱਤ ਵੀ ਹਾਸਲ ਕੀਤੀ ਸੀ।ਹੁਣ ਤੱਕ ਹੋਈਆਂ 16 ਵਿਧਾਨ ਸਭਾ ਦੀਆਂ ਚੋਣਾਂ 'ਚ 9 ਵਾਰ ਕਾਂਗਰਸ ਨੂੰ 5 ਵਾਰ ਅਕਾਲੀ ਦਲ ਨੂੰ ਇੱਕ ਵਾਰ ਆਜ਼ਾਦ ਉਮੀਦਵਾਰ ਅਤੇ ਇੱਕ ਵਾਰ ਆਮ ਆਦਮੀ ਪਾਰਟੀ ਨੂੰ ਮਾਲੇਰਕੋਟਲਾ ਹਲਕੇ ਤੋਂ ਜਿੱਤ ਪ੍ਰਾਪਤ ਹੋਈ ਹੈ।ਮਾਲੇਰਕੋਟਲਾ ਦੇ ਕੁੱਲ 16 ਵਿਧਾਇਕ ਹੋਏ ਹਨ, ਜਿੰਨ੍ਹਾਂ 'ਚੋਂ ਕੁਝ ਦੀਆਂ ਪ੍ਰਾਪਤੀਆਂ ਤੇ ਕੁਝ ਘਟਨਾਵਾਂ ਦੀ ਅੱਜ ਅਸੀਂ ਚਰਚਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

ਰਿਆਸਤ ਮਾਲੇਰਕੋਟਲਾ ਦੇ ਆਖਰੀ ਤਾਜਦਾਰ ਨਵਾਬ ਇਫਤਖਾਰ ਅਲੀ ਖਾਂ ਨੇ ਦੇਸ਼ ਦੀ ਆਜ਼ਾਦੀ ਉਪਰੰਤ 1952 'ਚ ਪਹਿਲੀ ਵਾਰ ਆਜ਼ਾਦ ਉਮੀਦਵਾਰ ਵੱਜੋਂ ਚੋਣ ਲੜਦਿਆਂ ਨਵਾਬ ਸਾਹਿਬ ਨੇ ਉਸ ਸਮੇਂ ਕਾਂਗਰਸ ਪਾਰਟੀ ਦੇ ਬਾਬੂ ਰਾਮ ਨੂੰ ਹਰਾਇਆ ਸੀ, ਜਦਕਿ ਪੰਡਿਤ ਜਵਾਹਰ ਲਾਲ ਨਹਿਰੂ ਵੀ ਉਸ ਦੇ ਚੋਣ ਪ੍ਰਚਾਰ ਲਈ ਮਾਲੇਰਕੋਟਲਾ ਪਹੁੰਚੇ ਸੀ।ਇਸ ਤੋਂ ਬਾਅਦ ਸਾਲ 1957 'ਚ ਸਾਡੇ ਇੱਕੋ-ਇੱਕ ਗੈਰ ਮੁਸਲਿਮ ਵਿਧਾਇਕ ਸਰਦਾਰ ਚੰਦਾ ਸਿੰਘ ਨੇ ਕਾਂਗਰਸ ਪਾਰਟੀ ਦੀ ਟਿਕਟ 'ਤੇ ਚੋਣ ਲੜਦਿਆਂ ਜਿੱਤ ਹਾਸਲ ਕੀਤੀ ਸੀ।ਸਰਦਾਰ ਚੰਦਾ ਸਿੰਘ ਨੇ ਉਸ ਸਮੇਂ ਕਾਂਗਰਸੀ ਉਮੀਦਵਾਰ ਵੱਜੋਂ ਚੋਣ ਲੜਦਿਆਂ ਕਾਂਗਰਸ ਦੇ ਹੀ ਸ਼ਕੂਰ ਖਾਂ ਨੂੰ ਹਰਾਇਆ ਸੀ।ਜ਼ਿਕਰਯੋਗ ਹੈ ਕਿ ਉਨ੍ਹਾਂ ਨੂੰ ਕਾਂਗਰਸ ਦਾ ਉਮੀਦਵਾਰ ਉਦੋਂ ਬਣਾਇਆ ਗਿਆ ਸੀ ਜਦੋਂ ਨਵਾਬ ਸਾਹਿਬ ਦੀ ਦੂਜੀ ਪਤਨੀ ਬੇਗਮ ਯੂਸਫ ਜ਼ਮਾ ਦਾ ਨਾਂ ਵੋਟਰ ਸੂਚੀ 'ਚ ਨਾ ਹੋਣ ਕਾਰਨ ਬੇਗਮ ਸਾਹਿਬਾ ਦੀ ਉਮੀਦਵਾਰੀ ਰੱਦ ਕਰਨੀ ਪਈ ਸੀ।

ਉਸ ਤੋਂ ਬਾਅਦ 1962 'ਚ ਮਾਲੇਰਕੋਟਲਾ ਦੇ ਨਵਾਬ ਸਾਹਿਬ ਦੀ ਬੇਗਮ ਯੂਸਫ ਜ਼ਮਾ ਨੇ ਕਾਂਗਰਸੀ ਉਮੀਦਵਾਰ ਵੱਜੋਂ ਚੋਣ ਲੜਦੇ ਹੋਏ ਅਕਾਲੀ ਦਲ ਦੇ ਸਰਦਾਰ ਗੁਰਦੇਵ ਸਿੰਘ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਸੀ।ਇਸ ਤੋਂ ਉਪਰੰਤ ਸਾਲ 1967 'ਚ ਇੱਕ ਵਾਰ ਫਿਰ ਨਵਾਬ ਇਫਤਖਾਰ ਅਲੀ ਖਾਂ ਚੋਣ ਮੈਦਾਨ 'ਚ ਆਏ ਉਨ੍ਹਾਂ ਕਾਂਗਰਸ ਦੇ ਉਮੀਦਵਾਰ ਵੱਜੋਂ ਚੋਣ ਲੜਦਿਆਂ ਅਕਾਲੀ ਦਲ ਦੇ ਨੂਰ ਮੁਹੰਮਦ ਖਿਲਜੀ ਨੂੰ ਹਰਾਇਆ ਸੀ।ਜਿਸ ਦੇ ਲਈ ਨਵਾਬ ਪਰਿਵਾਰ ਨੂੰ ਇੱਕ ਸੰਘਰਸ਼ ਵੀ ਕਰਨਾ ਪਿਆ ਸੀ।ਸਾਡੇ ਮਾਲੇਰਕੋਟਲਾ ਹਲਕੇ ਦੀ ਇਹ ਪਹਿਲੀ ਚੋਣ ਸੀ ਜਿਸ 'ਚ ਮੁਸਲਿਮ ਵਰਗ ਦਾ ਆਜ਼ਾਦ ਖਿਆਲ ਤੇ ਸੂਝਵਾਨ ਵਰਗ ਰਜਵਾੜਾਸ਼ਾਹੀ ਦੇ ਵਿਰੁੱਧ ਲਾਮਬੰਦ ਹੋਣਾ ਸ਼ੁਰੂ ਹੋਇਆ ਸੀ, ਜਿਸਦੇ ਲਈ ਮਰਹੂਮ ਹੈਡਮਾਸਟਰ ਕਫਾਇਤੁੱਲ੍ਹਾ ਸਾਹਿਬ ਮੁੱਢ ਤੋਂ ਹੀ ਆਵਾਜ਼ ਬੁਲੰਦ ਕਰਦੇ ਆ ਰਹੇ ਸੀ।ਜਿਸ ਦੀ ਸਜ਼ਾ ਉਨ੍ਹਾਂ ਨੂੰ ਇਸਲਾਮੀਆਂ ਸਕੂਲ ਦੀ ਹੈਡ ਮਾਸਟਰੀ ਤੋਂ ਡਿਸਮਿਸ ਕਰਕੇ ਦਿੱਤੀ ਗਈ ਸੀ। 1967 ਦੀਆਂ ਚੋਣਾਂ 'ਚ ਅਕਾਲੀ ਦਲ ਦੀ ਸਰਕਾਰ ਬਣਦੇ ਹੀ ਨਵਾਬ ਸਾਹਿਬ ਦਲ-ਬਦਲੀ ਕਰਕੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋ ਗਏ ਅਤੇ 1969 ਦੀਆਂ ਚੋਣਾਂ 'ਚ ਅਕਾਲੀ ਦਲ ਦੇ ਉਮੀਦਵਾਰ ਵੱਜੋਂ ਚੋਣ ਲੜੀ ਅਤੇ ਕਾਂਗਰਸ ਦੇ ਬਾਰਾ ਸਿੰਘ ਨੂੰ ਹਰਾ ਕੇ ਜਿੱਤ ਹਾਸਲ ਕੀਤੀ।

ਜ਼ਿਕਰਯੋਗ ਹੈ ਕਿ ਹਲਕੇ ਦੇ ਲੋਕ ਨਵਾਬ ਸਾਹਿਬ ਦੇ ਹੱਕ 'ਚ ਮੱਤਦਾਨ ਕੇਵਲ ਇਸ ਲਈ ਕਰਦੇ ਸੀ ਕਿ 1947 ਦੇ ਦੰਗਿਆਂ ਤੋਂ ਸਹਿਮੇ ਮੁਸਲਮਾਨ ਉਨ੍ਹਾਂ ਨੂੰ ਆਪਣਾ ਮਸੀਹਾ ਤੇ ਨਵਾਬ ਸ਼ੇਰ ਮੁਹੰਮਦ ਖਾਂ ਦੇ ਵੰਸ 'ਚੋਂ ਹੋਣ ਕਾਰਨ ਸਿੱਖ ਭਰਾ ਨਵਾਬ ਸਾਹਿਬ ਨਾਲ ਇੱਕ ਸ਼ਰਧਾ ਰੱਖਦੇ ਸਨ।ਸਾਲ 1971 'ਚ ਨਵਾਬ ਸਾਹਿਬ ਨੇ ਆਪਣਾ ਦੀਵਾਨ ਖਾਨਾ ਮੁਸਲਿਮ ਕੌਮ ਦੇ ਨਾਂ ਵਕਫ ਤਾਂ ਜ਼ਰੂਰ ਕੀਤਾ ਸੀ ਪਰ ਉਹ ਹਾਲੇ ਤੱਕ ਮੁਸਲਮਾਨਾਂ ਦੇ ਕਬਜ਼ੇ 'ਚ ਨਹੀਂ ਆ ਸਕਿਆ।

ਇਸ ਉਪਰੰਤ ਨਵਾਬ ਸਾਹਿਬ ਦੀ ਤੀਜੀ ਤੇ ਸਭ ਤੋਂ ਛੋਟੀ ਪਤਨੀ ਸਾਜਿਦਾ ਬੇਗਮ ਨੇ 1972 'ਚ ਆਪਣੀ ਪਹਿਲੀ ਚੋਣ ਕਾਂਗਰਸ ਉਮੀਦਵਾਰ ਵੱਜੋਂ ਲੜਦਿਆਂ ਸ਼੍ਰੋਮਣੀ ਅਕਾਲੀ ਦਲ ਦੇ ਅਨਵਾਰ ਅਹਿਮਦ ਖਾਂ ਨੂੰ ਹਰਾਇਆ ਸੀ, ਉਸ ਸਮੇਂ ਸੂਬੇ ਦੀ ਸੱਤਾ 'ਤੇ ਕਾਂਗਰਸ ਪਾਰਟੀ ਕਾਬਜ਼ ਹੋਈ ਜਿਸ ਦੇ ਮੁੱਖ ਮੰਤਰੀ ਗਿਆਨੀ ਜੈਲ ਸਿੰਘ ਨਾਲ ਬੇਗਮ ਸਾਹਿਬਾ ਦੇ ਅਤਿ ਨੇੜਲੇ ਸਬੰਧਾਂ ਕਾਰਨ ਅਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਜਨਰਲ ਸਕੱਤਰ ਹੋਣ ਕਾਰਨ ਬੇਗਮ ਸਾਹਿਬਾ ਦੀ ਪਕੜ ਸਰਕਾਰ ਅਤੇ ਪਾਰਟੀ 'ਚ ਮਜ਼ਬੂਤ ਹੋਣ ਕਾਰਨ ਸਿਆਸੀ ਹਲਕਿਆਂ 'ਚ ਬੇਗਮ ਸਾਹਿਬਾ ਨੂੰ ਸੁਪਰ ਮੁੱਖ ਮੰਤਰੀ ਵਜੋਂ ਜਾਣਿਆਂ ਜਾਂਦਾ ਸੀ।ਫਿਰ 1977 ਦੀਆਂ ਚੋਣਾਂ 'ਚ ਅਕਾਲੀ ਦਲ ਦੇ ਉਮੀਦਵਾਰ ਹਾਜੀ ਅਨਵਾਰ ਅਹਿਮਦ ਖਾਂ ਨੇ ਸਾਜਿਦਾ ਬੇਗਮ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਪਰੰਤੂ 1979 ਦੀਆਂ ਚੋਣਾਂ 'ਚ ਇਕ ਵਾਰ ਫਿਰ ਕਾਂਗਰਸ ਪਾਰਟੀ ਵੱਲੋਂ ਚੋਣ ਲੜਦੇ ਹੋਏ ਸਾਜਿਦਾ ਬੇਗਮ ਨੇ ਅਕਾਲੀ ਦਲ ਦੇ ਹਾਜੀ ਅਨਵਾਰ ਅਹਿਮਦ ਖਾਂ ਨੂੰ ਹਰਾ ਦਿੱਤਾ।ਭਾਵੇਂ ਕਿ ਸੱਤਾ ਤਾਂ ਇਸ ਵਾਰ ਵੀ ਕਾਂਗਰਸ ਨੂੰ ਹੀ ਮਿਲੀ ਪਰ ਉਸਦੇ ਮੁੱਖ ਮੰਤਰੀ ਦਰਬਾਰਾ ਸਿੰਘ ਬਣੇ ਜੋ ਕਿ ਵਿਰੋਧੀ ਗੁੱਟ ਦੇ ਨੇਤਾ ਸਨ।ਜਿਸ ਕਾਰਨ ਬੇਗਮ ਸਾਹਿਬਾ ਦੀ ਸਰਕਾਰ 'ਚ ਹੀ ਪੁੱਛ ਨਹੀਂ ਰਹੀ।

1982 'ਚ ਅਚਣਚੇਤ ਨਵਾਬ ਸਾਹਿਬ ਨੇ ਸਾਜਿਦਾ ਬੇਗਮ ਨੂੰ ਤਲਾਕ ਦੇ ਦਿੱਤਾ, ਤੇ ਕੁਝ ਦਿਨਾਂ ਬਾਅਦ ਹੀ ਸਾਜਿਦਾ ਬੇਗਮ ਅਤੇ ਅਨਵਾਰ ਖਾਂ ਦਾ ਨਿਕਾਹ ਵੀ ਹੋ ਗਿਆ ਸੀ ਪਰੰਤੂ ਸ਼ਰੀਅਤ ਦੀ ਉਲੰਘਣਾ ਹੋਣ ਕਾਰਨ ਇਹ ਨਿਕਾਹ ਧਰਮ ਸੰਕਟ 'ਚ ਫਸ ਗਿਆ।ਦੱਸਿਆ ਜਾਂਦਾ ਹੈ ਕਿ ਉਕਤ ਨਿਕਾਹ ਮਸਲੇ ਨੂੰ ਸੁਲਝਾਉਣ ਲਈ ਉਸ ਸਮੇਂ ਦਿਓਬੰਦ ਤੋਂ ਮੁਫਤੀ ਸਾਹਿਬਾਨ ਨੂੰ ਵੀ ਬੁਲਾਇਆ ਗਿਆ ਸੀ, ਆਖਰਕਾਰ ਅਨਵਾਰ ਖਾਂ ਨੂੰ ਵੀ ਸਾਜਿਦਾ ਬੇਗਮ ਨੂੰ ਤਲਾਕ ਦੇਣਾ ਪਿਆ।ਦੱਸਿਆ ਜਾਂਦਾ ਹੈ ਕਿ ਮਰਹੂਮ ਹੈਡਮਾਸਟਰ ਕਫਾਇਤੁੱਲ੍ਹਾ ਸਾਹਿਬ ਨੇ ਇਸ ਨਿਕਾਹ ਅਤੇ ਤਲਾਕ ਦੇ ਸਬੰਧ 'ਚ ਇੱਕ ਕਿਤਾਬਚਾ ਵੀ ਲਿਖਿਆ ਸੀ, ਜਿਸਨੂੰ ਭੁਮਸੀ ਮਸਜਿਦ ਵਾਲੇ ਮਰਹੂਮ ਹਾਫਿਜ਼ ਮੁਹੰਮਦ ਸਦੀਕ ਸਾਹਿਬ (ਮਾਮਾ ਜੀ) ਦੇ ਹੱਥੋਂ ਮੋਤੀ ਬਾਜ਼ਾਰ 'ਚ ਹੋਏ ਇੱਕ ਜਲਸੇ ਦੌਰਾਨ ਵੰਡਿਆ ਵੀ ਗਿਆ ਸੀ।

1982 'ਚ ਹੀ ਨਵਾਬ ਸਾਹਿਬ ਦੀਵਾਨ ਖਾਨੇ ਨੂੰ ਵਰਤੋਂ 'ਚ ਲਿਆਉਣ ਲਈ ਸੂਫੀ ਮੁਹੰਮਦ ਸਦੀਕ, ਚੌਧਰੀ ਅਬਦੁੱਲ ਗਫੂਰ, ਹਾਜੀ ਨੂਰ ਮੁਹੰਮਦ ਫਾਰੂਕੀ ਵਰਗੇ ਪਤਵੰਤੇ ਸ਼ਹਿਰੀਆਂ 'ਤੇ ਅਧਾਰਿਤ ਇੱਕ ਕਮੇਟੀ ਦਾ ਗਠਨ ਵੀ ਕੀਤਾ ਸੀ, ਪਰ ਨਾ ਹੀ ਇਹ ਕਮੇਟੀ ਤੇ ਨਾ ਵਕਫ ਬੋਰਡ ਦੀਵਾਨਖਾਨੇ ਨੂੰ ਕਥਿਤ ਨਜਾਇਜ਼ ਕਬਜ਼ੇ ਤੋਂ ਆਜ਼ਾਦ ਕਰਵਾ ਸਕਿਆ, ਜਦਕਿ ਮਾਲੇਰਕੋਟਲਾ ਤੋਂ ਬੋਰਡ ਦੇ ਚੇਅਰਮੈਨ ਦਾ ਸਬੰਧ ਪਹਿਲਾਂ ਵੀ ਸੀ ਅਤੇ ਸੁੱਖ ਨਾਲ ਅੱਜ ਵੀ ਹੈ।

ਰਾਜ ਘਰਾਣੇ ਨਾਲ ਸਬੰਧਤ ਅਨਵਾਰ ਖਾਂ 1977 'ਚ ਜਦੋਂ ਅਕਾਲੀ ਉਮੀਦਵਾਰ ਵਜੋਂ ਚੋਣ ਜਿੱਤੇ ਸਨ ਉਸ ਸਮੇਂ ਅਕਾਲੀ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀਆਂ ਨਿੱਜੀ ਕੋਸ਼ਿਸ਼ਾਂ ਸਦਕੇ ਹਾਜੀ ਅਨਵਾਰ ਖਾਂ ਨੂੰ ਸਾਂਝੇ ਪੰਜਾਬ ਵਕਫ ਬੋਰਡ ਦਾ ਪੰਜਾਬੀ ਚੇਅਰਮੈਨ ਬਣਨ ਦਾ ਮਾਣ ਪ੍ਰਾਪਤ ਹੋਇਆ ਸੀ।ਚੇਅਰਮੈਨ ਹੁੰਦੇ ਹੋਏ ਅਨਵਾਰ ਖਾਂ ਵੱਲੋਂ ਇਕ ਨਵੀਂ ਇਮਾਰਤ ਇਸਲਾਮੀਆਂ ਹਾਈ ਸਕੂਲ ਲਈ ਅਤੇ ਇੱਕ ਇਮਾਰਤ ਮੁਸਾਫਿਰ ਖਾਨੇ ਲਈ ਤਾਮੀਰ ਕਰਵਾਈ ਗਈ ਪਰ ਅਫਸੋਸ ਕਿ ਉਹ ਦੋਵੇਂ ਇਮਾਰਤਾਂ ਮਿੱਥੇ ਉਦੇਸ਼ ਅਨੁਸਾਰ ਵਰਤੋਂ 'ਚ ਨਹੀਂ ਆ ਸਕੀਆਂ।ਹਾਜੀ ਅਨਵਾਰ ਖਾਨ ਸਾਹਿਬ ਨੇ ਮਿੱਲੀ ਦਰਦ ਰੱਖਦੇ ਹੋਏ ਸ਼ਹਿਰ 'ਚ ਆਦਮ ਸੈਨਾ ਵੀ ਬਣਾਈ ਸੀ ਅਤੇ ਇੰਪਰੂਵਮੈਂਟ ਟਰੱਸਟ ਦੀ ਸਥਾਪਨਾਂ ਵੀ ਹਾਜੀ ਅਨਵਾਰ ਖਾਂ ਨੇ ਹੀ ਕਰਵਾਈ ਸੀ, ਜਿਸਦੇ ਪਹਿਲੇ ਚੇਅਰਮੈਨ ਸਾਬਿਰ ਅਲੀ ਢਿੱਲੋਂ ਨੂੰ ਬਣਾਇਆ ਗਿਆ ਸੀ।ਸਥਾਨਕ ਸਰਕਾਰੀ ਕਾਲਜ ਅੰਦਰ ਐਮ.ਏ. ਉਰਦੂ ਦੀਆਂ ਕਲਾਸਾਂ ਸ਼ੁਰੂ ਕਰਵਾਉਣ 'ਚ ਵੀ ਅਨਵਾਰ ਖਾਂ ਦੀ ਅਹਿਮ ਭੂਮਿਕਾ ਰਹੀ ਸੀ ਪਰੰਤੂ 1979 ਦੀਆਂ ਚੋਣਾਂ 'ਚ ਅਨਵਾਰ ਖਾਂ ਸਾਜਿਦਾ ਬੇਗਮ ਤੋਂ ਇੱਕ ਵਾਰ ਫਿਰ ਹਾਰ ਗਏ ਸਨ।

ਮਾਲੇਰਕੋਟਲਾ ਨਗਰ ਕੌਂਸਲ ਦੇ ਪ੍ਰਧਾਨ ਰਹੇ ਤੇ ਸਥਾਨਕ ਪੱਧਰ ਦੇ ਸਭ ਤੋਂ ਵੱਧ ਸੀਨੀਅਰ ਤੇ ਤਜ਼ਰਬੇਕਾਰ ਆਗੂ ਮਰਹੂਮ ਨੁਸਰਤ ਅਲੀ ਖਾਂ ਨੇ 1985 'ਚ ਆਪ ਹੀ ਪਹਿਲੀ ਚੋਣ ਅਕਾਲੀ ਉਮੀਦਵਾਰ ਵਜੋਂ ਉਸ ਸਮੇਂ ਕਾਂਗਰਸ ਦੇ ਤੇ ਸ਼ਹਿਰ ਦੇ ਸਭ ਤੋਂ ਜੂਨੀਅਰ ਆਗੂ ਚੌਧਰੀ ਅਬਦੁੱਲ ਗੱਫਾਰ ਨੂੰ ਹਰਾ ਕੇ ਜਿੱਤੀ ਸੀ।ਦੱਸਿਆ ਜਾਂਦਾ ਹੈ ਕਿ ਮਾਲੇਰਕੋਟਲਾ ਹਲਕੇ ਦੀ ਇਹ ਪਹਿਲੀ ਚੋਣ ਸੀ ਜਿਸ 'ਚ ਬਰਾਦਰੀ-ਵਾਦ ਭਾਰੂ ਰਿਹਾ ਸੀ।1985 ਦੀਆਂ ਚੋਣਾਂ ਮਗਰੋਂ ਪੰਜਾਬ 'ਚ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ 'ਚ ਅਕਾਲੀ ਸਰਕਾਰ ਬਣੀ।ਬਰਨਾਲਾ ਸਾਹਿਬ ਨੇ ਇਥੋਂ ਦੇ ਵਿਧਾਇਕ ਨੁਸਰਤ ਅਲੀ ਖਾਂ ਨੂੰ ਜ਼ੇਲ ਰਾਜ ਮੰਤਰੀ ਬਣਾ ਕੇ ਮਾਲੇਰਕੋਟਲਾ ਵਿਸ਼ੇਸ਼ਕਰ ਮੁਸਲਮਾਨਾਂ ਦਾ ਪਹਿਲਾਂ ਮੰਤਰੀ ਹੋਣ ਦਾ ਮਾਣ ਬਖਸ਼ਿਆ ਸੀ।

ਪੰਜਾਬ ਸਟੇਟ ਹੱਜ ਕਮੇਟੀ ਵੱਲੋਂ ਲਾਇਜ਼ਨ ਅਫਸਰ ਵਜੋਂ ਹਾਜੀਆਂ ਦੀ ਰਹਿਨੁਮਾਈ ਲਈ ਮੱਕੇ ਜਾਣ ਦਾ ਸਿਲਸਿਲਾ ਨੁਸਰਤ ਖਾਨ ਸਾਹਿਬ ਜ਼ੇਲ ਰਾਜ ਮੰਤਰੀ ਨੇ ਹੀ ਅਰੰਭ ਕੀਤਾ ਸੀ।ਇਸੇ ਤਰ੍ਹਾਂ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਅਖਲਾਕ ਅਹਿਮਦ ਖਾਂ ਐਡਵੋਕੇਟ ਨੂੰ ਅਤੇ ਮਾਰਕੀਟ ਕਮੇਟੀ ਦਾ ਚੇਅਰਮੈਨ ਹਾਜੀ ਤੁਫੈਲ ਮਲਿਕ ਨੂੰ ਮੰਤਰੀ ਨੁਸਰਤ ਖਾਂ ਨੇ ਬਣਾਇਆ ਸੀ।ਉਸ ਤੋਂ ਬਾਅਦ ਜ਼ੇਲ ਮੰਤਰੀ ਨੁਸਰਤ ਖਾਂ ਨੇ ਦੂਜੀ ਚੋਣ 1992 'ਚ ਅਕਾਲੀ ਦਲ (ਕਾਬਲ) ਵੱਲੋਂ ਲੜੀ ਪਰੰਤੂ ਉਸ ਚੋਣ 'ਚ ਉਹ ਆਪਣੀ ਜ਼ਮਾਨਤ ਵੀ ਨਹੀਂ ਬਚਾ ਸਕੇ।

ਸਾਲ 1992 'ਚ ਜਦੋਂ ਅੱਤਵਾਦ ਦਾ ਕਾਲਾ ਦੌਰ ਪੂਰੇ ਜ਼ੋਬਨ 'ਤੇ ਸੀ ਉਸ ਸਮੇਂ ਕਾਂਗਰਸ ਦੀ ਟਿਕਟ 'ਤੇ ਚੋਣ ਲੜੇ ਚੌਧਰੀ ਅਬਦੁੱਲ ਗੱਫਾਰ ਨੇ ਭਾਜਪਾ ਦੇ ਆਸ਼ੂਤੋਸ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਸੀ।ਉਸ ਸਮੇਂ ਸੂਬੇ ਅੰਦਰ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਹੇਠ ਕਾਂਗਰਸ ਦੀ ਸਰਕਾਰ ਬਣੀ ਸੀ ਅਤੇ ਵਿਧਾਇਕ ਚੌਧਰੀ ਅਬਦੁੱਲ ਗੱਫਾਰ ਨੂੰ ਸਿੱਖਿਆ ਰਾਜ ਮੰਤਰੀ ਬਣਾਇਆ ਗਿਆ ਸੀ।ਚੌਧਰੀ ਗੱਫਾਰ ਸਾਹਿਬ ਨੇ ਉਸ ਸਮੇਂ ਮਾਲੇਰਕੋਟਲਾ ਦੇ ਕਈ ਪੜ੍ਹੇ-ਲਿਖੇ ਨੌਜਵਾਨਾਂ ਨੂੰ ਸਿੱਖਿਆ ਵਿਭਾਗ 'ਚ ਮਾਸਟਰ ਭਰਤੀ ਕਰਵਾਇਆ ਸੀ, ਜੋ ਅੱਜ ਵੀ ਚੌਧਰੀ ਗੱਫਾਰ ਸਾਹਿਬ ਦੇ ਸਮਰਥਕ ਭਗਤ ਹਨ।ਉਸ ਤੋਂ ਬਾਅਦ ਆਪਣੀ ਕਾਬਲੀਅਤ ਦੇ ਤੌਰ 'ਤੇ ਤਾਂ ਭਾਵੇਂ ਮਾਲੇਰਕੋਟਲਾ ਦੇ ਬਹੁਤ ਸਾਰੇ ਨੌਜਵਾਨਾਂ ਨੇ ਸਰਕਾਰੀ ਨੌਕਰੀਆਂ ਹਾਸਲ ਕੀਤੀਆਂ ਹਨ ਪਰੰਤੂ ਇਥੋਂ ਦੇ ਕਿਸੇ ਵਿਧਾਇਕ ਜਾਂ ਮੰਤਰੀ ਨੇ ਸਥਾਨਕ ਨੌਜਵਾਨਾਂ ਨੂੰ ਰੁਜ਼ਗਾਰ ਦਿਵਾਉਣ ਲਈ ਆਪਣੇ ਪੱਧਰ 'ਤੇ ਸ਼ਾਇਦ ਕੋਈ ਉਪਰਾਲਾ ਨਹੀਂ ਕੀਤਾ।

ਸਾਲ 1997 'ਚ ਨੁਸਰਤ ਇਕਰਾਮ ਖਾਂ ਬੱਗਾ ਨੇ ਜ਼ੇਲ ਸੁਪਰਡੈਂਟ ਦੀ ਸਰਕਾਰੀ ਨੌਕਰੀ ਛੱਡ ਕੇ ਅਕਾਲੀ ਉਮੀਦਵਾਰ ਵੱਜੋਂ ਚੋਣ ਲੜੀ ਅਤੇ ਜਿੱਤ ਹਾਸਲ ਕਰਕੇ ਬਾਦਲ ਸਰਕਾਰ 'ਚ ਖੇਡ ਕੈਬਨਿਟ ਮੰਤਰੀ ਬਣੇ।ਇਸ ਤੋਂ ਬਾਅਦ ਸਾਲ 2000 ਦੇ ਕਰੀਬ ਮਾਲੇਰਕੋਟਲਾ ਦੀ ਸਿਆਸਤ 'ਚ ਕਾਂਗਰਸੀ ਟਿਕਟ ਦੇ ਦਾਅਵੇਦਾਰ ਬਣਕੇ ਸਿਆਸੀ ਮੈਦਾਨ 'ਚ ਆਏ ਮੈਡਮ ਰਜ਼ੀਆ ਸੁਲਤਾਨਾਂ ਦਾ ਪੁਰਾਣੇ ਕਾਂਗਰਸੀ ਲੀਡਰਾਂ ਚੌਧਰੀ ਅਬਦੁੱਲ ਗੱਫਾਰ ਅਤੇ ਸਾਜਿਦਾ ਬੇਗਮ ਨਾਲ ਕਰੀਬ 2 ਸਾਲ ਤੱਕ ਟਿਕਟ ਪ੍ਰਾਪਤੀ ਯੁੱਧ ਚੱਲਿਆ ਪਰੰਤੂ ਰਜ਼ੀਆ ਸੁਲਤਾਨਾਂ ਟਿਕਟ ਹਾਸਲ ਕਰਨ 'ਚ ਕਾਮਯਾਬ ਰਹੇ।ਜਿਸ ਕਾਰਨ ਨਰਾਜ਼ ਹੋ ਕੇ ਚੌਧਰੀ ਗੱਫਾਰ ਸਾਹਿਬ ਕਾਂਗਰਸ ਪਾਰਟੀ ਨੂੰ ਛੱਡ ਕੇ ਉਸ ਸਮੇਂ ਸਰਦ ਪਵਾਰ ਦੀ ਪਾਰਟੀ ਦੇ ਚੋਣ ਨਿਸ਼ਾਨ 'ਤੇ ਚੋਣ ਲੜੇ ਸਨ।


ਉਸ ਸਮੇਂ ਕਾਂਗਰਸੀ ਉਮੀਦਵਾਰ ਰਜ਼ੀਆ ਸੁਲਤਾਨਾਂ ਅਤੇ ਆਜ਼ਾਦ ਉਮੀਦਵਾਰ ਅਜੀਤ ਸਿੰਘ ਚੰਦੂਰਾਈਆਂ ਵਿਚਕਾਰ ਸਿੱਧੀ ਕਾਂਟੇ ਦੀ ਟੱਕਰ 'ਚ ਮੈਡਮ ਰਜ਼ੀਆ ਸੁਲਤਾਨਾਂ ਮਾਤਰ 179 ਵੋਟਾਂ ਦੇ ਫਰਕ ਨਾਲ ਚੋਣ ਜਿੱਤ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਮੰਤਰੀ ਬਣੇ।ਉਸ ਸਮੇਂ ਇਹ ਪਹਿਲੀ ਚੋਣ ਸੀ ਜਿਸ 'ਚ ਖੁੱਲ੍ਹ ਕੇ ਉਮੀਦਵਾਰਾਂ ਵੱਲੋਂ ਕਥਿਤ ਹਿੰਦੂ-ਮੁਸਲਿਮ ਦਾ ਨਾਅਰਾ ਦਿੱਤਾ ਗਿਆ।ਉਨ੍ਹਾਂ ਨਾਅਰਿਆਂ ਦਾ ਸੇਕ ਅੱਜ ਤੱਕ ਵੀ ਛੋਟੀਆਂ-ਵੱਡੀਆਂ ਚੋਣਾਂ 'ਚ ਦੇਖਣ ਨੂੰ ਮਿਲ ਰਿਹਾ ਹੈ, ਜੋ ਕਿ ਸਾਡੇ ਸ਼ਹਿਰ ਲਈ ਨੁਕਸਾਨਦਾਇਕ ਹੈ।

ਉਸ ਤੋਂ ਬਾਅਦ 2007 ਦੀਆਂ ਚੋਣਾਂ 'ਚ ਭਾਵੇਂ ਮੈਡਮ ਰਜ਼ੀਆ ਸੁਲਤਾਨਾਂ ਨੇ ਦੂਜੀ ਵਾਰ ਅਕਾਲੀ ਦਲ ਦੇ ਉਮੀਦਵਾਰ ਚੌਧਰੀ ਅਬਦੁੱਲ ਗੱਫਾਰ ਨੂੰ ਹਰਾ ਕੇ ਜਿੱਤ ਹਾਸਲ ਕੀਤੀ ਪਰੰਤੂ ਸੂਬੇ ਅੰਦਰ ਬਾਬਾ ਬੋਹੜ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠ ਅਕਾਲੀ ਸਰਕਾਰ ਬਣ ਗਈ।ਰਜ਼ੀਆ ਸੁਲਤਾਨਾਂ ਦੇ ਦੂਜੀ ਵਾਰ ਚੋਣ ਜਿੱਤਣ ਪਿੱਛੇ ਉਨ੍ਹਾਂ ਦੀ ਕੋਈ ਵੱਡੀ ਪ੍ਰਾਪਤੀ ਨਹੀਂ ਸੀ ਸਗੋਂ ਉਨ੍ਹਾਂ ਦੇ ਉਚ ਪੁਲਿਸ ਅਧਿਕਾਰੀ ਪਤੀ ਮੁਹੰਮਦ ਮੁਸਤਫਾ ਦੀ ਪੁਲਿਸ ਵਾਲੀ ਪਾਵਰ ਦਾ ਦਬਾਅ ਮੰਨਿਆ ਜਾਂਦਾ ਸੀ।ਲੋਕਾਂ 'ਚੋਂ ਮੁਸਤਫਾ ਦਾ ਪੁਲਿਸ ਪਾਵਰ ਵਾਲਾ ਦਬਾਅ ਖਤਮ ਕਰਕੇ ਕਾਂਗਰਸੀ ਕਿਲੇ ਨੂੰ ਢਾਹੁਣ ਲਈ 2012 ਦੀਆਂ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਸੁਲਝੇ ਹੋਏ ਰਿਟਾਇਰਡ ਪੁਲਿਸ ਅਧਿਕਾਰੀ ਮੁਹੰਮਦ ਇਜ਼ਹਾਰ ਆਲਮ ਦੇ ਪਰਿਵਾਰ ਨੂੰ ਅੱਗੇ ਲਿਆਂਦਾ ਅਤੇ ਆਲਮ ਸਾਹਿਬ ਦੀ ਪਤਨੀ ਫਰਜ਼ਾਨਾਂ ਆਲਮ ਨੂੰ ਰਜ਼ੀਆ ਸੁਲਤਾਨਾਂ ਦੇ ਮੁਕਾਬਲੇ ਚੋਣ ਮੈਦਾਨ 'ਚ ਉਤਾਰਿਆ।

ਦੋਵੇਂ ਪੁਲਿਸ ਅਫਸਰਾਂ ਦੀਆਂ ਪਤਨੀਆਂ ਵਿਚਕਾਰ ਹੋਏ ਸਖਤ ਮੁਕਾਬਲੇ 'ਚ ਬੀਬੀ ਫਰਜ਼ਾਨਾਂ ਆਲਮ ਨੇ ਜਿੱਤ ਹਾਸਲ ਕੀਤੀ ਅਤੇ ਹਲਕੇ ਅੰਦਰ ਸਰਵਪੱਖੀ ਵਿਕਾਸ ਕਰਵਾਇਆ।ਉਸ ਸਮੇਂ ਕਾਂਗਰਸੀ ਮਾਲੇਰਕੋਟਲਾ ਹਾਉਸ ਨੇ ਭਾਵੇਂ ਆਲਮ ਪਰਿਵਾਰ ਨੂੰ ਸਖਤ ਟੱਕਰ ਦਿੱਤੀ ਸੀ ਪਰੰਤੂ ਜਿੱਤ ਨਸੀਬ ਨਾ ਹੋਣ ਕਾਰਨ ਮਾਲੇਰਕੋਟਲਾ ਹਾਉਸ ਪਰਿਵਾਰ ਨੂੰ ਕਥਿਤ ਇੰਨਾ ਸਦਮਾ ਲੱਗਾ ਸੀ ਕਿ ਮਾਲੇਰਕੋਟਲਾ ਹਾਉਸ ਪਰਿਵਾਰ ਦੇ ਮੈਂਬਰ ਇੱਕਤਰ ਹੋਏ ਲੋਕਾਂ ਦਾ ਧੰਨਵਾਦ ਕਰਦਿਆਂ ਇੰਨਾਂ ਭਾਵੁਕ ਹੋ ਗਏ ਸਨ ਕਿ ਉਨ੍ਹਾਂ ਨੇ ਆਪਣੀ ਹਾਰ ਦਾ ਗੁੱਸਾ ਵੀ ਕਥਿਤ ਸ਼ਰੇਆਮ ਲੋਕਾਂ 'ਤੇ ਦੋਸ਼ ਲਗਾ ਕੇ ਕੱਢ ਦਿੱਤਾ ਸੀ।ਜਿਸਦੀਆਂ ਆਡੀਓ ਅੱਜ ਕੱਲ ਵੀ ਸੋਸ਼ਲ ਪਲੇਟਫਾਰਮ 'ਤੇ ਦੇਖੀਆ-ਸੁਣੀਆਂ ਜਾ ਸਕਦੀਆਂ ਹਨ।

ਫਿਰ 2017 ਦੀਆਂ ਚੋਣਾਂ 'ਚ ਅਕਾਲੀ ਦਲ ਨੇ ਕਾਂਗਰਸੀ ਉਮੀਦਵਾਰ ਰਜ਼ੀਆ ਸੁਲਤਾਨਾਂ ਦੇ ਮੁਕਾਬਲੇ ਸ਼ਹਿਰ ਦੇ ਨਾਮਵਰ ਉਦਯੋਗਪਤੀ ਹਾਜੀ ਮੁਹੰਮਦ ਓਬੈਸ ਨੂੰ ਮੈਦਾਨ 'ਚ ਉਤਾਰਿਆ।ਦੋਵਾਂ ਉਮੀਦਵਾਰਾਂ ਵਿਚਕਾਰ ਹੋਈ ਸਿੱਧੀ ਟੱਕਰ 'ਚ ਮੈਡਮ ਰਜ਼ੀਆ ਸੁਲਤਾਨਾਂ ਇੱਕ ਵਾਰ ਫਿਰ ਚੋਣ ਜਿੱਤਣ 'ਚ ਸਫਲ ਰਹੇ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ 'ਚ ਦੂਜੀ ਵਾਰ ਕਈ ਵਿਭਾਗਾਂ ਦੇ ਕੈਬਨਿਟ ਮੰਤਰੀ ਰਹੇ।ਇਸ ਤੋਂ ਬਾਅਦ ਕਰੀਬ ਚਾਰ ਸਾਲ ਪਹਿਲਾਂ 2022 ਦੀਆਂ ਚੋਣਾਂ 'ਚ ਆਮ ਆਦਮੀ ਪਾਰਟੀ ਦੀ ਝੁਲੀ ਹਨ੍ਹੇਰੀ ਦੌਰਾਨ ਜਦੋਂ ਅਕਾਲੀ ਦਲ ਤੇ ਕਾਂਗਰਸ ਦੇ ਮੁੱਖ ਮੰਤਰੀ ਅਹੁੱਦੇ ਦੇ ਦਾਅਵੇਦਾਰਾਂ ਵਰਗੇ ਵੱਡੇ-ਵੱਡੇ ਥੰਮ ਵੀ ਡਿੱਗ ਗਏ ਸਨ ਉਸ ਸਮੇਂ ਮੈਡਮ ਰਜ਼ੀਆ ਸੁਲਤਾਨਾਂ ਮੌਜੂਦਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਤੋਂ 21 ਹਜ਼ਾਰ 686 ਵੋਟਾਂ ਦੇ ਵੱਡੇ ਫਰਕ ਨਾਲ ਚੋਣ ਹਾਰ ਗਏ ਸਨ।ਹੁਣ ਅਗਾਮੀ 2027 ਦੀਆਂ ਚੋਣਾਂ 'ਚ ਕਿਸਦੀ ਕਿਸਮਤ ਚਮਕੇਗੀ ਇਹ ਤਾਂ ਹਾਲੇ ਭਵਿੱਖ ਦੇ ਗਰਭ 'ਚ ਹੈ।













ਅਰਵਿੰਦ ਕੇਜਰੀਵਾਲ
ਸਾਬਕਾ ਮੁੱਖ ਮੰਤਰੀ, ਦਿੱਲੀ


ਸ. ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ


ਅਮਨ ਅਰੋੜਾ
ਪ੍ਰਧਾਨ ਆਮ ਆਦਮੀ ਪਾਰਟੀ, ਪੰਜਾਬ


ਹਰਪਾਲ ਸਿੰਘ ਚੀਮਾ
ਵਿੱਤ ਮੰਤਰੀ, ਪੰਜਾਬ


ਗੁਰਮੀਤ ਸਿੰਘ ਮੀਤ ਹੇਅਰ
ਮੈਂਬਰ ਪਾਰਲੀਮੈਂਟ ਸੰਗਰੂਰ


ਮੁਹੰਮਦ ਓਵੈਸ
ਚੇਅਰਮੈਨ ਪੰਜਾਬ ਵਕਫ ਬੋਰਡ


ਸਰਦਾਰ ਮੁਹੰਮਦ ਦਾਰਾ
ਸਾਬਕਾ ਪ੍ਰਧਾਨ ਨਗਰ ਕੌਂਸਲ


ਮੁਹੰਮਦ ਆਰਿਫ ਦਾਰਾ
ਸਾਬਕਾ ਕੌਂਸਲਰ

ਪੰਜਾਬੀ ਰੰਗ ਅਖਬਾਰ ਦੇ ਦਲੇਰ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ
ਈਦ-ਉਲ-ਅਜ਼ਹਾ ਦੇ ਪਵਿੱਤਰ ਤਿਉਹਾਰ ਮੌਕੇ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ 'ਤੇ
ਅਸੀਂ ਆਪਣੇ ਸਮੁੱਚੇ ਇਲਾਕਾ ਵਾਸੀਆਂ ਖਾਸਕਰ ਮੁਸਲਿਮ ਭਾਈਚਾਰੇ ਨੂੰ
ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੰਦੇ ਹਾਂ ਅਤੇ ਰੱਬ ਅੱਗੇ ਦੁਆ ਕਰਦੇ ਹਾਂ
ਕਿ ਪੰਜਾਬੀ ਰੰਗ ਅਖਬਾਰ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇ


ਆਜ਼ਮ ਦਾਰਾ
ਚੇਅਰਮੈਨ

ਵੱਲੋਂ : ਆਜ਼ਮ ਦਾਰਾ, ਚੇਅਰਮੈਨ ਜ਼ਿਲ੍ਹਾ ਟ੍ਰੇਡਰ ਕਮਿਸ਼ਨ ਮਾਲੇਰਕੋਟਲਾ

# ਪੰਜਾਬ ਭਰ 'ਚ ਵਾਪਰਦੀਆਂ ਦਿਲ ਦਹਿਲਾਉਣ ਵਾਲੀਆਂ ਵਾਰਦਾਤਾਂ ਨੇ ਉਡਾਈ ਬੱਚੀਆਂ ਦੇ ਮਾਪਿਆਂ ਦੀ ਨੀਂਦ

## ਜਬਰ-ਜ਼ਨਾਹ ਦੇ 89 ਫੀਸਦੀ ਮਾਮਲਿਆਂ 'ਚ ਜਾਣ-ਪਛਾਣ ਵਾਲੇ ਹੀ ਬਣ ਗਏ ਦਰਿੰਦੇ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਕਰੀਬ 6 ਮਹੀਨੇ ਪਹਿਲਾਂ ਜਲੰਧਰ 'ਚ 13 ਸਾਲਾਂ ਦੀ ਬੱਚੀ ਨਾਲ ਉਸਦੇ ਗੁਆਂਢੀ ਵੱਲੋਂ ਕਥਿਤ ਜ਼ਬਰ-ਜਨਾਹ ਕਰਕੇ ਬੇਰਹਿਮੀ ਨਾਲ ਕਤਲ ਕਰਨ ਦੇ ਘਿਨਾਉਣੇ ਜ਼ੁਰਮ ਨੇ ਨਾ ਸਿਰਫ ਆਮ ਲੋਕਾਂ ਦੇ ਮਨਾਂ ਨੂੰ ਝਿੰਜੋੜ ਕੇ ਰੱਖ ਦਿੱਤਾ ਸੀ, ਸਗੋਂ ਪੰਜਾਬ ਭਰ ਦੇ ਲੋਕਾਂ 'ਚ ਭਾਰੀ ਰੋਸ ਅਤੇ ਡਰ ਦੀ ਭਾਵਨਾਂ ਵੀ ਪੈਦਾ ਹੋ ਗਈ ਹੈ।

ਅਜਿਹੀਆਂ ਘਟਨਾਵਾਂ ਕਾਰਨ ਖਾਸ ਕਰਕੇ ਛੋਟੀਆਂ ਬੱਚੀਆਂ ਤੇ ਧੀਆਂ ਦੇ ਮਾਪਿਆਂ ਅੰਦਰ ਡਰ ਹੋਰ ਵੀ ਵਧ ਗਿਆ ਹੈ ਅਤੇ ਕਈ ਲੋਕ ਆਪਣੇ ਘਰਾਂ ਦੇ ਨੇੜੇ ਰਹਿੰਦੇ ਪ੍ਰਵਾਸੀਆਂ ਅਤੇ ਹੋਰ ਗੁਆਂਢੀਆਂ ਕੋਲੋਂ ਹੀ ਅੰਦਰ ਖਾਤੇ ਡਰ ਮਹਿਸੂਸ ਕਰ ਰਹੇ ਹਨ।

ਲੋਕਾਂ ਦਾ ਕਹਿਣਾ ਹੈ ਕਿ ਜਿਥੇ ਅਜਿਹੇ ਮਾਮਲੇ ਆਮ ਬੰਦਿਆਂ ਦੇ ਅੰਦਰ ਡਰ ਪੈਦਾ ਕਰਦੇ ਹਨ, ਉਥੇ ਹੀ ਬੱਚੀਆਂ ਦੇ ਮਾਪਿਆਂ ਦੀ ਚਿੰਤਾ ਪਹਿਲਾਂ ਨਾਲੋਂ ਕਈ ਗੁਣਾ ਵਧ ਗਈ ਹੈ।ਇਸ ਤੋਂ ਪਹਿਲਾਂ ਵੀ ਕਈ ਸਥਾਨਾਂ 'ਤੇ ਛੋਟੇ ਬੱਚਿਆਂ ਤੇ ਨਾਬਾਲਿਗ ਲੜਕੀਆਂ ਨਾਲ ਅਜਿਹੀਆਂ ਘਟਨਾਵਾਂ ਵਾਪਰਣ ਕਾਰਨ ਲੋਕ ਪਹਿਲਾਂ ਹੀ ਸਹਿਮੇ ਹੋਏ ਸਨ ਪਰੰਤੂ ਜਲੰਧਰ ਤੇ ਹੋਰ ਥਾਵਾਂ 'ਤੇ ਅਜਿਹੇ ਵਾਕਿਆਂ ਨੇ ਡਰ ਨੂੰ ਇਕ ਵਾਰ ਫਿਰ ਜਗਾ ਦਿੱਤਾ ਹੈ।

**ਸੀ.ਸੀ.ਟੀ.ਵੀ. ਕੈਮਰਿਆਂ ਦੀ ਮੰਗ 'ਚ ਹੋਇਆ ਜ਼ਬਰਦਸਤ ਵਾਧਾ**

ਮਾਸੂਮ ਬੱਚੀਆਂ ਨਾਲ ਵਾਪਰ ਰਹੀਆਂ ਅਜਿਹੀਆਂ ਘਟਨਾਵਾਂ ਕਾਰਨ ਲੋਕਾਂ ਨੇ ਸੁਰੱਖਿਆ ਪ੍ਰਤੀ ਹੋਰ ਜ਼ਿਆਦਾ ਸਜੱਗਤਾ ਦਿਖਾਉਣੀ ਸ਼ੁਰੂ ਕਰ ਦਿੱਤੀ ਹੈ।ਬਹੁਤ ਸਾਰੇ ਘਰਾਂ-ਗਲੀਆਂ ਅਤੇ ਬਜ਼ਾਰਾਂ 'ਚ ਲੋਕ ਹੁਣ ਸੀ.ਸੀ.ਟੀ.ਵੀ. ਕੈਮਰੇ ਲਗਵਾ ਰਹੇ ਹਨ।ਦੁਕਾਨਦਾਰਾਂ ਅਨੁਸਾਰ ਪਿਛਲੇ ਕੁਝ ਮਹੀਨਿਆਂ ਤੋਂ ਸੀ.ਸੀ.ਟੀ.ਵੀ. ਕੈਮਰਿਆਂ ਦੀ ਮੰਗ 'ਚ ਪਹਿਲਾਂ ਨਾਲੋਂ ਵਾਧਾ ਹੋਇਆ ਹੈ।ਕਈ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਨਿਗਰਾਨੀ ਵਧੇਗੀ ਤਾਂ ਇਨ੍ਹਾਂ ਘਟਨਾਵਾਂ ਨੂੰ ਰੋਕਣ 'ਚ ਮਦਦ ਮਿਲ ਸਕਦੀ ਹੈ, ਜੋ ਕਿ ਅੱਜ ਦੇ ਸਮੇਂ 'ਚ ਤੁਰੰਤ ਜ਼ਰੂਰੀ ਲੋੜ ਹੈ।

**ਮਾਪਿਆਂ 'ਚ ਸਹਿਮ, ਬੱਚੀਆਂ ਨੂੰ ਬਾਹਰ ਭੇਜਣ ਤੋਂ ਡਰਨ ਲੱਗੇ**

ਅਜਿਹੀਆਂ ਘਟਨਾਵਾਂ ਨੇ ਮਾਪਿਆਂ 'ਚ ਇਨ੍ਹਾਂ ਡਰ ਪੈਦਾ ਕਰ ਦਿੱਤਾ ਹੈ ਕਿ ਹੁਣ ਮਾਪੇ ਆਪਣੇ ਬੱਚਿਆਂ ਨੂੰ ਘਰਾਂ ਤੋਂ ਬਾਹਰ ਖੇਡਣ ਲਈ ਭੇਜਣ ਤੋਂ ਵੀ ਡਰ ਮਹਿਸੂਸ ਕਰਨ ਲੱਗ ਪਏ ਹਨ, ਜਿੰਨ੍ਹਾਂ ਮਾਪਿਆਂ ਨੇ ਆਪਣੀਆਂ ਬੱਚੀਆਂ ਨੂੰ ਪੜ੍ਹਾਈ, ਕੰਮਕਾਜ ਜਾਂ ਹੋਰ



ਗਤੀਵਿਧੀਆਂ ਲਈ ਬਾਹਰ ਭੇਜਿਆ ਹੈ ਉਨ੍ਹਾਂ 'ਚ ਡਰ ਅਤੇ ਬੇਚੈਨੀ ਹੋਰ ਵਧ ਗਈ ਹੈ।

ਜਬਰ-ਜ਼ਨਾਹ ਦੇ ਲਗਾਤਾਰ ਵਧ ਰਹੇ ਅੰਕੜਿਆਂ ਨੇ ਲੋਕਾਂ ਦੇ ਮਨ 'ਚ ਇਹ ਸਵਾਲ ਪੈਦਾ ਕਰ ਦਿੱਤਾ ਹੈ ਕਿ ਕੀ ਉਨ੍ਹਾਂ ਦੀਆਂ ਬੱਚੀਆਂ ਸੁਰੱਖਿਅਤ ਹਨ ? ਲੋਕ ਕਹਿੰਦੇ ਹਨ ਕਿ ਭਾਵੇਂ ਸਿੱਖਿਆ ਹੋਵੇ ਜਾਂ ਨੌਕਰੀ ਹਰ ਥਾਂ ਇਕ ਬੇਚੈਨੀ ਹੈ।ਕਈ ਮਾਪੇ ਬੱਚੀਆਂ ਨੂੰ ਸ਼ਾਮ ਤੋਂ ਬਾਅਦ ਬਾਹਰ ਨਾ ਜਾਣ ਦੀ ਸਖਤ ਹਦਾਇਤ ਦੇ ਰਹੇ ਹਨ।

ਇਹ ਡਰ ਸਿਰਫ ਪਰਿਵਾਰਕ ਪੱਧਰ ਤੱਕ ਹੀ ਨਹੀਂ, ਸਗੋਂ ਸਮਾਜਿਕ ਪੱਧਰ 'ਤੇ ਵੀ ਨਜ਼ਰ ਆ ਰਿਹਾ ਹੈ।

**ਕਾਨੂੰਨੀ ਸਖਤੀ ਅਤੇ ਨੈਤਿਕ ਸਿੱਖਿਆ ਦੀ ਲੋੜ**

ਇਹ ਸਾਰੇ ਅੰਕੜੇ, ਘਟਨਾਵਾਂ ਅਤੇ ਲੋਕਾਂ ਦਾ ਸਹਿਮ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ ਕਿ ਭਾਵੇਂ ਸਰਕਾਰ ਨੇ ਮਹਿਲਾਵਾਂ ਦੀ ਸੁਰੱਖਿਆ ਲਈ ਕਈ ਕਾਨੂੰਨੀ ਸੁਧਾਰ ਕੀਤੇ ਹਨ, ਪਰ ਅਸਲ 'ਚ ਹਾਲੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ।ਸਮਾਜ ਸ਼ਾਸਤਰੀਆਂ ਅਤੇ ਕਾਨੂੰਨ ਮਾਹਿਰਾਂ ਦਾ ਮੰਨਣਾ ਹੈ ਕਿ ਮਾਮਲਿਆਂ ਦੀ ਤੁਰੰਤ ਜਾਂਚ ਕੀਤੀ ਜਾਵੇ ਅਤੇ ਕਾਨੂੰਨੀ ਕਾਰਵਾਈ ਦੀ ਗਤੀ ਤੇਜ਼ ਕਰਕੇ ਦੋਸ਼ੀਆਂ ਨੂੰ ਸਖਤ ਅਤੇ ਅਜਿਹੀਆਂ ਮਿਸਾਲੀ ਸਜ਼ਾਵਾਂ ਦਿੱਤੀਆਂ ਜਾਣ, ਜਿਸ ਨਾਲ ਮੁੜ ਕੋਈ ਵੀ ਅਪਰਾਧੀ ਅਜਿਹੀ ਘਿਨਾਉਣੀ ਕਾਰਵਾਈ ਕਰਨ ਤੋਂ ਪਹਿਲਾਂ ਸੌ ਵਾਰ ਸੋਚੇ।

ਇਸ ਦੇ ਨਾਲ ਹੀ ਬੱਚਿਆਂ, ਜਵਾਨਾਂ ਅਤੇ ਹੋਰ ਲੋਕਾਂ ਨੂੰ ਨੈਤਿਕਤਾ ਦਾ ਪਾਠ ਪੜ੍ਹਾਉਣ ਦੀ ਵੀ ਸਖਤ ਲੋੜ ਹੈ ਅਤੇ ਖਾਸ ਤੌਰ 'ਤੇ ਜਿਹੜੇ ਲੋਕ ਅਜਿਹੀਆਂ ਵਾਰਦਾਤਾਂ ਨੂੰ ਅੰਜ਼ਾਮ ਦਿੰਦੇ ਹਨ।ਉਨ੍ਹਾਂ ਨੂੰ ਨਾ ਸਿਰਫ ਕਾਨੂੰਨ ਦੇ ਸਿਕੰਜ਼ੇ 'ਚ ਲਿਆ ਕੇ ਸਖਤ ਸਜ਼ਾ ਦੇਣੀ ਚਾਹੀਦੀ ਹੈ, ਸਗੋਂ ਅਜਿਹੇ ਲੋਕਾਂ ਦਾ ਪੱਕੇ ਤੌਰ 'ਤੇ ਸਮਾਜਿਕ ਬਾਈਕਾਟ ਵੀ ਕਰਨਾ ਚਾਹੀਦਾ ਹੈ।

**ਦੇਸ਼ 'ਚ ਹਰ ਦਿਨ ਸਾਹਮਣੇ ਆਉਂਦੇ ਹਨ ਜਬਰ-ਜ਼ਨਾਹ ਦੇ 86 ਮਾਮਲੇ**

ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ ਦੀ 2021 ਵਾਲੀ ਰਿਪੋਰਟ ਮੁਤਾਬਕ ਮਹਿਲਾਵਾਂ ਨਾਲ ਜਬਰ-ਜ਼ਨਾਹ ਦੇ ਮਾਮਲਿਆਂ ਸਬੰਧੀ ਭਾਰਤ ਚੌਥਾ ਸਭ ਤੋਂ ਵੱਧ ਕੇਸ ਦਰਜ ਕਰਨ ਵਾਲਾ ਦੇਸ਼ ਹੈ।ਸਾਲ 2021 'ਚ ਕੁੱਲ 31,677 ਜਬਰ-ਜ਼ਨਾਹ ਦੇ ਮਾਮਲੇ ਦਰਜ ਕੀਤੇ ਗਏ ਸਨ, ਜਿਸ ਦਾ ਮਤਲਬ ਹੈ ਕਿ ਹਰ ਰੋਜ਼ ਔਸਤ 86 ਮਾਮਲੇ ਦਰਜ ਹੋਏ।ਇਹ ਅੰਕੜੇ 2020 ਨਾਲੋਂ ਵੱਧ ਹਨ, ਕਿਉਂਕਿ ਉਸ ਸਾਲ 28,046 ਮਾਮਲੇ ਦਰਜ ਹੋਏ ਸਨ, ਜਦਕਿ 2019 'ਚ ਇਹ ਗਿਣਤੀ 32,033 ਸੀ।

ਰਿਪੋਰਟ ਦਾ ਸਭ ਤੋਂ ਚਿੰਤਾਜਨਕ ਪੱਖ ਇਹ ਹੈ ਕਿ 31,677 ਮਾਮਲਿਆਂ 'ਚੋਂ 28,147 (ਲਗਭਗ 89 ਫੀਸਦੀ) ਮਾਮਲਿਆਂ 'ਚ ਦੋਸ਼ੀ ਪੀੜਤਾ ਦੇ ਜਾਣਕਾਰ ਸਨ, ਜਿਵੇਂ ਕਿ ਰਿਸ਼ਤੇਦਾਰ, ਗੁਆਂਢੀ ਜਾਂ ਜਾਣ-ਪਛਾਣ ਵਾਲੇ ਸਖਸ਼ ਸਨ।ਇਸ ਤੋਂ ਇਲਾਵਾ ਪੀੜਤਾਂ 'ਚੋਂ 10 ਫੀਸਦੀ ਨਾਬਾਲਿਗ ਬੱਚੀਆਂ ਸਨ, ਜਿਹੜੀਆਂ 18 ਸਾਲ ਤੋਂ ਘੱਟ ਉਮਰ ਦੀਆਂ ਸਨ।ਦਿੱਲੀ ਪੁਲਸ ਦੇ 2019-2020 ਦੇ ਡਾਟਾ ਮੁਤਾਬਕ ਵੀ 44 ਫੀਸਦੀ ਪੀੜਤਾਂ ਨੇ ਦੋਸ਼ੀਆਂ ਨੂੰ ਰਿਸ਼ਤੇਦਾਰ ਜਾਂ ਪਰਿਵਾਰਕ ਮੈਂਬਰ ਵੱਜੋਂ ਪਹਿਚਾਣਿਆ ਸੀ।

ਇਨ੍ਹਾਂ ਅੰਕੜਿਆਂ ਕਾਰਨ ਹੀ ਲੋਕਾਂ ਦੇ ਮਨਾਂ 'ਚ ਡਰ ਵਧ ਰਿਹਾ ਹੈ ਕਿ ਉਨ੍ਹਾਂ ਦੇ ਆਪਣੇ ਜਾਣ-ਪਛਾਣ ਵਾਲੇ ਹੀ ਧੀਆਂ ਲਈ ਦਰਿੰਦੇ ਬਣ ਕੇ ਸਾਹਮਣੇ ਆਉਂਦੇ ਹਨ।ਜਿਸ ਕਾਰਨ ਹੁਣ ਧੀਆਂ ਦੇ ਮਾਪਿਆਂ ਲਈ ਕਿਸੇ 'ਤੇ ਵੀ ਵਿਸ਼ਵਾਸ਼ ਕਰਨਾ ਆਸਾਨ ਕੰਮ ਨਹੀਂ ਰਿਹਾ।ਅੰਕੜਿਆਂ ਮੁਤਾਬਕ ਰਾਜਸਥਾਨ 'ਚ 2021 ਦੌਰਾਨ ਸਭ ਤੋਂ ਵੱਧ ਜਬਰ-ਜ਼ਨਾਹ ਦੇ ਮਾਮਲੇ ਦਰਜ ਹੋਏ ਸਨ।ਇਸ ਤੋਂ ਬਾਅਦ ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਦਾ ਨਾਂ ਆਉਂਦਾ ਹੈ।ਮਹਾਂਨਗਰੀ ਸ਼ਹਿਰਾਂ 'ਚ ਦਿੱਲੀ 2021 'ਚ 1,226 ਮਾਮਲਿਆਂ ਨਾਲ ਸਭ ਤੋਂ ਅੱਗੇ ਰਹੀ।

# ਵਿਦੇਸ਼ਾਂ ਵੱਲ ਨੌਜਵਾਨਾਂ ਦੇ ਰੁਝਾਨ ਕਾਰਨ ਨਹੀਂ ਵਧ ਰਹੇ ਵਾਹੀਯੋਗ ਜ਼ਮੀਨਾਂ ਦੇ ਰੇਟ, ਸ਼ਹਿਰੀ ਪ੍ਰਾਪਰਟੀ ਦੇ ਮੁਕਾਬਲੇ ਨਹੀਂ ਆ ਰਿਹਾ ਉਭਾਰ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪਿਛਲੇ ਕੁਝ ਸਾਲਾਂ ਤੋਂ ਹਜ਼ਾਰਾਂ ਨੌਜਵਾਨਾਂ ਦੇ ਵਿਦੇਸ਼ਾਂ 'ਚ ਜਾਣ ਦੇ ਰੁਝਾਨ ਕਾਰਨ ਜਿਥੇ ਪ੍ਰਾਈਵੇਟ ਸਿੱਖਿਆ ਅਦਾਰਿਆਂ 'ਚ ਵਿਦਿਆਰਥੀਆਂ ਦਾ ਦਾਖਲਾ ਘੱਟ ਹੋਣ ਦੇ ਚੱਲਦਿਆਂ ਇਹ ਅਦਾਰੇ ਮੰਦਹਾਲੀ ਨਾਲ ਜੂਝ ਰਹੇ ਹਨ, ਉਸਦੇ ਨਾਲ ਹੀ ਪੇਂਡੂ ਇਲਾਕੇ 'ਚ ਵਾਹੀਯੋਗ ਜ਼ਮੀਨਾਂ ਦੇ ਰੇਟ ਵੀ ਇੱਕ ਜਗ੍ਹਾ 'ਤੇ ਅਟਕ ਕੇ ਹੀ ਰਹਿ ਗਏ ਹਨ।



ਕੁਝ ਸਾਲ ਪਹਿਲਾਂ ਤੱਕ ਪ੍ਰਾਪਰਟੀ ਦਾ ਕੰਮ ਕਰਨ ਵਾਲੇ ਡੀਲਰ ਪਿੰਡਾਂ 'ਚ ਵੱਡੀ ਪੱਧਰ 'ਤੇ ਜ਼ਮੀਨਾਂ ਦੀ ਖਰੀਦੋ-ਫਰੋਖਤ ਕਰਦੇ ਰਹੇ ਸਨ ਅਤੇ ਮੋਟਾ ਮੁਨਾਫਾ ਵੀ ਕਮਾਉਂਦੇ ਸਨ, ਪਰ ਹੁਣ ਕਈ ਪਿੰਡਾਂ 'ਚ ਜ਼ਮੀਨਾਂ ਨੂੰ ਪਹਿਲਾਂ ਦੇ ਮੁਕਾਬਲੇ ਅੱਧੇ ਰੇਟਾਂ 'ਤੇ ਵੀ ਕੋਈ ਖ੍ਰੀਦਣ ਲਈ



ਵਪਾਰੀ ਤਿਆਰ ਨਹੀਂ ਹੈ।ਪਰ ਦੂਜੇ ਪਾਸੇ ਕਰੀਬ 15 ਸਾਲ ਪਹਿਲਾਂ ਪੇਂਡੂ ਜ਼ਮੀਨਾਂ ਦੇ ਰੇਟਾਂ 'ਚ ਏਨਾ ਉਛਾਲ ਆਇਆ ਸੀ ਕਿ ਆਮ ਜ਼ਮੀਨਾਂ ਦੇ ਰੇਟ 10-15 ਲੱਖ ਰੁਪਏ ਪ੍ਰਤੀ ਏਕੜ ਨੂੰ ਵੀ ਪਾਰ ਕਰ ਗਏ ਸਨ।

ਇਥੋਂ ਤੱਕ ਕਿ ਉਸ ਸਮੇਂ ਬਹੁਤ ਸਾਰੀਆਂ ਜ਼ਮੀਨਾਂ ਨੂੰ ਕਿਸਾਨ ਸਿਰਫ ਇਸ ਕਰਕੇ ਵੇਚਣ ਲਈ ਤਿਆਰ ਹੋ ਜਾਂਦੇ ਸਨ ਕਿ ਉਨ੍ਹਾਂ ਨੂੰ ਜ਼ਮੀਨ ਦਾ ਰੇਟ ਕਈ ਗੁਣਾ ਜ਼ਿਆਦਾ ਮਿਲ ਜਾਂਦਾ ਸੀ।ਹੋਰ 'ਤੇ ਹੋਰ ਸ਼ਹਿਰੀ ਖੇਤਰਾਂ ਦੇ ਲਾਗੇ ਵਾਹੀਯੋਗ ਜ਼ਮੀਨਾਂ ਨੂੰ ਪਲਾਟਾਂ ਦੇ ਰੂਪ 'ਚ ਤਬਦੀਲ ਕਰਨ ਦਾ ਰੁਝਾਨ ਵੀ ਏਨੇ ਵੱਡੇ ਪੱਧਰ 'ਤੇ ਸ਼ੁਰੂ ਹੋਇਆ ਸੀ ਕਿ ਜਿਹੜੇ ਲੋਕਾਂ ਨੂੰ ਹੋਰ ਕਾਰੋਬਾਰ ਨਹੀਂ ਲੱਭਦੇ ਸਨ, ਉਨ੍ਹਾਂ ਨੇ ਵੀ ਇਸ ਕਾਰੋਬਾਰ 'ਚ ਕਿਸਮਤ ਅਜ਼ਮਾਉਣ ਲਈ ਜ਼ਮੀਨਾਂ ਦੀ ਖਰੀਦੋ-ਫਰੋਖਤ ਦਾ ਕੰਮ ਸ਼ੁਰੂ ਕੀਤਾ ਸੀ।

ਇਸ ਕਾਰਨ ਅਨੇਕਾਂ ਜ਼ਮੀਨਾਂ ਰਜਿਸਟਰੀ ਤੋਂ ਪਹਿਲਾਂ ਬਿਆਨੇ ਦੇ ਅਧਾਰ 'ਤੇ ਹੀ ਕਈ-ਕਈ ਵਾਰ ਵਿਕ ਜਾਂਦੀਆਂ ਸਨ ਅਤੇ ਇਨਾਂ ਨਾਲ ਸਬੰਧਤ ਵਪਾਰੀ ਮੋਟੀ ਕਮਾਈ ਕਰ ਲੈਂਦੇ ਹਨ।ਪੰਜਾਬ 'ਚ ਨੌਜਵਾਨਾਂ ਨੂੰ ਰੁਜ਼ਗਾਰ ਦੀ ਕਮੀ ਅਤੇ ਹੋਰ ਕਈ ਕਾਰਨਾਂ ਸਦਕਾ ਹੁਣ ਜਦੋਂ ਬਾਰਵੀਂ ਜਮਾਤ ਪਾਸ ਕਰਕੇ ਬਹੁ ਗਿਣਤੀ ਨੌਜਵਾਨ ਮੁੰਡੇ ਕੁੜੀਆਂ ਇਥੇ ਪੜ੍ਹਾਈ ਕਰਨ ਦੀ ਬਜਾਏ ਵਿਦੇਸ਼ਾਂ 'ਚ ਜਾਣ ਨੂੰ ਤਰਜੀਹ ਦੇਣ ਲੱਗ ਪਏ ਹਨ ਤਾਂ ਜ਼ਮੀਨਾਂ ਨੂੰ ਲੈ ਕੇ ਪ੍ਰਵਾਸੀ ਪੰਜਾਬੀਆਂ ਦਾ ਰੁਝਾਨ ਵੀ ਬਦਲ ਚੁੱਕਾ ਹੈ।

ਕੁਝ ਸਾਲ ਪਹਿਲਾਂ ਤਾਂ ਪੰਜਾਬ ਦੇ ਨੌਜਵਾਨ ਜਦੋਂ ਵਿਦੇਸ਼ਾਂ 'ਚ ਜਾ ਕੇ ਚੰਗੀਆਂ ਨੌਕਰੀਆਂ ਜਾਂ ਕਾਰੋਬਾਰ ਕਰਨ ਲੱਗ ਜਾਂਦੇ ਸਨ ਤਾਂ ਉਹ ਵਿਦੇਸ਼ਾਂ 'ਚ ਕਮਾਏ ਪੈਸੇ ਨੂੰ ਪੰਜਾਬ 'ਚ ਭੇਜ ਕੇ ਪਿੰਡਾਂ ਅੰਦਰ ਜ਼ਮੀਨਾਂ ਖ੍ਰੀਦਣ ਨੂੰ ਸ਼ਾਨ ਸਮਝਦੇ ਸਨ।ਅਜਿਹੇ ਕਈ ਪ੍ਰਵਾਸੀਆਂ ਦੇ ਫਾਰਮ ਹਾਉਸ ਅਤੇ ਪਿੰਡਾਂ 'ਚ ਬਹੁ-ਮੰਜ਼ਿਲੀ ਘਰ ਇਨ੍ਹਾਂ ਪ੍ਰਵਾਸੀਆਂ ਦੀ ਸ਼ਾਨ ਅਤੇ ਸਫਲਤਾ ਦੀ ਕਹਾਣੀ ਬਿਆਨ ਕਰਦੇ ਸਨ।ਜਦਕਿ ਹੁਣ ਸਥਿਤੀ ਇਸ ਦੇ ਉਲਟ ਹੋ ਚੁੱਕੀ ਹੈ ਕਿਉਂਕਿ ਜ਼ਿਆਦਾਤਰ ਨੌਜਵਾਨ ਇਸ ਕੋਸ਼ਿਸ਼ 'ਚ ਹਨ ਕਿ ਉਹ ਆਪਣੀਆਂ ਜ਼ਮੀਨਾਂ ਵੇਚ ਵੱਟ ਕੇ ਵਿਦੇਸ਼ਾਂ 'ਚ ਜਾ ਕੇ ਕਾਰੋਬਾਰ ਕਰਨ।ਜਿਸ ਕਾਰਨ ਪਹਿਲਾਂ ਤਾਂ ਵਿਦੇਸ਼ਾਂ ਦੇ ਅਰਬਾਂ ਰੁਪਏ ਪੰਜਾਬ 'ਚ ਆਉਂਦੇ ਸਨ, ਪਰ ਹੁਣ ਪੰਜਾਬ ਦਾ ਅਰਬਾਂ ਰੁਪਇਆ ਵਿਦੇਸ਼ਾਂ 'ਚ ਜਾ ਰਿਹਾ ਹੈ।

**ਖੇਤੀਬਾੜੀ 'ਚ ਘਾਟੇ ਨੇ ਬਦਲਿਆ ਰੁਝਾਨ**: ਖੇਤੀਬਾੜੀ ਦਾ ਧੰਦਾ ਲਾਹੇਵੰਦ ਨਾ ਰਹਿਣ ਕਾਰਨ ਪਹਿਲਾਂ ਹੀ ਨੌਜਵਾਨ ਖੇਤੀ ਦੇ ਕੰਮ ਨੂੰ ਤਰਜੀਹ ਦੇਣੀ ਬੰਦ ਕਰ ਚੁੱਕੇ ਹਨ ਅਤੇ ਕੁਝ ਵਿਹਲੇ ਨੌਜਵਾਨ ਹੀ ਹੁਣ ਆਪਣੇ ਘਰ ਖੇਤੀਬਾੜੀ ਦੇ ਕੰਮ ਕਾਜ 'ਚ ਦਿਲਚਸਪੀ ਦਿਖਾਉਂਦੇ ਹਨ।ਦਿਨੋ-ਦਿਨ ਵਧ ਰਹੇ ਖੇਤੀ ਖਰਚੇ ਅਤੇ ਕਿਸਾਨਾਂ ਦੀਆਂ ਵਧ ਰਹੀਆਂ ਮੁਸ਼ਕਿਲਾਂ ਕਾਰਨ ਲੋਕਾਂ ਦਾ ਖੇਤੀਬਾੜੀ ਤੋਂ ਮੋਹ ਭੰਗ ਹੋਣਾ ਸ਼ੁਰੂ ਹੋ ਰਿਹਾ ਹੈ।ਜਿਸ ਕਾਰਨ ਖੇਤੀ ਜ਼ਮੀਨਾਂ ਦੇ ਰੇਟ ਘੱਟ ਹੋਣੇ ਸੁਭਾਵਿਕ ਹਨ।ਇਥੋਂ ਤੱਕ ਕਿ ਪਿੰਡਾਂ 'ਚ ਜ਼ਮੀਨਾਂ ਨੂੰ ਠੇਕੇ 'ਤੇ ਲੈਣ ਦੇ ਚਾਹਵਾਨ ਕਿਸਾਨ ਵੀ ਹੁਣ ਘੱਟ ਤੋਂ ਘੱਟ ਰਾਸ਼ੀ ਦੇ ਕੇ ਜ਼ਮੀਨ ਠੇਕੇ 'ਤੇ ਲੈਣਾ ਚਾਹੁੰਦੇ ਹਨ, ਜਦੋਂਕਿ ਪਹਿਲਾਂ ਇਹੀ ਜ਼ਮੀਨਾਂ ਠੇਕੇ 'ਤੇ ਲੈਣ ਲਈ ਕਿਸਾਨ ਵੱਧ ਚੜ੍ਹ

# ਸੁਪਰੀਮ ਕੋਰਟ ਦੇ ਹੁਕਮਾਂ ਨੂੰ ਟਿੱਚ ਸਮਝਦੇ ਹਨ ਆਬਕਾਰੀ ਵਿਭਾਗ ਦੇ ਅਧਿਕਾਰੀ

## ਜ਼ਿਲਾ ਪ੍ਰਸ਼ਾਸਨ ਦੇ ਨੱਕ ਹੇਠ ਸਟੇਟ ਹਾਈਵੇ 'ਤੇ ਧੜੱਲੇ ਨਾਲ ਚੱਲ ਰਹੇ ਹਨ ਸ਼ਰਾਬ ਦੇ ਠੇਕੇ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਜ਼ਿਲਾ ਮਾਲੇਰਕੋਟਲਾ ਸਮੇਤ ਗੁਆਂਢੀ ਜ਼ਿਲਿਆਂ ਅੰਦਰ ਸ਼ਰਾਬ ਮਾਫੀਆ ਜ਼ਿਲਾ ਪ੍ਰਸ਼ਾਸਨ ਅਤੇ ਆਬਕਾਰੀ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਨੈਸ਼ਨਲ ਅਤੇ ਸਟੇਟ ਹਾਈਵੇ 'ਤੇ ਸ਼ਰਾਬ ਦੇ ਠੇਕੇ ਚਲਾ ਕੇ ਦੇਸ਼ ਦੀ ਸਰਵ ਉਚ ਅਦਾਲਤ ਮਾਨਯੋਗ ਸੁਪਰੀਮ ਕੋਰਟ ਦੇ ਹੁਕਮਾਂ ਦੀਆਂ ਧੱਜੀਆਂ ਉਡਾ ਰਿਹਾ ਹੈ।ਦੇਸ਼ ਅੰਦਰ ਸ਼ਰਾਬ ਕਾਰਨ ਹੁੰਦੇ ਰੋਜ਼ਾਨਾਂ ਸੜਕ ਹਾਦਸਿਆਂ ਨੂੰ ਰੋਕਣ ਲਈ ਮਾਨਯੋਗ ਸੁਪਰੀਮ ਕੋਰਟ ਦੇ ਬੈਂਚ ਵੱਲੋਂ ਦਸੰਬਰ 2016 'ਚ ਇਤਿਹਾਸਕ ਫੈਸਲਾ ਸੁਣਾਉਂਦਿਆਂ ਸਟੇਟ ਅਤੇ ਨੈਸ਼ਨਲ ਹਾਈਵੇ ਤੋਂ 500 ਮੀਟਰ ਦੂਰ ਤੱਕ ਸ਼ਰਾਬ ਦੇ ਠੇਕੇ ਬੰਦ ਕਰਨ ਦੇ ਅਦੇਸ਼ ਦਿੱਤੇ ਸਨ।ਇਥੋਂ ਤੱਕ ਕਿ ਆਪਣੇ ਸਖਤ ਫੈਸਲੇ 'ਚ ਮਾਨਯੋਗ ਅਦਾਲਤ ਨੇ ਕਿਹਾ ਸੀ ਕਿ ਨੈਸ਼ਨਲ ਹਾਈਵੇ ਅਤੇ ਸਟੇਟ ਹਾਈਵੇ ਤੋਂ ਨਾ ਤਾਂ ਸ਼ਰਾਬ ਦਾ ਠੇਕਾ ਅਤੇ ਨਾ ਹੀ ਸ਼ਰਾਬ ਦੇ ਠੇਕੇ ਦਾ ਬੋਰਡ ਨਜ਼ਰ ਆਉਣਾ ਚਾਹੀਦਾ ਹੈ, ਜਿਸ ਕਾਰਨ ਹਾਈਵੇ ਤੋਂ ਸ਼ਰਾਬ ਦੇ ਠੇਕੇ ਬੰਦ ਕਰਾਉਣ ਲਈ ਧਾਰਮਿਕ, ਸਮਾਜ ਸੇਵੀ ਅਤੇ ਪੰਜਾਬੀਅਤ ਨਾਲ ਪਿਆਰ ਕਰਨ ਵਾਲੇ ਚਿੰਤਾਨਸ਼ੀਲ ਨਾਗਰਿਕਾਂ ਅੰਦਰ ਖੁਸ਼ੀ ਦੀ ਲਹਿਰ ਦੌੜੀ ਸੀ। ਮਾਨਯੋਗ ਸੁਪਰੀਮ ਕੋਰਟ ਦੇ ਬੈਂਚ ਨੇ ਆਪਣੇ 32 ਸਫਿਆਂ ਦੇ ਆਰਡਰ 'ਚ ਇਹ ਵੀ ਕਿਹਾ ਕਿ ਸਟੇਟ ਅਤੇ ਨੈਸ਼ਨਲ ਹਾਈਵੇ 'ਤੇ ਨਾ ਤਾਂ ਸ਼ਰਾਬ ਦੇ ਠੇਕਿਆਂ ਦੇ ਬੋਰਡ ਲਗਾਏ ਜਾਣ ਅਤੇ ਨਾ ਹੀ ਸ਼ਰਾਬ ਦਾ ਠੇਕਾ ਸਟੇਟ ਅਤੇ ਨੈਸ਼ਨਲ ਹਾਈਵੇ ਤੋਂ ਨਜ਼ਰ ਆਉਣਾ ਚਾਹੀਦਾ ਹੈ ਪਰ ਇਹ ਖੁਸ਼ੀ ਜ਼ਿਆਦਾ ਦੇਰ ਤੱਕ ਨਹੀਂ ਰਹੀ ਕਿਉਂਕਿ ਆਬਕਾਰੀ ਵਿਭਾਗ ਦੇ ਅਧਿਕਾਰੀ ਆਪਣੇ ਆਪ ਨੂੰ ਮਾਨਯੋਗ ਸੁਪਰੀਮ ਕੋਰਟ ਤੋਂ ਉੱਪਰ ਸਮਝ ਰਹੇ ਹਨ ਅਤੇ ਇਨ੍ਹਾਂ ਹੁਕਮਾਂ ਦੀਆਂ ਚਿੱਟੇ ਦਿਨ ਧੱਜੀਆਂ ਉਡਾਈਆਂ ਜਾ ਰਹੀਆਂ ਹਨ।ਮਾਲੇਰਕੋਟਲਾ ਲੁਧਿਆਣਾ, ਮਾਲੇਰਕੋਟਲਾ ਤੋਂ ਨਾਭਾ-ਪਟਿਆਲਾ ਰੋਡਾਂ 'ਤੇ ਕਈ ਸ਼ਰਾਬ ਦੇ ਠੇਕੇ ਧੜੱਲੇ ਨਾਲ ਚੱਲ ਰਹੇ ਹਨ।ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਰਾਸ਼ਟਰੀ ਮਾਰਗ 'ਤੇ ਠੇਕੇ ਦੀਆਂ ਬ੍ਰਾਂਚਾ ਚਲਾਉਣ ਲਈ ਅਧਿਕਾਰੀਆਂ ਨੇ ਖੁਦ ਮਨਜ਼ੂਰੀ ਦੇ ਕੇ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ ਦੀਆਂ ਧੱਜੀਆਂ ਉਡਾਈਆਂ ਹਨ।

**ਸ਼ਰਾਬ ਦੇ ਠੇਕੇ ਸਬੰਧੀ ਕੀ ਕਹਿੰਦੇ ਹਨ ਮਾਨਯੋਗ ਅਦਾਲਤ ਦੇ ਹੁਕ**

ਮਮੁੱਖ ਮਾਰਗਾਂ 'ਤੇ ਸ਼ਰਾਬ ਦੇ ਠੇਕੇ ਨਾ ਖੋਲ੍ਹਣ ਜਾਂ ਖੁੱਲ੍ਹੇ ਹੋਏ ਠੇਕੇ ਬੰਦ ਕਰਨ ਦਾ ਹੁਕਮ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਨੇ ਵੀ ਦਿੱਤਾ ਸੀ ਪਰ ਸਰਕਾਰ ਅਤੇ ਖਾਸਕਰ ਸੂਬੇ ਦਾ ਆਬਕਾਰੀ ਵਿਭਾਗ ਇਸ 'ਤੇ ਟਾਲਮਟੋਲ ਕਰਦਾ ਆ ਰਿਹਾ ਸੀ ਕਿਉਂਕਿ ਸ਼ਰਾਬ ਦੇ ਠੇਕੇ ਸੂਬੇ ਦੀ ਆਰਥਿਕਤਾ 'ਚ ਵੱਡਾ ਹਿੱਸਾ ਪਾਉਂਦੇ ਹਨ।ਇਸ ਤੋਂ ਸ਼ਰਾਬ ਦੇ ਠੇਕੇਦਾਰ ਅਤੇ ਸ਼ਰਾਬ ਸਿੰਡੀਕੇਟ ਨੂੰ ਵੀ ਵੱਡਾ ਲਾਭ ਹੁੰਦਾ ਹੈ।ਆਪਣੀ ਤਾਕਤ ਅਤੇ ਪੈਸੇ ਦੇ ਬਲ 'ਤੇ ਸ਼ਰਾਬ ਦੇ ਠੇਕੇਦਾਰਾਂ ਦੀ ਲਾਬੀ ਅਦਾਲਤ ਦੇ ਇਸ ਆਦੇਸ਼ ਨੂੰ ਲਾਗੂ ਨਹੀਂ ਸੀ ਹੋਣ ਦਿੰਦੀ। ਇਸ ਤੋਂ ਬਾਅਦ ਮਾਨਯੋਗ ਸੁਪਰੀਮ ਕੋਰਟ ਦੇ ਚੀਫ ਜਸਟਿਸ ਤੀਰਥ ਸਿੰਘ ਠਾਕੁਰ, ਜਸਟਿਸ ਧਨੰਜੇ ਵਾਈ ਚੰਦਰਚੂੜ ਅਤੇ ਜਸਟਿਸ ਐਲ ਨਾਗੇਸ਼ਵਰ ਰਾਓ ਦੇ ਤਿੰਨ ਮੈਂਬਰੀ ਬੈਂਚ ਨੇ 15 ਦਸੰਬਰ 2016 ਨੂੰ ਸੁਣਾਏ ਇਤਿਹਾਸਕ ਫੈਸਲੇ 'ਚ ਤਾੜਨਾ ਕੀਤੀ ਸੀ ਕਿ ਸ਼ਰਾਬ ਦੀਆਂ ਦੁਕਾਨਾਂ ਨੂੰ ਕੌਮੀ ਅਤੇ ਸੂਬਾਈ ਹਾਈਵੇ ਤੋਂ 500 ਮੀਟਰ ਦੂਰ ਰੱਖਿਆ ਜਾਵੇ।ਕੋਰਟ ਦੇ ਫੈਸਲੇ ਮੁਤਾਬਕ ਨੈਸ਼ਨਲ ਅਤੇ ਸਟੇਟ ਹਾਈਵੇ 'ਤੇ ਸ਼ਰਾਬ ਦੀਆਂ ਦੁਕਾਨਾਂ ਲਈ ਲਾਈਸੈਂਸ ਨਹੀਂ ਮਿਲੇਗਾ ਅਤੇ ਨਾ ਹੀ ਪੁਰਾਣੇ ਲਾਈਸੈਂਸ ਨੂੰ ਰੀਨਿਊ ਕੀਤਾ ਜਾਵੇਗਾ।




**ਕੀ ਸੀ ਮਾਜਰਾ**

ਦੇਸ਼ ਭਰ 'ਚ ਸੜਕ ਹਾਦਸਿਆਂ ਨੂੰ ਮੱਦੇਨਜ਼ਰ ਰੱਖਦਿਆਂ ਭਾਰਤ ਦੀਆਂ ਵੱਖ-ਵੱਖ ਸਮਾਜ ਸੇਵੀ ਅਤੇ ਗੈਰ ਸਰਕਾਰੀ ਸੰਸਥਾਵਾਂ ਨੇ ਅੰਕੜਿਆਂ ਸਮੇਤ ਮਾਨਯੋਗ ਸੁਪਰੀਮ ਕੋਰਟ 'ਚ ਰਿੱਟ ਦਾਇਰ ਕੀਤੀ ਸੀ ਕਿ ਰਾਸ਼ਟਰੀ ਅਤੇ ਸੂਬਾਈ ਮਾਰਗਾਂ 'ਤੇ ਸ਼ਰਾਬ ਦੇ ਠੇਕੇ ਬੰਦ ਕਰਵਾਏ ਜਾਣ ਕਿਉਂਕਿ ਸ਼ਰਾਬ ਪੀ ਕੇ ਗੱਡੀ ਚਲਾਉਣ ਨਾਲ ਸੜਕ ਹਾਦਸਿਆਂ 'ਚ ਵੱਡੀ ਗਿਣਤੀ 'ਚ ਵਾਧਾ ਹੋ ਰਿਹਾ ਹੈ, ਜਿਸ ਕਾਰਨ ਹਜ਼ਾਰਾਂ ਦੀ ਗਿਣਤੀ 'ਚ ਕੀਮਤੀ ਜਾਨਾਂ ਜਾ ਰਹੀਆਂ ਹਨ।

**ਪੰਜਾਬ ਸਰਕਾਰ ਨੇ ਕੀਤੀ ਸੀ ਠੇਕੇ ਖੁੱਲ੍ਹੇ ਰੱਖਣ ਦੀ ਵਕਾਲਤ**

ਉਸ ਸਮੇਂ ਦੀ ਅਕਾਲੀ ਭਾਜਪਾ ਸਰਕਾਰ ਨੇ ਇਨ੍ਹਾਂ ਸ਼ਰਾਬ ਦੇ ਠੇਕਿਆਂ ਨੂੰ ਰਾਸ਼ਟਰੀ ਅਤੇ ਸੂਬਾਈ ਮਾਰਗਾਂ 'ਤੇ ਖੁੱਲ੍ਹੇ ਰੱਖਣ ਲਈ ਕੋਰਟ 'ਚ ਡਟ ਕੇ ਹਮਾਇਤ ਕੀਤੀ ਸੀ ਅਤੇ ਕੋਰਟ ਨੂੰ ਇਨਾਂ ਦੀ ਆਗਿਆ ਦੇਣ ਦੀ ਅਪੀਲ ਕੀਤੀ ਸੀ, ਜਿਸ 'ਤੇ ਪੰਜਾਬ ਸਰਕਾਰ ਦੇ ਤਤਕਾਲੀ ਮੁੱਖ ਮੰਤਰੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨੂੰ ਮਾਨਯੋਗ ਸੁਪਰੀਮ ਕੋਰਟ ਦੇ ਬੈਂਚ ਦੀ ਤਿੱਖੀ ਅਲੋਚਨਾਂ ਦਾ ਵੀ ਸਾਹਮਣਾ ਕਰਨਾ ਪਿਆ ਸੀ ਅਦਾਲਤ ਨੇ ਕਿਹਾ ਸੀ ਕਿ ਇੱਕ ਪੈਸੇ ਨੂੰ ਮੁੱਖ ਰੱਖਦਿਆਂ ਇਨਸਾਨੀਅਤ ਦੀ ਬਲੀ ਨਹੀਂ ਦਿੱਤੀ ਜਾ ਸਕਦੀ।ਇਸ ਤੋਂ ਪਹਿਲਾਂ ਵੀ ਸਰਕਾਰ ਨੇ ਸੜਕਾਂ ਦੇ ਕੰਢਿਓਂ ਸ਼ਰਾਬ ਦੇ ਠੇਕੇ ਬੰਦ ਕਰਨ ਲਈ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ 'ਚ ਹਲਫਨਾਮਾ ਦਾਇਰ ਕੀਤਾ ਸੀ ਪਰ ਉਸਦੀ ਪਾਲਣਾ ਨਾ ਕਰਨ 'ਤੇ ਅਕਤੂਬਰ 2016 'ਚ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦੇ ਜਸਟਿਸ ਏ.ਕੇ. ਮਿੱਤਲ ਨੇ ਇਨ੍ਹਾਂ ਸ਼ਰਾਬ ਦੇ ਠੇਕਿਆਂ ਨੂੰ ਬੰਦ ਕਰਵਾਉਣ ਲਈ ਪੰਜਾਬ ਸਰਕਾਰ ਨੂੰ ਝਾੜ ਪਾਉਂਦਿਆਂ ਕਿਹਾ ਸੀ ਕਿ ਕਿਉਂ ਸੜਕਾਂ ਕੰਢਿਓਂ ਸ਼ਰਾਬ ਦੇ ਠੇਕੇ ਬੰਦ ਨਹੀਂ ਕਰਵਾਏ ਜਾ ਰਹੇ।ਜਸਟਿਸ ਏ.ਕੇ. ਮਿੱਤਲ ਨੇ ਪੰਜਾਬ ਸਰਕਾਰ ਨੂੰ ਸਖਤ ਨਿਰਦੇਸ਼ ਦਿੰਦਿਆਂ ਕਿਹਾ ਸੀ ਕਿ ਆਪਣੇ ਮਾਲੀਏ ਦਾ ਖਿਆਲ ਛੱਡ ਕੇ ਹਾਈਵੇ 'ਤੇ ਸਫਰ ਕਰਨ ਵਾਲਿਆਂ ਦੀ ਜਿੰਦਗੀ ਬਚਾਉਣ ਦਾ ਪ੍ਰਬੰਧ ਕਰੋ।ਉਨ੍ਹਾਂ ਪੁੱਛਿਆਂ ਸੀ ਕਿ ਮਾਲੀਆ ਕਮਾਉਣ ਲਈ ਕੀ ਸਰਕਾਰ ਕੋਲ ਹਾਈਵੇ 'ਤੇ ਮੌਜੂਦ ਸ਼ਰਾਬ ਦੇ ਠੇਕੇ ਹੀ ਬਚੇ ਹਨ?



**ਕੀ ਕਹਿਣੈ ਚਿੰਤਨਸ਼ੀਲ ਨਾਗਰਿਕਾਂ ਅਤੇ ਕਾਨੂੰਨੀ ਮਾਹਿਰਾਂ ਦਾ**

ਇਸ ਸਬੰਧੀ ਮਾਲੇਰਕੋਟਲਾ ਕੋਰਟ ਦੇ ਐਡਵੋਕੇਟ ਪ੍ਰਸ਼ੋਤਮ ਲਾਲ, ਐਡਵੋਕੇਟ ਅਬਦੁੱਲ ਰਸ਼ੀਦ, ਐਡਵੋਕੇਟ ਅਨਵਾਰ ਬੱਤੇ ਨੇ ਕਿਹਾ ਕਿ ਸੜਕਾਂ 'ਤੇ ਸ਼ਰਾਬ ਦੇ ਠੇਕੇ ਬੰਦ ਕਰਵਾਉਣ ਦਾ ਹੁਕਮ ਉਚ ਅਦਾਲਤ ਨੇ ਲੰਬਾ ਸਮਾਂ ਪਹਿਲਾਂ ਦਿੱਤਾ ਸੀ ਪਰ ਲਾਗੂ ਨਹੀਂ ਸੀ ਕੀਤਾ ਜਾ ਰਿਹਾ, ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਆਮਦਨੀ ਦੀ ਬਜਾਏ ਆਪਣੇ ਨਾਗਰਿਕਾਂ ਦੀ ਜਾਨ ਦੀ ਰੱਖਿਆ ਦਾ ਖਿਆਲ ਕਰਨਾ ਚਾਹੀਦਾ ਹੈ ਅਤੇ ਇਸ ਸਬੰਧੀ ਪਹਿਲਾਂ ਮਾਨਯੋਗ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਅਤੇ ਫਿਰ ਮਾਨਯੋਗ ਸੁਪਰੀਮ ਕੋਰਟ ਦਾ ਫੈਸਲਾ ਪ੍ਰਸ਼ੰਸਾਯੋਗ ਸੀ ਜਿਸ ਨਾਲ ਸੜਕਾਂ 'ਤੇ ਚੱਲ ਰਹੇ ਅੱਤਵਾਦ ਨੂੰ ਠੱਲ ਪੈਣੀ ਸੀ।



**ਸੁਪਰੀਮ ਕੋਰਟ ਦਾ ਫੈਸਲਾ ਲਾਗੂ ਹੋਣਾ ਜ਼ਰੂਰੀ :**ਅਕਾਲੀ ਦਲ ਪੁਨਰ ਸੁਰਜੀਤ ਦੇ ਆਗੂ ਐਡਵੋਕੇਟ ਜੁਲਫਕਾਰ ਮਾਲਿਕ, ਸ਼ਫੀਕ ਚੋਹਾਨ ਨੇ ਕਿਹਾ ਕਿ ਸਰਕਾਰਾਂ ਵੱਲੋਂ ਇਨਸਾਨੀਅਤ ਨੂੰ ਤਿਆਗ ਕੇ ਸਿਰਫ ਆਪਣੇ ਮਾਲੀਏ ਲਈ ਨਸ਼ੇ ਦੇ ਹੱਕ 'ਚ ਉਸ ਸਮੇਂ ਮਾਨਯੋਗ ਸੁਪਰੀਮ ਕੋਰਟ 'ਚ ਸਟੈਂਡ ਲੈਣਾ ਗੰਭੀਰ ਚਿੰਤਾ ਦਾ ਵਿਸ਼ਾ ਸੀ ਅਤੇ ਮੌਜੂਦਾ ਸਰਕਾਰ ਨੇ ਵੀ ਮਾਨਯੋਗ ਕੋਰਟ ਦੇ ਫੈਸਲੇ ਨੂੰ ਲਾਗੂ ਨਾ ਕਰਵਾ ਕੇ ਲੋਕ ਵਿਰੋਧੀ ਹੋਣ ਦਾ ਸਬੂਤ ਦਿੱਤਾ ਹੈ, ਜਿਸ ਲਈ ਗੈਰਤਮੰਦ ਪੰਜਾਬੀਆਂ ਨੂੰ ਇਸ ਲਈ ਗੰਭੀਰਤਾ ਨਾਲ ਸੋਚਣਾ ਪਵੇਗਾ।ਉਨ੍ਹਾਂ ਕਿਹਾ ਕਿ ਮਾਨਯੋਗa ਸੁਪਰੀਮ ਕੋਰਟ ਦਾ ਫੈਸਲਾ ਬਹੁਤ ਹੀ ਮਹੱਤਵਪੂਰਨ ਹੈ, ਜਿਸ ਨੂੰ ਲਾਗੂ ਕਰਨ ਲਈ ਜ਼ੋਰਦਾਰ ਉਪਰਾਲੇ ਕਰਨੇ ਚਾਹੀਦੇ ਹਨ, ਕਿਉਂਕਿ ਸੜਕਾਂ 'ਤੇ ਹੋ ਰਹੇ ਹਾਦਸੇ ਇੱਕਲੇ ਪੰਜਾਬ ਲਈ ਹੀ ਨਹੀਂ ਸਗੋਂ ਸਮੁੱਚੇ ਦੇਸ਼ ਲਈ ਚਿੰਤਾ ਦਾ ਵਿਸ਼ਾ ਹਨ।

**ਹਾਦਸਿਆਂ ਸਬੰਧੀ ਕੀ ਕਹਿੰਦੇ ਹਨ ਸਰਕਾਰੀ ਅੰਕੜੇ**

ਸੜਕੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਵੱਲੋਂ ਜੂਨ 2016 ਨੂੰ ਸੜਕ ਹਾਦਸਿਆਂ ਸਬੰਧੀ ਸਾਲ 2015 ਦੇ ਜਾਰੀ ਕੀਤੇ ਅੰਕੜੇ ਦਿਲ ਕੰਬਾਊ ਹਨ।ਉਕਤ ਅੰਕੜਿਆਂ ਅਨੁਸਾਰ 15 ਤੋਂ 24 ਸਾਲ ਦੀ ਉਮਰ ਪੂਰੀ ਕਰ ਚੁੱਕੇ 48 ਹਜ਼ਾਰ ਤੋਂ ਵੱਧ ਨੌਜਵਾਨ 2015 'ਚ ਸੜਕ ਹਾਦਸਿਆਂ 'ਚ ਮਾਰੇ ਗਏ, ਇਹ ਕੁੱਲ ਮੌਤਾਂ ਦਾ 33 ਫੀਸਦੀ ਹੈ।ਇਸ ਪਿੱਛੋਂ 24 ਤੋਂ 34 ਸਾਲ ਦੇ ਦਰਮਿਆਣ ਦੇ 35 ਹਜ਼ਾਰ 500 ਨੌਜਵਾਨ ਸੜਕ ਹਾਦਸਿਆਂ 'ਚ ਜਾਨ ਗੁਆ ਬੈਠੇ ਹਨ ਜੋ ਕਿ ਕੁੱਲ ਮੌਤਾਂ ਦਾ 54 ਫੀਸਦੀ ਬਣਦਾ ਹੈ।ਅੰਕੜੇ ਦੱਸਦੇ ਹਨ ਕਿ ਪਿਛਲੇ ਇਕ ਸਾਲ ਦੌਰਾਨ ਸੜਕ ਹਾਦਸਿਆਂ ਦੀ ਗਿਣਤੀ 'ਚ ਢਾਈ ਗੁਣਾ ਵਾਧਾ ਹੋਇਆ ਹੈ।

# ਗੰਭੀਰ ਮਾਮਲਾ : ਬੋਤਲ ਨਾਲ ਦੁੱਧ ਪਿਲਾਉਣ ਦੀ ਆਦਤ ਨਾਲ ਵਧ ਸਕਦਾ ਹੈ ਖਤਰਾ, ਪੀ.ਜੀ.ਆਈ. ਦੀ ਖੋਜ 'ਚ ਸਾਹਮਣੇ ਆਏ ਨਮੂਨੇ

## ਛੋਟੇ ਬੱਚਿਆਂ ਦੇ ਸਰੀਰ 'ਚ ਮਿਲਿਆ ਪਲਾਸਟਿਕ ਕੈਮੀਕਲ ਬੀ.ਪੀ.ਏ., ਡਾਕਟਰਾਂ ਵੱਲੋਂ ਸਾਵਧਾਨੀ ਦੀ ਸਲਾਹ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪਲਾਸਟਿਕ ਦੀਆਂ ਬੋਤਲਾਂ ਤੇ ਹੋਰ ਪਲਾਸਟਿਕ ਉਤਪਾਦਾਂ ਦੀ ਵਰਤੋਂ ਬਾਰੇ ਅਕਸਰ ਸਿਹਤ ਮਾਹਿਰ ਚਿੰਤਾ ਜਤਾਉਂਦੇ ਰਹੇ ਹਨ।ਹੁਣ ਪੀ.ਜੀ.ਆਈ. ਦੀ ਇੱਕ ਖੋਜ ਨੇ ਇਸ ਚਿੰਤਾ ਨੂੰ ਹੋਰ ਗੰਭੀਰ ਦੱਸਿਆ ਹੈ।ਇਸ ਖੋਜ ਤੋਂ ਪਤਾ ਲੱਗਾ ਹੈ ਕਿ ਉਤਰੀ ਭਾਰਤ 'ਚ ਸ਼ਿਸ਼ੂਆਂ ਤੇ ਛੋਟੇ ਬੱਚਿਆਂ ਦੇ ਸਰੀਰ 'ਚ ਬਿਸਫੇਨੋਲ-ਏ (ਬੀ.ਪੀ.ਏ.) ਨਾਮਕ ਕੈਮੀਕਲ ਵੱਡੀ ਮਾਤਰਾ 'ਚ ਪਾਇਆ ਜਾ ਰਿਹਾ ਹੈ।ਇਹ ਕੈਮੀਕਲ ਆਮ ਤੌਰ 'ਤੇ ਪਲਾਸਟਿਕ ਦੀ ਫੀਡਿੰਗ ਬੋਤਲ, ਡੱਬਿਆਂ ਤੇ ਕਈ ਰੋਜ਼ਮਰਾ ਵਰਤੋਂ ਕੀਤੇ ਜਾਂਦੇ ਪਲਾਸਟਿਕ ਉਤਪਾਦਾਂ 'ਚ ਮੌਜੂਦ ਰਹਿੰਦਾ ਹੈ।ਪੀ.ਜੀ.ਆਈ. ਦੇ ਡਾਕਟਰਾਂ ਦੁਆਰਾ ਕੀਤੀ ਇਸ ਖੋਜ ਦਾ ਮਕਸਦ ਇਹ ਸਮਝਣਾ ਸੀ ਕਿ ਬੋਤਲ ਨਾਲ ਦੁੱਧ ਪਿਲਾਉਣ ਦੀ ਆਦਤ ਤੇ ਬੱਚਿਆਂ ਦੇ ਸਰੀਰ 'ਚ ਬੀ.ਪੀ.ਏ. ਦੇ ਪੱਧਰ ਵਿਚਕਾਰ ਕੀ ਸਬੰਧ ਹੈ।ਖੋਜ ਦੌਰਾਨ ਸਾਹਮਣੇ ਆਇਆ ਕਿ ਬੱਚਿਆਂ 'ਚ ਇਸ ਕੈਮੀਕਲ ਦੀ ਮੌਜੂਦਗੀ ਕਾਫੀ ਜ਼ਿਆਦਾ ਹੈ, ਜੋ ਸ਼ੁਰੂਆਤੀ ਉਮਰ 'ਚ ਹੀ ਵਾਤਾਵਰਣ ਤੇ ਪਲਾਸਟਿਕ ਉਤਪਾਦਾਂ ਦ ਸੰਪਰਕ ਨੂੰ ਦਰਸਉਂਦੀ ਹੈ।ਖੋਜ ਦੌਰਾਨ ਸ਼ਹਿਰ ਦੇ ਆਂਗਣਵਾੜੀ ਕੇਂਦਰਾਂ 'ਚ ਆਉਣ ਵਾਲੇ 2 ਮਹੀਨੇ ਤੋਂ 5 ਸਾਲ ਤੱਕ ਦੇ ਬੱਚਿਆਂ 'ਤੇ ਕਮਿਊਨਿਟੀ-ਅਧਾਰਤ ਕਰਾਸ ਸੈਕਸ਼ਨਲ ਸਟੱਡੀ ਕੀਤੀ ਗਈ।ਜਿਸ 'ਚ ਕੁੱਲ 184 ਬੱਚਿਆਂ ਦੇ ਪਿਸ਼ਾਬ ਦੇ ਨਮੂਨੇ ਲੈ ਕੇ ਉਨ੍ਹਾਂ ਦਾ ਵਿਸ਼ਲੇਸ਼ਣ ਕੀਤਾ ਗਿਆ।ਨਮੂਨਿਆਂ 'ਚ ਬੀ.ਪੀ.ਏ.




ਦੀ ਮਾਤਰਾ ਦੀ ਆਧੁਨਿਕ ਟੈਂਡਮ ਮਾਸ ਸਪੈਕਟਰੋਮੀਟਰ ਤਕਨੀਕ ਨਾਲ ਜਾਂਚ ਕੀਤੀ ਗਈ।ਜਾਂਚ ਦੇ ਨਤੀਜ਼ੇ ਹੈਰਾਨ ਕਰਨ ਵਾਲੇ ਸਨ।ਖੋਜ ਦੌਰਾਨ 94.56 ਪ੍ਰਤੀਸ਼ਤ ਬੱਚਿਆਂ ਦੇ ਪਿਸ਼ਾਬ 'ਚ ਬੀ.ਪੀ.ਏ. ਪਾਇਆ ਗਿਆ ਹੈ।ਜੋ ਸ਼ੁਰੂਆਤੀ ਉਮਰ 'ਚ ਇਸ ਕੈਮੀਕਲ ਦੇ ਵਿਆਪਕ ਸੰਪਰਕ ਵੱਲ ਇਸ਼ਾਰਾ ਕਰਦਾ ਹੈ ਅਤੇ ਪਲਾਸਟਿਕ ਫੀਡਿੰਗ ਉਤਪਾਦਾਂ ਨਾਲ ਹੋਣ ਵਾਲੇ ਕੈਮੀਕਲ ਐਕਸਪੋਜਰ ਦਾ ਸੰਕੇਤ ਦਿੰਦਾ ਹੈ।ਇਸ ਦਾ ਮਤਲਬ ਹੈ ਕਿ ਲਗਭਗ ਹਰ 10 'ਚੋਂ 9 ਬੱਚੇ ਇਸ ਕੈਮੀਕਲ ਦੇ ਸੰਪਰਕ 'ਚ ਹਨ।

**ਲਾਸਟਿਕ ਨਾਲ ਸਬੰਧਤ ਕੈਮੀਕਲਜ਼ ਨੂੰ ਘੱਟ ਕਰਨ ਦੀ ਲੋੜ**

ਇਸ ਖੋਜ 'ਚ ਔਸ਼ਤ ਬੀ.ਪੀ.ਏ. ਪੱਧਰ 2.74 ਨੈਨੋਗ੍ਰਾਮ ਪ੍ਰਤੀ ਮਿਲੀਲੀਟਰ ਪਾਇਆ ਗਿਆ।ਇਹ ਪੱਧਰ ਕੌਮਾਂਤਰੀ ਬਾਇਓਮੋਨੀਟਰਿੰਗ ਡੇਟਾ ਦੇ ਨੇੜੇ ਹੈ।ਉਦਾਹਰਣ ਵੱਜੋਂ ਅਮਰੀਕਾ ਦੀ ਐੱਨ.ਐੱਚ.ਏ.ਐੱਨ.ਈ.ਐੱਸ. ਅਧਿਐਨ 'ਚ ਵੀ ਇਸ ਦੇ ਆਸਪਾਸ ਪੱਧਰ ਦਰਜ ਕੀਤੇ ਗਏ ਹਨ।ਇਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਬੱਚਿਆਂ 'ਚ ਬੀ.ਪੀ.ਏ. ਐਕਸਪੋਜ਼ਰ ਦਾ ਪੈਟਰਨ ਵਿਸ਼ਵ ਪੱਧਰ 'ਤੇ ਲਗਭਗ ਬਰਾਬਰ ਹੈ।ਖੋਜ ਦੇ ਨਤੀਜ਼ਿਆਂ 'ਚ ਇਹ ਵੀ ਕਿਹਾ ਗਿਆ ਹੈ ਕਿ ਬੱਚਿਆਂ 'ਚ ਬੀ.ਪੀ.ਏ. ਦਾ ਸਰੋਤ ਸਿਰਫ ਫੀਡਿੰਗ ਬੋਤਲ ਹੀ ਨਹੀਂ ਹੋ ਸਕਦੀ।ਪਲਾਸਟਿਕ ਦੇ ਡੱਬੇ ਪੈਕਟ ਫੂਡ, ਖਿਡੌਣੇ ਤੇ ਹੋਰ ਘਰੇਲੂ ਉਤਪਾਦ ਵੀ ਇਸ ਦੇ ਸੰਭਾਵੀ ਸਰੋਤ ਹੋ ਸਕਦੇ ਹਨ।ਸ਼ੁਰੂਆਤੀ ਉਮਰ 'ਚ ਹੀ ਪਲਾਸਟਿਕ ਨਾਲ ਸਬੰਧਤ ਕੈਮੀਕਲ ਦੇ ਸੰਪਰਕ ਨੂੰ ਘੱਟ ਕਰਨ ਲਈ ਜਾਗਰੂਕਤਾ ਵਧਾਉਣ ਦੀ ਲੋੜ ਹੈ।ਖਾਸ ਤੌਰ 'ਤੇ ਮਾਪਿਆਂ ਨੂੰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਬੱਚਿਆਂ ਲਈ ਬੀ.ਪੀ.ਏ. ਮੁਕਤ ਉਤਪਾਦਾਂ ਦੀ ਵਰਤੋਂ ਕਰਨ ਅਤੇ ਪਲਾਸਟਿਕ ਦੇ ਭਾਂਡਿਆਂ 'ਚ ਗਰਮ ਚੀਜ਼ਾਂ ਰੱਖਣ ਤੋਂ ਬਚਣ।ਡਾਕਟਰਾਂ ਮੁਤਾਬਕ ਅਜਿਹੀ ਖੋਜ ਭਵਿੱਖ ਦੀ ਨੀਤੀ ਤੇ ਜਨਤਕ ਸਿਹਤ ਰਣਨੀਤੀਆਂ ਨੂੰ ਮਜ਼ਬੂਤ ਕਰਨ 'ਚ ਮਦਦ ਕਰ ਸਕਦੀ ਹੈ।

**ਲੰਬੇਂ ਸਮੇਂ ਤੱਕ ਸੰਪਰਕ 'ਚ ਰਹਿਣ ਨਾਲ ਬੱਚਿਆਂ ਦੇ ਵਿਕਾਸ ਨੂੰ ਕਈ ਨੁਕਸਾਨ**

ਡਾਕਟਰਾਂ ਮੁਤਾਬਕ ਬੀ.ਪੀ.ਏ. ਇਕ ਐਂਡੋਕਰਾਇਨ ਡਿਸਰਪਟਿੰਗ ਕੈਮੀਕਲ ਹੈ।ਇਹ ਸਰੀਰ ਦੇ ਹਾਰਮੋਨ ਸਿਸਟਮ ਨੂੰ ਪ੍ਰਭਾਵਿਤ ਕਰ ਸਕਦਾ ਹੈ।ਲੰਬੇਂ ਸਮੇਂ ਤੱਕ ਇਸ ਦੇ ਸੰਪਰਕ 'ਚ ਰਹਿਣ ਨਾਲ ਬੱਚਿਆਂ ਦੇ ਵਿਕਾਸ, ਨਿਊਰੋ-ਡਿਵੈਲਪਮੈਂਟ ਤੇ ਮੈਟਾਬੋਲਿਕ ਸਿਸਟਮ 'ਤੇ ਅਸਰ ਪੈਣ ਦੀ ਸ਼ੰਕਾ ਰਹਿੰਦੀ ਹੈ।ਇਹੋ ਕਾਰਨ ਹੈ ਕਿ ਦੁਨੀਆਂ ਭਰ 'ਚ ਬੱਚਿਆਂ ਦੇ ਉਤਪਾਦਾਂ 'ਚ ਬੀ.ਪੀ.ਏ. ਦੀ ਵਰਤੋਂ ਸਬੰਧੀ ਕਈ ਦੇਸ਼ਾਂ 'ਚ ਨਿਯਮ ਸਖਤ ਕਰ ਦਿੱਤੇ ਗਏ ਹਨ।

ਖੋਜ 'ਚ ਇਹ ਵੀ ਪਾਇਆ ਗਿਆ ਹੈ ਕਿ ਜਿਹੜੇ ਬੱਚਿਆਂ ਨੂੰ ਨਿਯਮਿਤ ਤੌਰ 'ਤੇ ਬੋਤਲ ਨਾਲ ਦੁੱਧ ਪਿਲਾਇਆ ਜਾਂਦਾ ਹੈ, ਉਨ੍ਹਾਂ 'ਚ ਬੀ.ਪੀ.ਏ. ਐਕਸਪੋਜਰ ਦਾ ਖਤਰਾ ਜ਼ਿਆਦਾ ਹੋ ਸਕਦਾ ਹੈ।ਹਾਲਾਂਕਿ ਮਲਟੀਵੇਰੀਏਟ ਰਿਗਰੇਸ਼ਨ ਐਨਾਲਿਸਜ 'ਚ ਫੈਕਟਰ ਸਪੱਸ਼ਟ ਤੌਰ 'ਤੇ ਅਹਿਮ ਨਹੀਂ ਪਾਏ ਗਏ, ਪਰ ਕੁਝ ਸਮਾਜਿਕ ਤੇ ਵਿਵਹਾਰਕ ਕਾਰਨਾਂ ਦਾ ਪ੍ਰਭਾਵ ਦਿਖਾਈ ਦਿੱਤਾ ਹੈ।ਪੀ.ਜੀ.ਆਈ. ਦੇ ਐਡਵਾਂਸਡ ਪੀਡੀਆਟ੍ਰਿਕ ਸੈਂਟਰ ਦੇ ਡਾਕਟਰਾਂ ਨੇ ਇਹ ਖੋਜ ਕੀਤੀ ਹੈ।

ਪ੍ਰਭਾਕਰਨ ਗੰਗਾਧਰਨ, ਭਵਨੀਤ ਭਾਰਤੀ, ਸਵਿਤਾ ਵਰਮਾਂ ਅਤਰੇ, ਵਿਵੇਕ ਸਿੰਘ ਮਲਿਕ ਅਤੇ ਅਜੈ ਪਟਿਆਲ ਖੋਜ ਦੇ ਲੇਖਕ ਹਨ।

# ਮਾਲੇਰਕੋਟਲਾ ਦੇ ਇਤਿਹਾਸ ਅਤੇ ਸਮੱਸਿਆਵਾਂ 'ਤੇ ਇੱਕ ਪੰਛੀ ਝਾਤ


## ਮਾਲੇਰਕੋਟਲਾ ਦੀ ਤਰੱਕੀ ਤੇ ਵਿਕਾਸ ਲਈ ਲੋਕਾਂ ਨੂੰ ਹਲਕਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਤੋਂ ਢੇਰ ਸਾਰੀਆਂ ਉਮੀਦਾਂ





ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਮਾਲੇਰਕੋਟਲਾ ਤਾਰੀਖੀ, ਸਮਾਜੀ ਤੇ ਆਰਥਿਕ ਪੱਖ ਤੋਂ ਪੰਜਾਬ ਦਾ ਇੱਕ ਵਿਲੱਖਣ ਸ਼ਹਿਰ ਹੈ, ਜੋ ਪੰਜਾਬੀਆਂ ਦੇ ਮਿਜ਼ਾਜ ਦਾ ਰੂਹਾਨੀ ਕੇਂਦਰ ਹੈ।ਇਥੇ ਮਾਲੇਰਕੋਟਲਾ ਦੇ ਬਾਨੀ ਸ਼ੇਖ ਸਦਰ-ਉਦ-ਦੀਨ (ਹਜ਼ਰਤ ਸ਼ੇਖ) ਦੀ ਮਜ਼ਾਰ, 66 ਨਾਮਧਾਰੀ ਕੂਕਿਆਂ ਦੀ ਯਾਦ 'ਚ ਬਣਿਆ ਸ਼ਹੀਦੀ ਸਮਾਰਕ ਅਤੇ ਏਸ਼ੀਆ ਦੀ ਸਭ ਤੋਂ ਖੂਬਸੂਰਤ ਵੱਡੀ ਈਦਗਾਹ ਭਰਾਤਰੀ ਭਾਵ ਦਾ ਸੰਦੇਸ਼ ਦਿੰਦੇ ਨਜ਼ਰ ਆਉਂਦੇ ਹਨ। ਇਸ ਸ਼ਹਿਰ ਦਾ ਤਾਰੀਖੀ ਪੱਖ ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੀ ਅੱਖਰਾਂ 'ਚ ਦਰਜ ਹੈ।ਜਦੋਂ ਮਾਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖਾਂ ਨੇ ਗੁਰੂ ਸਾਹਿਬ ਦੇ ਬੱਚਿਆਂ ਨੂੰ ਦੀਵਾਰਾਂ 'ਚ ਚਿਣੇ ਜਾਣ ਦੇ ਵਿਰੁੱਧ ਹਾਅ ਦਾ ਨਾਅਰਾ ਬੁਲੰਦ ਕੀਤਾ ਤੇ ਤਾਕਤਵਰ ਹੁਕਮਰਾਨਾਂ ਦੇ ਜ਼ੁਲਮ ਤੇ ਜ਼ਬਰ ਵਿਰੁੱਧ ਕਹੀ ਗੱਲ ਅੱਜ ਇਤਿਹਾਸ ਦਾ ਹਿੱਸਾ ਹੈ। 1947 ਦੇ ਕਹਿਰ ਵੇਲੇ ਜਦੋਂ ਪੂਰੇ ਪੰਜਾਬ ਅੰਦਰ ਅੱਗ ਤੇ ਖੂਨ ਦੀ ਹੋਲੀ ਖੇਡੀ ਜਾ ਰਹੀ ਸੀ ਤਾਂ ਮਾਲੇਰਕੋਟਲਾ ਅੰਦਰ ਇਨਸਾਨੀਅਤ ਆਪਣੇ ਜਾਮੇ 'ਚ ਵਿਚਰ ਰਹੀ ਸੀ।ਪਿਛਲੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਤੋਂ ਲੈ ਕੇ ਅੱਜ ਤੱਕ ਇਥੋਂ ਦੀ ਭਾਈਚਾਰਕ ਸਾਂਝ ਕਾਇਮ ਹੈ।ਇਥੋਂ ਦੇ ਲੋਕਾਂ ਦੇ ਦੁੱਖ-ਸੁੱਖ ਸਾਂਝੇ ਹਨ, ਵਿਆਹ-ਸ਼ਾਦੀਆਂ ਤੇ ਕਦਰਾਂ ਕੀਮਤਾਂ ਸਾਂਝੀਆਂ ਹਨ, ਇੱਕ ਦੂਜੇ ਧਰਮ ਦਾ ਅਹਿਤਰਾਮ ਅੱਜ ਵੀ ਪੂਰੀ ਤਰ੍ਹਾਂ ਕਾਇਮ ਹੈ। ਮਾਲੇਰਕੋਟਲਾ ਇੱਕ ਇੰਡਸਟਰੀਅਲ ਸ਼ਹਿਰ ਹੈ, ਜਿਥੇ ਵੱਡੀਆਂ ਸਨਅਤਾਂ ਤੋਂ ਲੈ ਕੇ ਛੋਟੀਆਂ ਸਨਅਤਾਂ ਸਥਾਪਤ ਹਨ।ਇਥੇ ਸਾਇਕਲ ਪਾਰਟਸ, ਕੱਪੜਾ ਸਿਲਾਈ ਮਸ਼ੀਨ ਦੇ ਪੁਰਜ਼ੇ, ਕਮਾਨੀ ਤੇ ਰੂਲਿਆਂ ਦੀਆਂ ਫੈਕਟਰੀਆਂ ਦਾ ਮਾਲੇਰਕੋਟਲੇ ਦੀ ਆਰਥਿਕ ਵਿਵਸਥਾ ਬਣਾਈ ਰੱਖਣ 'ਚ ਅਹਿਮ ਯੋਗਦਾਨ ਹੈ।ਦਸਤਕਾਰੀ ਦੇ ਖੇਤਰ 'ਚ ਬੈਜਿਜ਼ ਦਾ ਕੰਮ ਬੇਰੋਜ਼ਗਾਰ ਔਰਤਾਂ ਲਈ ਰੋਜ਼ੀ ਰੋਟੀ ਦੇ ਸਾਧਨ ਉਪਲੱਬਧ ਕਰਦਾ ਹੈ।ਇੰਡਸਟਰੀਅਲ ਸ਼ਹਿਰ ਹੋਣ ਕਰਕੇ ਇਥੋਂ ਦੇ ਲੋਕਾਂ ਨੂੰ ਰੋਜ਼ੀ ਰੋਟੀ ਦੇ ਕਾਫੀ ਸਾਧਨ ਮੁਹੱਈਆ ਹਨ। ਬੀਤੇ ਸਾਲਾਂ 'ਚ ਸਿਆਸੀ ਲੋਕਾਂ ਦੀਆਂ ਮਜ਼ਬੂਰੀਆਂ ਕਾਰਨ ਜੋ ਸ਼ਹਿਰ ਦੇ ਵਿਕਾਸ ਕੰਮਾਂ 'ਚ ਠਹਿਰਾਅ ਆਇਆ ਹੋਇਆ ਸੀ, ਉਹ ਮੌਜੂਦਾ ਸਰਕਾਰ ਦੇ ਦੌਰ 'ਚ ਵੀ ਹਾਲੇ ਤੱਕ ਦੂਰ ਹੁੰਦਾ ਦਿਖਾਈ ਨਹੀਂ ਦਿੰਦਾ।ਮਾਲੇਰਕੋਟਲਾ ਸ਼ਹਿਰ ਅੰਦਰ ਭਾਵੇਂ ਸ਼ਾਨਦਾਰ ਬਿਲਡਿੰਗ ਵਾਲਾ 100 ਬਿਸਤਰਿਆਂ ਦਾ ਸਿਵਲ ਹਸਪਤਾਲ ਮੌਜੂਦ ਹੈ ਪਰੰਤੂ ਪਿਛਲੇ ਲੰਬੇ ਸਮੇਂ ਤੋਂ ਮਾਹਿਰ ਡਾਕਟਰਾਂ ਦੀ ਘਾਟ ਨਾਲ ਜੂਝਦੇ ਆ ਰਹੇ ਇਸ ਹਸਪਤਾਲ ਅੰਦਰ ਅੱਜ ਵੀ ਆਬਾਦੀ ਮੁਤਾਬਕ ਐੱਮ.ਡੀ. ਮੈਡੀਸਨ ਦੇ ਡਾਕਟਰਾਂ ਦੀ ਘਾਟ ਹੈ। ਐਮਰਜੰਸੀ ਮੈਡੀਕਲ ਅਫਸਰਾਂ ਦੀਆਂ 19 ਪੋਸਟਾਂ ਸਮੇਤ ਸਟਾਫ ਨਰਸ ਦੀਆਂ 15 ਪੋਸਟਾਂ ਖਾਲੀ ਦੱਸੀਆਂ ਗਈਆਂ ਹਨ। ਸਭ ਤੋਂ ਵੱਧ ਮੁਸਲਿਮ ਆਬਾਦੀ ਵਾਲੇ ਇਸ ਸ਼ਹਿਰ ਦੇ ਸਿਵਲ ਹਸਪਤਾਲ 'ਚ ਲੇਡੀਜ਼ ਡਾਕਟਰ ਦੀ ਹਮੇਸ਼ਾ ਹੀ ਰੜਕਦੀ ਆ ਰਹੀ ਘਾਟ ਜਿਥੇ ਸਰਕਾਰਾਂ ਦੇ ਸਰਕਾਰੀ ਹਸਪਤਾਲਾਂ ਅੰਦਰ ਉਚ ਪੱਧਰ ਦੀਆਂ ਮਿਆਰੀ ਸਿਹਤ ਸਹੂਲਤਾਂ ਮੁਹੱਈਆ ਕਰਵਾਉਣ ਦੇ ਦਾਅਵਿਆਂ ਦੀ ਫੂਕ ਕੱਢ ਰਿਹਾ ਹੈ, ਉਥੇ ਇਸ ਹਸਪਤਾਲ ਦੇ ਡਾਕਟਰਾਂ ਦੀ ਘਾਟ ਦਾ ਮੁੱਦਾ ਮਾਨਯੋਗ ਹਾਈ ਕੋਰਟ ਦੇ ਗਲਿਆਰਿਆਂ ਤੱਕ ਗੂੰਜਣ ਦੇ ਬਾਵਜੂਦ ਵੀ ਹੱਲ ਨਹੀਂ ਹੋਇਆ। ਪੰਜਾਬ ਦੇ ਇਸ ਅਤਿ ਪਿਛੜੇ ਹੋਏ ਸ਼ਹਿਰ ਦੀ ਇਹ ਤ੍ਰਾਸ਼ਦੀ ਹੀ ਰਹੀ ਹੈ ਕਿ ਇਥੋਂ ਚੁਣੇ ਜਾਂਦੇ ਰਹੇ ਵਿਧਾਇਕਾਂ ਨੇ ਕਦੇ ਵੀ ਇਸ ਹਸਪਤਾਲ ਅੰਦਰ ਸੁਧਾਰ ਲਿਆਉਣ ਲਈ ਉਹ ਲੋੜੀਂਦਾ ਧਿਆਨ ਨਹੀਂ ਦਿੱਤਾ, ਜਿਵੇਂ ਧਿਆਨ ਦੇਣਾ ਚਾਹੀਦਾ ਸੀ।ਡਾਕਟਰਾਂ ਦੀ ਘਾਟ ਦਾ ਮੁੱਦਾ ਹਾਈਕੋਰਟ 'ਚ ਜਾਣ ਤੋਂ ਬਾਅਦ ਭਾਵੇਂ ਹਲਕਾ ਵਿਧਾਇਕ ਵੱਲੋਂ ਇਥੇ ਦੋ ਦਰਜਣ ਤੋਂ ਵੱਧ ਡਾਕਟਰ ਲਿਆਉਣ ਦਾ ਜ਼ੋਰਦਾਰ ਦਾਅਵਾ ਕੀਤਾ ਜਾ ਰਿਹਾ ਹੈ, ਪਰੰਤੂ ਉਨ੍ਹਾਂ ਡਾਕਟਰਾਂ 'ਚੋਂ ਕਈ ਡਾਕਟਰ ਚਾਰਜ਼ ਲੈਣ ਤੋਂ ਬਾਅਦ ਛੁੱਟੀ 'ਤੇ ਚਲੇ ਗਏ ਜਾਂ ਕੁਝ ਡਾਕਟਰਾਂ ਵੱਲੋਂ ਬਦਲੀ ਕਰਵਾ ਲਈ ਗਈ ਹੈ। ਕਰੀਬ ਢਾਈ ਲੱਖ ਤੋਂ ਵੱਧ ਸ਼ਹਿਰੀ ਤੇ ਦਿਹਾਤੀ ਆਬਾਦੀ ਵਾਲੇ ਮਾਲੇਰਕੋਟਲਾ ਹਲਕੇ ਦੀ ਸਮੇਂ ਮੁਤਾਬਕ ਵਧੀ ਹੋਈ ਲੋੜ ਨੂੰ ਮੁੱਖ ਰੱਖਦਿਆਂ ਜ਼ਰੂਰਤ ਹੈ ਕਿ ਸਿਵਲ ਹਸਪਤਾਲ ਅੰਦਰ ਲੇਡੀਜ਼ ਅਤੇ ਐਮ.ਡੀ. ਡਾਕਟਰਾਂ ਦੀਆਂ ਪਹਿਲਾਂ ਮਨਜ਼ੂਰ 2-2 ਪੋਸਟਾਂ ਦੀ ਪੱਕੇ ਤੌਰ 'ਤੇ ਨਿਯੁੱਕਤੀ ਕਰਨ ਦੇ ਨਾਲ-ਨਾਲ ਲੋੜ ਅਨੁਸਾਰ ਐਮਰਜੰਸੀ ਸੇਵਾਵਾਂ ਸਮੇਤ ਹੋਰਨਾਂ ਵੱਖ-ਵੱਖ ਬੀਮਾਰੀਆਂ ਦੇ ਮਾਹਿਰ ਡਾਕਟਰਾਂ ਅਤੇ ਲੋੜੀਂਦੇ ਨਰਸਿੰਗ ਸਟਾਫ ਦੀ ਨਿਯੁੱਕਤੀ ਕੀਤੀ ਜਾਵੇ, ਕਿਉਂਕਿ ਇਥੋਂ ਦੀ ਜ਼ਿਆਦਾਤਰ ਵਸੋਂ ਵੱਡੇ ਮਹਿੰਗੇ ਹਸਪਤਾਲਾਂ ਅੰਦਰ ਇਲਾਜ਼ ਕਰਵਾਉਣ ਤੋਂ ਅਸਮਰੱਥ ਹੈ। ਇਸ ਸਭ ਦੇ ਬਾਵਜੂਦ ਸ਼ਹਿਰ ਦੀ ਤਰੱਕੀ ਤੇ ਖੁਸ਼ਹਾਲੀ ਲਈ ਅਜੇ ਬਹੁਤ ਕੁਝ ਕਰਨਾ ਬਾਕੀ ਹੈ, ਜਿਵੇਂ ਵੱਧਦੀ ਟ੍ਰੈਫਿਕ ਸਮੱਸਿਆ ਨੂੰ ਦੇਖਦਿਆਂ ਸ਼ਹਿਰ ਦੇ ਕਈ ਚੌਂਕਾਂ 'ਚ ਟ੍ਰੈਫਿਕ ਲਾਈਟਾਂ ਲਗਾਉਣਾ, ਨਾਜਾਇਜ਼ ਕਬਜ਼ੇ ਖਤਮ ਕਰਾਉਣਾ, ਹਾਦਸਿਆਂ ਨੂੰ ਸੱਦਾ ਦਿੰਦੀਆਂ ਖਸਤਾਹਾਲ ਸੜਕਾਂ ਨੂੰ ਬਣਾਉਣਾ, ਜ਼ਿਲਾ ਕੰਪਲੈਕਸ ਦੀ ਉਸਾਰੀ, ਉਂਠ ਦੇ ਬੁੱਲ ਵਾਂਗ ਲਟਕ ਦੇ ਮੈ

ਡੀਕਲ ਕਾਲਜ ਦੀ ਉਸਾਰੀ ਕਰਾਉਣਾ ਅਜਿਹੇ ਕਈ ਹੋਰ ਕੰਮ ਹਨ ਜਿੰਨ੍ਹਾਂ ਨੂੰ ਜਲਦੀ ਕਰਵਾਉਣਾ ਸਮੇਂ ਦੀ ਮੁੱਖ ਲੋੜ ਹੈ। ਇੰਡਸਟਰੀ ਏਰੀਆ ਜਿਸਦਾ ਮਾਲੇਰਕੋਟਲੇ ਦੇ ਆਰਥਿਕ ਵਿਕਾਸ 'ਚ ਬਹੁਤ ਯੋਗਦਾਨ ਹੈ ਨੂੰ ਅੱਜ ਤੱਕ ਹਰੇਕ ਸਰਕਾਰ ਨੇ ਅਣਗੌਲਿਆ ਹੀ ਰੱਖਿਆ ਹੈ, ਜਦਕਿ ਇਥੋਂ ਸਰਕਾਰ ਨੂੰ ਕਾਫੀ ਆਮਦਨ ਟੈਕਸਾਂ ਦੇ ਰੂਪ 'ਚ ਹੁੰਦੀ ਹੈ।ਇਸ ਲਈ ਇਥੇ ਸੜਕਾਂ ਦੀ ਉਸਾਰੀ ਪਹਿਲ ਦੇ ਆਧਾਰ 'ਤੇ ਹੋਣੀ ਅਤਿ ਜ਼ਰੂਰੀ ਹੈ।ਮਾਲੇਰਕੋਟਲਾ ਦੇ ਬਸ ਸਟੈਂਡ ਦਾ ਆਧੁਨਿਕਰਨ ਕਰਕੇ ਸੁੰਦਰ ਤੇ ਵਧੀਆ ਬਣਾਉਣਾ ਵੀ ਇਲਾਕੇ ਦੇ ਲੋਕਾਂ ਦੀ ਮੁੱਖ ਮੰਗ ਹੈ। ਸ਼ਹਿਰ ਅੰਦਰ ਸੀਨੀਅਰ ਸੈਕੰਡਰੀ ਵਿੱਦਿਆ ਦਾ ਮੰਦਾ ਹਾਲ ਹੈ, ਲੜਕੀਆਂ ਲਈ ਕੇਵਲ ਇੱਕ ਹੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹੈ, ਜਿਸਦੀ ਨਵੀਂ ਸ਼ਾਨਦਾਰ ਬਿਲਡਿੰਗ ਉਸਾਰੇ ਨੂੰ ਕਾਫੀ ਸਮਾਂ ਬੀਤ ਚੁੱਕਾ ਹੈ ਪਰੰਤੂ ਸਰਕਾਰੀ ਢਿੱਲੇਪਣ ਦੇ ਚੱਲਦਿਆਂ ਉਦਘਾਟਨ ਨੂੰ ਉਡੀਕਦੀ ਇਸ ਨਵੀਂ ਇਮਾਰਤ 'ਚ ਸ਼ਿਫਟ ਕਰਨ ਦੀ ਬਜਾਏ ਹਾਲੇ ਤੱਕ ਲੜਕੀਆਂ ਦਾ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਅਣਸੇਫ ਕਰਾਰ ਦਿੱਤੀ ਹੋਈ ਖਸਤਾਹਾਲ ਬਿਲਡਿੰਗ ਦੇ ਅੰਦਰ ਹੀ ਦੋ ਸ਼ਿਫਟਾਂ 'ਚ ਚੱਲ ਰਿਹਾ ਹੈ।ਉਚ ਵਿੱਦਿਆ ਦੀ ਹਾਲਤ ਇਥੇ ਹੋਰ ਵੀ ਤਰਸਯੋਗ ਹੈ।ਇਕੋ-ਇੱਕ ਸਰਕਾਰੀ ਕਾਲਜ, ਉਸ ਅੰਦਰ ਬਹੁਤ ਜ਼ਿਆਦਾ ਭੀੜ ਜਿਥੇ ਪੜ੍ਹਾਈ ਦਾ ਮਿਆਰ ਉੱਚਾ ਚੁੱਕੇ ਜਾਣ ਦੇ ਰਾਹ 'ਚ ਅੜਿਕਾ ਬਣ ਰਹੀ ਹੈ, ਉਥੇ ਸਮੇਂ-ਸਮੇਂ 'ਤੇ ਲੜਾਈ ਝਗੜੇ ਦਾ ਕਾਰਨ ਵੀ ਬਣਦੀ ਹੈ।ਇਸ ਸਰਕਾਰੀ ਕਾਲਜ ਅੰਦਰਲੇ ਪੱਕੇ ਪ੍ਰੋਫੈਸਰ ਇੱਕ-ਦੋ ਨੂੰ ਛੱਡ ਕੇ ਬਾਕੀ ਲਗਭਗ ਸਾਰੇ ਰਿਟਾਇਰਡ ਹੋ ਚੁੱਕੇ ਹਨ। ਪ੍ਰਿੰ ਸੀਪਲ ਅਤੇ ਵਾ ਈਸ ਪ੍ਰਿੰਸੀਪਲ ਦੀ ਨਿਯੁੱਕਤੀ ਤੋਂ ਬਿਨਾਂ ਹੀ ਚੱਲ ਦੇ ਇਸ ਕਾਲਜ ਅੰਦਰ ਪੜ੍ਹਾਈ ਦਾ ਬਹੁਤਾ ਸਿਸਟਮ ਗੈਸਟ ਫੈਕਲਟੀ ਪ੍ਰੋਫੈਸਰਾਂ ਦੇ ਸਿਰ 'ਤੇ ਹੀ ਚੱਲਦਾ ਹੈ, ਜਦਕਿ ਪ੍ਰਿੰਸੀਪਲ ਦਾ ਵਾਧੂ ਚਾਰਜ਼ ਕਿਸੇ ਹੋਰ ਕਾਲਜ ਦੀ ਪ੍ਰਿੰਸੀਪਲ ਨੂੰ ਸੋਪਿਆਂ ਹੋਇਆ ਹੈ।ਇਸ ਸਰਕਾਰੀ ਕਾਲਜ ਵੱਲ ਸਰਕਾਰ ਨੂੰ ਧਿਆਨ ਦੇਣ ਦੀ ਲੋੜ ਹੈ।ਅਨੁਸ਼ਾਸਨ ਤੇ ਰੈਗੂਲਰ ਪੜ੍ਹਾਈ ਦੀ ਘਾਟ ਦਾ ਸਭ ਤੋਂ ਵੱਡਾ ਖਮਿਆਜ਼ਾ ਲੜਕੀਆਂ ਨੂੰ ਭੁਗਤਣਾ ਪੈ ਰਿਹਾ ਹੈ।ਜਿਥੇ ਲੜਕੀਆਂ ਦੇ ਅਲੱਗ ਸਰਕਾਰੀ ਕਾਲਜ ਦੀ ਲੋੜ ਹੈ, ਉਥੇ ਸਥਾਨਕ ਇਸਲਾਮੀਆਂ ਗਰਲਜ਼ ਕਾਲਜ ਅਤੇ ਜੈਨ ਗਰਲਜ਼ ਕਾਲਜ ਇਸ ਲੋੜ ਨੂੰ ਕੁਝ ਹੱਦ ਤੱਕ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਸਿੱਖਿਆ ਦੇ ਪਛੜੇਪਣ ਨੂੰ ਦੂਰ ਕਰਨ ਲਈ ਆਮ ਜਨਤਾ ਦੇ ਹਿੱਤ 'ਚ ਸਰਕਾਰ ਨੂੰ ਪੰਜਾਬ ਵਕਫ ਬੋਰਡ ਸਮੇਤ ਹੋਰ ਸਮਾਜ ਸੇਵੀ ਸੰਸਥਾਵਾਂ ਨੂੰ ਉਚੇਚਾ ਧਿਆਨ ਦੇਣਾ ਚਾਹੀਦਾ ਹੈ, ਤਾਂ ਜੋ ਇਸ ਇਲਾਕੇ ਦੀ ਸ਼ਾਖਰਤਾ ਦਰ ਵਧ ਸਕੇ ਤੇ ਲੋਕਾਂ ਦਾ ਜੀਵਨ ਪੱਧਰ ਉੱਚਾ ਉੱਠ ਸਕੇ।ਇਸ ਲਈ ਇਸ ਦੀ ਸਭ ਤੋਂ ਵੱਧ ਜ਼ਿੰਮੇਵਾਰੀ ਮਾਲੇਰਕੋਟਲਾ ਹਲਕੇ ਦੇ ਮੌਜੂਦਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਦੀ ਬਣਦੀ ਹੈ, ਜੋ ਸਭਨਾਂ ਲਈ ਉਮੀਦ ਵੀ ਹਨ ਤੇ ਸਾਰਿਆਂ ਦਾ ਵਿਸ਼ਵਾਸ ਵੀ ਹਨ। ਹਲਕਾ ਵਿਧਾਇਕ ਡਾ.ਰਹਿਮਾਨ ਇਸ ਗੱਲ ਲਈ ਵਧਾਈ ਦੇ ਪਾਤਰ ਵੀ ਹਨ ਕਿ ਉਨ੍ਹਾਂ ਨੇ ਸ਼ਹਿਰ ਦੇ ਕਈ ਖੇਤਰਾਂ 'ਚ ਲੰਬੇਂ ਸਮੇਂ ਤੋਂ ਬਣੇ ਹੋਏ ਕੂੜੇ ਦੇ ਡੰਪਾਂ ਨੂੰ ਖਤਮ ਕਰਵਾ ਕੇ ਸ਼ਹਿਰ ਵਾਸੀਆਂ ਦੀ ਲੰਬੇਂ ਸਮੇਂ ਤੋਂ ਚੱਲੀ ਆ ਰਹੀ ਇਸ ਅਹਿਮ ਮੰਗ ਨੂੰ ਪੂਰਾ ਕੀਤਾ ਹੈ, ਜਦਕਿ ਉਨ੍ਹਾਂ ਤੋਂ ਪਹਿਲਾ ਬਣੇ ਕਿਸੇ ਵੀ ਵਿਧਾਇਕ ਨੇ ਇਸ ਸਮੱਸਿਆ ਤੋਂ ਲੋਕਾਂ ਨੂੰ ਨਿਜ਼ਾਤ ਦਿਵਾਉਣ ਲਈ ਕੋਈ ਉਪਰਾਲਾ ਨਹੀਂ ਕੀਤਾ ਸੀ।ਉਮੀਦ ਕਰਦੇ ਹਾਂ ਕਿ ਵਿਧਾਇਕ ਡਾ.ਰਹਿਮਾਨ ਹਲਕੇ ਦੀਆਂ ਹੋਰਨਾਂ ਲੋੜਾਂ ਤੇ ਮੰਗਾਂ ਨੂੰ ਵੀ ਜਲਦੀ ਪੂਰਾ ਕਰਵਾਉਣ ਵੱਲ ਧਿਆਨ ਦੇਣਗੇ।















# ਨਹੀਂ ਮਿਲਦੇ ਹੁਣ 6 ਫੁਟੇ ਗੱਭਰੂ ਜਵਾਨ, ਨਸ਼ਿਆਂ ਨੇ ਨਿਗਲ ਲਈ ਪੰਜਾਬ ਦੀ ਜਵਾਨੀ

## ਹੋਈਆਂ ਹਜ਼ਾਰਾਂ ਮੌਤਾਂ ਦਾ ਜ਼ਿੰਮੇਵਾਰ ਕੌਣ, ਘਰ-ਘਰ ਵਿਛੇ ਸੱਥਰ





ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਇਕ ਸਮਾਂ ਹੁੰਦਾ ਸੀ ਜਦੋਂ ਪੰਜ ਦਰਿਆਵਾਂ ਦੀ ਧਰਤੀ ਪੰਜਾਬ 'ਚ ਹਰ ਘਰ ਅੰਦਰ ਜਿਥੇ 6-6 ਫੁੱਟ ਤੋਂ ਵੱਧ ਗੱਭਰੂ ਜਵਾਨ ਵੇਖਣ ਨੂੰ ਮਿਲਦੇ ਸਨ, ਉਥੇ ਹੀ ਉਨ੍ਹਾਂ ਦੀਆਂ ਗੱਲਾਂ ਉੱਪਰ ਸੂਹੇ ਲਾਲ ਰੰਗ ਚਮਕਦੇ ਸਨ ਅਤੇ ਚੌੜੀ ਛਾਤੀ ਕਰਕੇ ਕਈ ਕਿਲੋਮੀਟਰ ਦਾ ਪੈਦਲ ਪੈਂਡਾ ਤੈਅ ਕਰ ਲੈਂਦੇ ਸਨ ਪਰੰਤੂ ਅੱਜ ਪੰਜਾਬ ਦੇ ਹਲਾਤਾਂ ਦੀ ਜੇ ਗੱਲ ਕਰੀਏ ਤਾਂ ਇਥੇ ਹੁਣ 6 ਫੁੱਟ ਦੇ ਗੱਭਰੂ ਕਿਸੇ-ਕਿਸੇ ਘਰ 'ਚ ਹੀ ਦੇਖਣ ਨੂੰ ਮਿਲਦੇ ਹਨ। ਜਦਕਿ ਵੱਡੀ ਤਦਾਦ 'ਚ ਪੰਜਾਬੀ ਨੌਜਵਾਨ ਪਿੰਡ-ਪਿੰਡ ਪਹੁੰਚ ਚੁੱਕੇ ਮੌਤ ਰੂਪੀ ਚਿੱਟੇ ਦੇ ਨਸ਼ੇ ਦੀ ਗ੍ਰਿਫਤ 'ਚ ਆ ਕੇ ਮਰ ਰਹੇ ਹਨ ਤੇ ਟੀਕਿਆਂ ਦੀਆਂ ਸਰਿੰਜ਼ਾ ਉਨ੍ਹਾਂ ਦੇ ਹੱਥਾਂ-ਬਾਹਾਂ 'ਚ ਹੀ ਲੱਗੀਆਂ ਰਹਿ ਜਾਂਦੀਆਂ ਹਨ।ਇਹ ਬੜਾ ਖਤਰਨਾਕ ਰੁਝਾਨ ਹੈ। ਪੰਜਾਬ ਖਾਲੀ ਹੋ ਰਿਹਾ ਹੈ।ਨਸ਼ੇੜੀਆਂ ਦੇ ਮਾਂ-ਬਾਪ, ਪਤਨੀਆਂ ਅਤੇ ਬੱਚੇ ਰੁਲ ਰਹੇ ਹਨ।ਜ਼ਿਕਰਯੋਗ ਹੈ ਕਿ ਇਸ ਸੋਹਣੇ ਪੰਜਾਬ ਨੂੰ ਨਜ਼ਰ ਲੱਗਣ ਕਰਕੇ ਹਜ਼ਾਰਾਂ ਦੀ ਗਿਣਤੀ 'ਚ ਨੌਜਵਾਨ ਮਾਰੂ ਨਸ਼ੇ ਚਿੱਟੇ ਕਰਕੇ ਮੌਤ ਦੇ ਭੇਟ ਚੜ੍ਹ ਚੁੱਕੇ ਹਨ, ਜਿਸਦਾ ਜ਼ਿੰਮੇਵਾਰ ਕਿਸਨੂੰ ਮੰਨਿਆ ਜਾ ਸਕਦਾ, ਇਸ ਦਾ ਜਵਾਬ ਅੱਜ ਤੱਕ ਨਾ ਤਾਂ ਪੁਲਿਸ ਅਤੇ ਨਾ ਹੀ ਸਿਆਸੀ ਨੇਤਾ ਦੇ ਰਹੇ ਹਨ।ਇਸ ਅਤਿ ਗੰਭੀਰ ਮਸਲੇ ਨੂੰ ਲੈ ਕੇ ਅਦਾਰਾ "ਪੰਜਾਬੀ ਰੰਗ" ਵੱਲੋਂ ਇਹ ਵਿਸ਼ੇਸ਼ ਰਿਪੋਰਟ ਤਿਆਰ ਕੀਤੀ ਗਈ ਹੈ। ਪੰਜਾਬ ਜਿਹੜਾ ਕਦੇ ਰੰਗਾਂ 'ਚ ਵਸਦਾ ਸੀ, ਆਪਣੇ ਵਿਹੜਿਆਂ 'ਚ ਨੱਚਦਾ ਖੇਡਦਾ ਸੀ, ਅੱਜ ਉਸਦੇ ਖਿੜ੍ਹੇ ਫੁੱਲਾਂ ਨੂੰ ਚਿੱਟੀ ਵਗਦੀ ਹਵਾ ਨੇ ਝਾੜ ਕੇ ਰੱਖ ਦਿੱਤਾ ਹੈ।ਕੋਈ ਵਿਰਲਾ ਬੂਹਾ ਹੀ ਹੋਵੇਗਾ, ਜਿਸਦਾ ਸੁੱਖ ਚੈਨ ਇਸ ਨਸ਼ੇ ਨੇ ਨਾ ਖੋਹਿਆ ਹੋਵੇ।ਪੰਜਾਬ ਅੰਦਰ ਨਸ਼ਿਆਂ ਨੇ ਅਨੇਕਾਂ ਘਰ ਤੋੜ ਦਿੱਤੇ ਹਨ।ਪਤੀ-ਪਤਨੀਆਂ ਦੇ ਝਗੜੇ ਨਸ਼ਿਆਂ ਕਾਰਨ ਹੋ ਰਹੇ ਹਨ।ਜਿਸ ਕਰਕੇ ਗੱਲ ਤਲਾਕਾਂ ਤੱਕ ਪਹੁੰਚ ਚੁੱਕੀ ਹੈ।ਵੱਡੀ ਗਿਣਤੀ ਤਲਾਕਾਂ ਦਾ ਕਾਰਨ ਨਸ਼ੇ ਹਨ।ਬਹੁਤ ਸਾਰੇ ਬੱਚਿਆਂ ਦਾ ਭਵਿੱਖ ਵੀ ਖਰਾਬ ਹੋ ਗਿਆ ਹੈ।ਉਹ ਰੁਲ ਰਹੇ ਹਨ।ਪੜ੍ਹਣ ਤੋਂ ਵਾਂਝੇ ਰਹਿ ਜਾਂਦੇ ਹਨ।

ਭਾਵੇਂ ਸਿਆਸੀ ਪਾਰਟੀਆਂ ਨਸ਼ਿਆਂ ਦੇ ਮੁੱਦੇ 'ਤੇ ਇਕ-ਦੂਜੇ ਨੂੰ ਕੋਸ ਰਹੀਆਂ ਹਨ ਤੇ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਅਸੀਂ ਤਾਂ ਦੁੱਧ ਧੋਤੇ ਆ, ਨਸ਼ੇ ਤਾਂ ਦੂਜੇ ਵਿਕਾਉਂਦੇ ਹਨ ਪਰ ਅਸਲ ਸੱਚ ਇਹ ਹੈ ਕਿ ਕੋਈ ਵੀ ਸੂਬੇ ਨੂੰ ਨਸ਼ਿਆਂ ਤੋਂ ਬਚਾਉਣ ਲਈ ਆਪਣੀ ਜ਼ਿੰਮੇਵਾਰੀ ਨਹੀਂ ਸਮਝ ਰਿਹਾ ਕਿ ਨਸ਼ਿਆਂ ਦੇ ਖਾਤਮੇ ਲਈ ਕਿਹੜੇ ਉਪਰਾਲੇ ਕੀਤੇ ਜਾਣ।ਹੁਣ ਤੱਕ ਨਸ਼ਿਆਂ 'ਤੇ ਸਿਰਫ ਸਿਆਸਤ ਹੀ ਹੋਈ ਹੈ, ਜਦ ਕਿ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਨੂੰ ਖਾ ਲਿਆ ਹੈ। ਹਜ਼ਾਰਾਂ ਮੌਤਾਂ ਨਸ਼ਿਆਂ ਨਾਲ ਹੋਈਆਂ ਹਨ ਤੇ ਘਰ-ਘਰ ਸੱਥਰ ਵਿਛੇ ਹਨ।ਨਸ਼ੇ ਨੇ ਲੱਖਾਂ ਘਰਾਂ ਨੂੰ ਬਰਬਾਦ ਕਰ ਦਿੱਤਾ ਹੈ ਤੇ ਅਨੇਕਾਂ ਘਰਾਂ ਨੂੰ ਜਿੰਦਰੇ ਲਵਾ ਦਿੱਤੇ ਹਨ।ਜਿਸ ਨਾਲ ਹੱਸਦੇ ਵੱਸਦੇ ਪੰਜਾਬ ਦੀ ਬਰਬਾਦੀ ਹੁੰਦੀ ਲੋਕ ਅੱਖੀ ਵੇਖ ਰਹੇ ਹਨ।ਹਰ 13 ਸਕਿੰਟ ਬਾਅਦ ਇਕ ਭਾਰਤੀ ਦੀ ਮੌਤ ਨਸ਼ੇ ਕਰਕੇ ਹੁੰਦੀ ਹੈ ਅਤੇ ਪੰਜਾਬ 'ਚ ਹਰ ਕੁਝ ਘੰਟਿਆਂ ਬਾਅਦ ਇਕ ਨੌਜਵਾਨ ਮੌਤ ਦੇ ਮੂੰਹ 'ਚ ਜਾ ਰਿਹਾ ਹੈ, ਜੇ ਇਹ ਸਾਰਾ ਕੁਝ ਵਾਪਰ ਰਿਹਾ ਹੈ ਤਾਂ ਫਿਰ ਸਾਡੇ ਪੰਜਾਬ ਦਾ ਭਵਿੱਖ ਕੀ ਹੋਵੇਗਾ।

**ਨਸ਼ਿਆਂ ਨੇ ਪੰਜਾਬ ਦੀ ਹਾਲਤ ਬਦ ਤੋਂ ਬਦਤਰ ਬਣਾਈ**

ਨਸ਼ਿਆਂ ਦੇ ਹੜ੍ਹ ਨੇ ਪੰਜਾਬ ਅਤੇ ਇਸ ਦੇ ਵਸਿੰਦਿਆਂ ਦੀ ਹਾਲਤ ਬਦ ਤੋਂ ਬਦਤਰ ਬਣਾਉਣ 'ਚ ਬਹੁਤ ਹੀ ਵਿਨਾਸ਼ਕਾਰੀ ਭੂਮਿਕਾ ਨਿਭਾਈ ਹੈ।ਨਸ਼ਿਆਂ ਦੀ ਮਾਰ ਨੇ ਲੋਕਾਂ 'ਤੇ ਬੋਝ ਵਧਾਉਣ ਲਈ ਮਾਰੂ ਕੰਮ ਕੀਤਾ ਹੈ।ਪੰਜਾਬ ਦੀ ਧਰਤੀ ਪੰਜ ਦਰਿਆਵਾਂ ਦੀ ਧਰਤੀ ਹੀ ਨਹੀਂ ਰਹੀ, ਬਲਕਿ ਹੁਣ ਇਥੇ ਛੇਵਾਂ ਦਰਿਆ ਨਸ਼ਿਆਂ ਦਾ ਵੀ ਵਗ ਰਿਹਾ ਹੈ।ਜ਼ਿਆਦਾ ਵਸੋਂ ਹੁਣ ਇਸੇ ਦਰਿਆ ਦੀ ਮਾਰ ਹੇਠ ਹੈ।ਨਸ਼ਿਆਂ ਦੇ ਦਰਿਆ ਨੇ ਨੌਜਵਾਨੀ ਨੂੰ ਬੁਰੀ ਤਰ੍ਹਾਂ ਆਪਣੇ ਚੁੰਗਲ 'ਚ ਲੈ ਲਿਆ ਹੈ।ਇਸ ਦੇ ਵਹਿਣ 'ਚ ਸਿਰਫ ਨਸ਼ੇੜੀ ਹੀ ਨਹੀਂ ਵਹਿੰਦੇ ਸਗੋਂ ਪਰਿਵਾਰ ਦੀਆਂ ਖੁਸ਼ੀਆਂ ਅਤੇ ਖੁਸ਼ਹਾਲੀ ਨੂੰ ਵੀ ਵਹਾ ਕੇ ਲੈ ਜਾਂਦੇ ਹਨ।

### ਨਸ਼ੇ ਦੇ ਆਦੀ ਨੌਜਵਾਨਾਂ ਨੂੰ ਘਬਰਾਉਣ ਦੀ ਲੋੜ ਨਹੀਂ : ਡਾਕਟਰ ਕਥੂਰੀਆ



ਨੌਜਵਾਨਾਂ 'ਚ ਨਸ਼ਿਆਂ ਦਾ ਵਧ ਰਿਹਾ ਰੁਝਾਨ ਬੇਹੱਦ ਚਿੰਤਾਜਨਕ ਹੈ ਤੇ ਇਹ ਸਾਡੇ ਆਉਣ ਵਾਲੇ ਬੂਰੇ ਵਕਤ ਦੀ ਨਿਸਾਨੀ ਹੈ।ਨਸ਼ੇ ਦੇ ਆਦੀ ਨੌਜਵਾਨ ਦਾ ਇਲਾਜ਼ ਸੰਭਵ ਹੈ ਅਤੇ ਇਸ ਸਬੰਧੀ ਉਸਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਹੈ।ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਪ੍ਰੇਮ ਨਿਓਰੋ ਸੈਂਟਰ ਮਾਲੇਰਕੋਟਲਾ ਦੇ ਮਨੋਰੋਗ ਮਾਹਿਰ ਡਾਕਟਰ ਪੁਨੀਤ ਕਥੂਰੀਆ ਨੇ ਕੀਤਾ।ਉਨ੍ਹਾਂ ਦੱਸਿਆ ਕਿ ਹਰ ਕਿਸਮ ਦੇ ਨਸ਼ੇ ਦਾ ਆਦੀ ਹੋਣ ਵਾਲੇ ਨੌਜਵਾਨ ਲੜਕੇ-ਲੜਕੀਆਂ ਦਾ ਇਲਾਜ ਸਹੀ ਢੰਗ ਨਾਲ ਉਨ੍ਹਾਂ ਵੱਲੋਂ ਕੀਤਾ ਜਾ ਰਿਹਾ ਹੈ ਅਤੇ ਨੌਜਵਾਨ ਤੰਦਰੁਸ਼ਤ ਹੋ ਕੇ ਆਪਣੀ ਪੁਰਾਣੀ ਜਿੰਦਗੀ 'ਚ ਵਾਪਸ ਆ ਰਹੇ ਹਨ, ਜਿਸ ਨਾਲ ਉਹ ਆਪਣੇ ਪਰਿਵਾਰ ਨੂੰ ਖੁਸ਼ਹਾਲ ਬਣਾ ਕੇ ਆਪਣੇ ਕੰਮ ਧੰਦੇ 'ਚ ਲੱਗ ਰਹੇ ਹਨ।ਉਨ੍ਹਾਂ ਕਿਹਾ ਕਿ ਨਸ਼ੇ ਦੇ ਆਦੀ ਨੌਜਵਾਨਾਂ ਦਾ ਇਲਾਜ਼ ਸੰਭਵ ਹੈ।ਉਨ੍ਹਾਂ ਕਿਹਾ ਕਿ ਨਸ਼ੇ ਆਦਮੀ ਦੀ ਅੰਦਰੂਨੀ ਕੁਦਰਤੀ ਸ਼ਕਤੀ ਦਾ ਨਾਸ਼ ਕਰ ਦਿੰਦੇ ਹਨ।ਸਾਡੇ ਸਮਾਜ 'ਚ ਬੱਚੇ ਦੇ ਜਨਮ ਤੋਂ ਲੈ ਕੇ ਮੰਗਣੀ, ਵਿਆਹ, ਨੌਕਰੀ, ਰਿਟਾਇਰਮੈਂਟ ਆਦਿ ਕੋਈ ਵੀ ਰਸਮ ਨਸ਼ੇ ਬਿਨਾਂ ਪੂਰੀ ਨਹੀਂ ਹੁੰਦੀ।ਸਕੂਲਾਂ ਤੇ ਕਾਲਜਾਂ ਦੇ ਵਿਦਿਆਰਥੀਆਂ 'ਚ ਨਸ਼ਿਆਂ ਦੀ ਵਰਤੋਂ ਹੋਰ ਵੀ ਖਤਰਨਾਕ ਰੂਪ ਧਾਰਨ ਕਰਦੀ ਜਾ ਰਹੀ ਹੈ।ਇਸ ਲਈ ਸਾਰੇ ਵਰਗਾਂ ਦੇ ਲੋਕਾਂ ਨੂੰ ਇੱਕਠੇ ਹੋ ਕੇ ਇਸ ਪਾਸੇ ਧਿਆਨ ਦੇਣ ਦੀ ਲੋੜ ਹੈ।

**ਕੀ ਕਹਿਣਾ ਹੈ ਸਮਾਜ ਸੇਵਕਾਂ ਦਾ :** ਸਮਾਜ ਸੇਵਕ ਐਡਵੋਕੇਟ ਹਰਦੀਪ ਸਿੰਘ ਖਟੜਾ, ਐਡਵੋਕੇਟ ਅਬਦੁਲ ਸੱਤਾਰ ਰੋਹੀੜਾ ਮੁਕਰਮ ਸ਼ੈਫੀ, ਸਗੀਰ ਹੁਸੈਨ ਜੈਦੀ,z ਅਤੇ ਮਾਸਟਰ ਮੁਹੰਮਦ ਜਮੀਲ ਨੇ ਕਿਹਾ ਕਿ ਪੰਜਾਬ 'ਚੋਂ ਨਸ਼ਿਆਂ ਨੂੰ ਰੋਕਣ ਲਈ ਸਾਰੀਆਂ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਇਕ ਮੁੱਠ ਹੋਣਾ ਚਾਹੀਦਾ ਹੈ।ਜਿੰਨ੍ਹਾਂ ਚਿਰ ਸਿਆਸੀ ਪਾਰਟੀਆਂ ਦੇ ਨੇਤਾ ਇਸ ਮਸਲੇ 'ਤੇ ਇੱਕਠੇ ਨਹੀਂ ਹੁੰਦੇ, ਉਨਾਂ ਚਿਰ ਨਸ਼ੇ ਪੰਜਾਬ 'ਚੋਂ ਨਹੀਂ ਮੁੱਕਣੇ ਤੇ ਪੰਜਾਬ ਦੀ ਜਵਾਨੀ ਵੀ ਨਹੀਂ ਰਹਿਣੀ।ਉਨ੍ਹਾਂ ਕਿਹਾ ਕਿ ਜੇਕਰ ਪੰਜਾਬ ਪੁਲਿਸ ਨੂੰ ਸਮੇਂ ਦੀਆਂ ਸਰਕਾਰਾਂ ਸਿਆਸਤ ਤੋਂ ਮੁਕਤ ਕਰਨ ਤਾਂ ਨਸ਼ਾ ਬੰਦ ਹੋ ਸਕਦਾ।ਉਨ੍ਹਾਂ ਇਹ ਵੀ ਕਿਹਾ ਕਿ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਨੇ ਖਾ ਲਿਆ ਹੈ।ਤਕੜੇ ਜੁੱਸੇ ਵਾਲਾ ਕੋਈ ਗੱਭਰੂ ਜਾਂ ਮੁਟਿਆਰ ਨਹੀਂ ਰਹੀ ਤੇ ਇਹ ਗੰਭੀਰ ਚਿੰਤਾ ਵਾਲਾ ਮਾਮਲਾ ਹੈ।ਸਮਾਜ ਦੇ ਸਾਰੇ ਵਰਗਾਂ ਦੇ ਲੋਕਾਂ ਨੂੰ ਵੀ ਇਸ ਮਸਲੇ ਦਾ ਹੱਲ ਕੱਢਣ ਲਈ ਅੱਗੇ ਆਉਣ ਦੀ ਲੋੜ ਹੈ।

ਸ਼ਰਾਬ, ਨਸ਼ੇ ਦੀਆਂ ਗੋਲੀਆਂ, ਚਰਸ, ਗਾਂਜਾ, ਭੁਕੀ, ਡੋਡੇ, ਹੈਰੋਇਨ, ਸਮੈਕ, ਨਸ਼ੇ ਦੀਆਂ ਸ਼ੀਸ਼ੀਆਂ, ਟੀਕੇ, ਸੰਬਾਕੂ ਪਤਾ ਨਹੀਂ ਕਿੰਨੇ ਹੀ ਹੋਰ ਅਜਿਹੇ ਨਸ਼ੇ ਵਾਲੇ ਪਦਾਰਥਾਂ ਨੇ ਪੰਜਾਬ ਨੂੰ ਪੂਰੀ ਤਰ੍ਹਾਂ ਆਪਣੀ ਮਾਰ ਹੇਠ ਲਿਆ ਹੋਇਆ ਹੈ।ਅੱਜ ਪੰਜਾਬ ਦੇ ਬੁੱਲਾਂ 'ਚ ਜ਼ਰਦੇ, ਨਾੜਾਂ 'ਚ ਟੀਕੇ ਹਨ।ਘਰ-ਘਰ ਚਿੱਟੀ ਅੱਗ ਬਲ ਰਹੀ ਹੈ, ਜਿਸਦੇ ਧੂੰਏਂ 'ਚ ਨਾ ਸਿਰਫ ਖੂਨ-ਪਸੀਨਿਆਂ ਦੀ ਕਮਾਈ ਫੂਕ ਰਹੀ ਹੈ, ਸਗੋਂ ਮਾਵਾਂ, ਪਤਨੀਆਂ, ਭੈਣਾਂ-ਭਰਾਵਾਂ ਅਤੇ ਪਿਤਾਵਾਂ ਦੀਆਂ ਖੁਸ਼ੀਆਂ ਵੀ ਕਤਲ ਹੋ ਰਹੀਆਂ ਹਨ।ਪੰਜਾਬ 'ਚ ਕਿਸੇ ਵੀ ਨਸ਼ੇ ਦਾ ਉਤਪਾਦਨ ਨਹੀਂ ਹੁੰਦਾ ਅਤੇ ਪੰਜਾਬ 'ਚ ਸਮੈਕ, ਹੈਰੋਇਨ, ਗਾਂਜਾ ਅਤੇ ਚਿੱਟੇ ਸਮੇਤ ਹੋਰ ਨਸ਼ਿਆਂ ਦੀ ਆਮਦ ਅੰਤਰਰਾਸ਼ਟਰੀ ਸਰਹੱਦ ਰਾਹੀਂ ਜਾਂ ਫਿਰ ਗੁਆਂਢੀ ਰਾਜਾਂ ਤੋਂ ਹੁੰਦੀ ਹੈ।ਕੌਮਾਂਤਰੀ ਸਰਹੱਦ ਤੋਂ ਹੁੰਦੀ ਨਸ਼ਿਆਂ ਦੀ ਤਸ਼ਕਰੀ ਰੋਕਣ ਦੀ ਜ਼ਿੰਮੇਵਾਰੀ ਕੇਂਦਰੀ ਏਜੰਸੀਆਂ ਦੀ ਹੈ।

**ਨਸ਼ਿਆਂ ਨੇ ਲੁੱਟਾਂ-ਖੋਹਾਂ, ਕਤਲਾਂ ਅਤੇ ਸੜਕ ਹਾਦਸਿਆਂ 'ਚ ਕੀਤਾ ਵਾਧਾ**

ਸੂਬੇ ਅੰਦਰ ਵਾਪਰਦੇ ਸੜਕ ਹਾਦਸਿਆਂ 'ਚ ਜੋ ਮਨੁੱਖੀ ਖੂਨ ਡੁੱਲ੍ਹਦਾ ਹੈ, ਕੀਮਤੀ ਜਾਨਾਂ ਜਾ ਰਹੀਆਂ ਹਨ, ਉਹ ਵੀ ਤਾਂ ਨਸ਼ਿਆਂ ਕਰਕੇ ਹੀ ਹੋ ਰਿਹਾ ਹੈ ਕਿਉਂਕਿ ਅਨੇਕਾਂ ਲੋਕ ਨਸ਼ੇ ਕਰਕੇ ਵਾਹਨ ਚਲਾਉਂਦੇ ਹਨ।ਸੂਬੇ ਅੰਦਰ ਅਮਨ-ਕਾਨੂੰਨ ਦੀ ਸਥਿਤੀ ਬੜੀ ਮਾੜੀ ਹੋ ਚੁੱਕੀ ਹੈ।ਡਰ ਤੇ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ ਕਿਉਂਕਿ ਨਸ਼ਿਆਂ ਦੀ ਪੂਰਤੀ ਲਈ ਨਸ਼ੇੜੀ ਕੁਝ ਵੀ ਕਰਨ ਲਈ ਤਿਆਰ ਹਨ।ਇਥੋਂ ਤੱਕ ਕਿ ਆਪਣੇ ਮਾਂ-ਬਾਪ ਦਾ ਕਤਲ ਵੀ ਕਰ ਦਿੰਦੇ ਹਨ।ਹਲਾਤ ਇਹ ਹੋ ਚੁੱਕੇ ਹਨ ਕਿ ਨਸ਼ਿਆਂ ਦੀ ਪੂਰਤੀ ਲਈ ਨੌਜਵਾਨ ਪੀੜ੍ਹੀ ਗਲਤ ਰਾਹਾਂ 'ਤੇ ਤੁਰ ਰਹੀ ਹੈ ਤੇ ਗਲਤ ਕੰਮ ਕਰਦੀ ਹੈ।ਚੋਰੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੀਆਂ ਘਟਨਾਵਾਂ ਨਸ਼ਿਆਂ ਦਾ ਹੀ ਨਤੀਜ਼ਾ ਹਨ।

**ਪਿੰਡ ਪੱਧਰ 'ਤੇ ਰੀ-ਹੈਬਲੀਟੇਸ਼ਨ ਸੈਂਟਰ ਖੋਲ੍ਹੇ ਜਾਣ**

ਪੰਜਾਬ ਹਰ ਖੇਤਰ 'ਚ ਲਗਾਤਾਰ ਪਛੜਿਆ ਦਿਖਾਈ ਦੇ ਰਿਹਾ ਹੈ।ਪੰਜਾਬ ਦੀ ਆਰਥਿਕਤਾ ਦਿਨੋ-ਦਿਨ ਕਮਜ਼ੋਰ ਹੋ ਰਹੀ ਹੈ।ਅੱਜ ਲੋੜ ਹੈ ਨਸ਼ਾ ਸਮੱਗਲਰੀ 'ਤੇ ਸਖਤਾਈ ਕਰਨ ਦੇ ਨਾਲ-ਨਾਲ ਉਨ੍ਹਾਂ ਬਾਰੇ ਵੀ ਸੋਚਣ ਦੀ ਜੋ ਇਸ ਦਲਦਲ 'ਚ ਨੱਕ ਤੱਕ ਫਸ ਚੁੱਕੇ ਹਨ।ਤਸ਼ਕਰਾਂ ਦੇ ਮੁੱਢ-ਕਦੀਮੋ ਸਫਾਏ ਤੋਂ ਇਲਾਵਾ ਪਿੰਡ ਪੱਧਰ 'ਤੇ ਰੀ-ਹੈਬਲੀਟੇਸ਼ਨ ਸੈਂਟਰ ਖੋਲ੍ਹੇ ਜਾਣ, ਜਿਥੇ ਜਿੰਦਗੀ ਤੋਂ ਬੇਮੁੱਖ ਹੋਏ ਲੋਕਾਂ 'ਚ ਜੀਉਣ ਦਾ ਜਜ਼ਬਾ ਪੈਦਾ ਕੀਤਾ ਜਾਵੇ।ਹਾਕਮਾਂ ਨੂੰ ਚਾਹੀਦਾ ਹੈ ਕਿ ਉਹ ਰੈਲੀਆਂ 'ਚ ਸ਼ਬਦੀ ਨਾਅਰੇ ਛੱਡਣ ਦੀ ਥਾਂ ਨਸ਼ੇ ਵਿਰੁੱਧ ਪਾਕ ਨੀਅਤ ਨਾਲ ਸੰਘਰਸ਼ ਕਰਨ।ਪੰਜਾਬ 'ਚ ਸਥਿਤੀ ਇਹ ਹੈ ਕਿ ਜੇਕਰ ਨਸ਼ਿਆਂ ਦੇ ਖਿਲਾਫ ਕਾਰਗਰ ਕਦਮ ਨਾ ਉਠਾਏ ਗਏ ਤਾਂ ਘਰਾਂ ਦੇ ਵਿਹੜਿਆਂ 'ਚੋਂ ਜਵਾਨੀਆਂ ਅਤੇ ਖੁਸ਼ੀਆਂ ਪੂਰੀ ਤਰ੍ਹਾਂ ਗੁਆਚ ਜਾਣਗੀਆਂ।

**ਅੰਕੜੇ ਬੋਲਦੇ ਹਨ**

ਆਲ ਇੰਡੀਆਂ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਦੇ ਅੰਕੜਿਆਂ ਅਨੁਸਾਰ ਪੰਜਾਬ 'ਚ ਅਲਕੋਹਲ (ਸ਼ਰਾਬ) ਪੀਣ ਵਾਲੇ 28.5 ਫੀਸਦੀ ਲੋਕ ਹਨ ਜਦਕਿ ਰਾਸ਼ਟਰੀ ਔਸਤ 14.6 ਫੀਸਦੀ ਹੈ।ਹੈਰੋਇਨ, ਚਿੱਟਾ ਆਦਿ ਪੀਣ ਵਾਲੇ ਪੰਜਾਬ 'ਚ 9.7 ਫੀਸਦੀ ਹਨ ਜਦਕਿ ਰਾਸ਼ਟਰੀ ਔਸਤ 2.1 ਫੀਸਦੀ ਹੈ।ਜ਼ਾਹਿਰ ਹੈ ਕਿ ਨਸ਼ੇ ਵਰਤਣ ਵਾਲਿਆਂ ਦੀ ਗਿਣਤੀ ਪੰਜਾਬ 'ਚ ਜ਼ਿਆਦਾ ਹੈ।ਪੰਜਾਬ 'ਚ ਨਸ਼ੇ ਵਰਤਣ ਕਾਰਨ ਮਰਨ ਵਾਲਿਆਂ ਦੀ ਗਿਣਤੀ ਲਗਾਤਾਰ ਵਧੀ ਹੈ ਅਤੇ ਪੰਜਾਬ 'ਚ ਨਸ਼ੇ ਉਦੋਂ ਤੱਕ ਬੰਦ ਨਹੀਂ ਹੋ ਸਕਦੇ ਜਦੋਂ ਤੱਕ ਨਸ਼ਾ ਸਮੱਗਲਰਾਂ, ਭੈੜੇ ਪੁਲਿਸ ਅਫਸਰਾਂ ਅਤੇ ਲਾਲਚੀ ਸਿਆਸਤਦਾਨਾਂ ਦੀ ਤਿਕੜੀ ਤੋੜੀ ਨਹੀਂ ਜਾਂਦੀ।

ਪੰਜਾਬ ਦਾ ਪੇਂਡੂ ਇਲਾਕਾ ਖਾਸ ਤੌਰ 'ਤੇ ਨਸ਼ਿਆਂ ਦੀ ਲਪੇਟ 'ਚ ਹੈ।ਨਸ਼ਿਆਂ 'ਚ ਪੇਂਡੂ ਨੌਜਵਾਨਾਂ ਦਾ ਵੱਧ ਹੋਣਾ ਬੇਰੋਜ਼ਗਾਰੀ ਰਿਸ਼ਤਿਆਂ 'ਚ ਟੁੱਟ ਭੱਜ, ਆਰਥਿਕ ਤੰਗੀ-ਤੁਰਸੀ, ਅਤੇ ਸੱਭਿਆਚਾਰਕ ਤਾਣੇ-ਬਾਣੇ 'ਚ ਵਿਗਾੜ ਦਾ ਹੋਣਾ ਹੈ।ਨਸ਼ਿਆਂ ਕਾਰਨ ਜਿਥੇ ਸਮਾਜਿਕ ਵਿਗਾੜ ਵਧਿਆ ਹੈ ਉਥੇ ਸਿਹਤ ਨੇ ਤਾਂ ਖਰਾਬ ਹੋਣਾ ਹੀ ਸੀ ਪਰ ਨੌਜਵਾਨ ਗੱਭਰੂ ਮੁਟਿਆਰਾਂ 'ਚ ਜਨਣ ਪ੍ਰਕਿਰਿਆ 'ਚ ਘਾਟ ਦਿਸਣ ਲੱਗੀ ਹੈ।ਇਹ ਅਣਖੀਲੀ ਪੰਜਾਬੀ ਕੌਮ ਲਈ ਇਕ ਤ੍ਰਿਸ਼ਕਾਰ ਦੀ ਸਥਿਤੀ ਬਣ ਚੁੱਕੀ ਹੈ।

ਪੰਜਾਬ ਨੂੰ ਪਹਿਲਾਂ ਕੁੜੀ ਮਾਰ ਸੂਬੇ ਵਜੋਂ ਅਤੇ ਹੁਣ ਪੰਜਾਬੀਆਂ ਨੂੰ ਨਸ਼ੱਈਆਂ ਵਜੋਂ ਸ਼ਰਮਿੰਦਗੀ ਉਠਾਉਣੀ ਪੈ ਰਹੀ ਹੈ।ਇਕ ਸਰਵੇ ਅਨੁਸਾਰ ਗੋਆ ਦੀ 78 ਫੀਸਦੀ, ਅਤੇ ਪੰਜਾਬ ਦੀ 77.5 ਫੀਸਦੀ ਪੇਂਡੂ ਆਬਾਦੀ ਕੋਈ ਨਾ ਕੋਈ ਨਸ਼ਾ ਕਰਦੀ ਹੈ, ਜਿਸ 'ਚ ਸ਼ਰਾਬ, ਡੋਡੇ, ਅਫੀਮ, ਹੈਰੋਇਨ (ਚਿੱਟਾ) ਅਤੇ ਹੋਰ ਸੰਥੈਟਿਕ ਨਸ਼ੇ ਸ਼ਾਮਲ ਹਨ।ਇਕ ਹੋਰ ਰਿਪੋਰਟ ਇਹ ਵੀ ਕਹਿੰਦੀ ਹੈ ਕਿ ਮੇਘਾਲਿਆ ਦੇ 90.7 ਫੀਸਦੀ ਅਤੇ ਮੀਜ਼ੋਰਮ ਦੇ 91 ਫੀਸਦੀ ਸ਼ਹਿਰੀ ਲੋਕ ਨਸ਼ਿਆਂ ਤੋਂ ਛੁਟਕਾਰਾ ਪਾਉਣ ਲਈ ਅਤੇ ਇਲਾਜ਼ ਕਰਾਉਣ ਲਈ ਅੱਗੇ ਆਏ ਹਨ ਜਦਕਿ ਪੰਜਾਬ ਦੇ ਨੌਜਵਾਨ ਜਾਂ ਲੋਕ ਵਾਹ ਲਗਾਉਣ 'ਤੇ ਵੀ ਨਸ਼ਾ ਛਡਾਊ ਕੇਂਦਰਾਂ 'ਚ ਜਾਣ ਤੋਂ ਕੰਨੀ ਕਤਰਾਉਂਦੇ ਹਨ ਅਤੇ ਉਥੇ ਜਾਣ 'ਚ ਸ਼ਰਮਿੰਦਗੀ ਮਹਿਸੂਸ ਕਰਦੇ ਹਨ।

ਨਸ਼ਿਆਂ ਦੀ ਮਾਰ ਘਰ-ਘਰ 'ਚ ਹੈ।ਕੋਈ ਸ਼ਰਾਬ ਦੇ ਨਾਲ ਪੀੜਤ ਹੈ ਅਤੇ ਕੋਈ ਹੋਰ ਕਿਸੇ ਸੰਥੈਟਿਕ ਨਸ਼ੇ ਨਾਲ।ਨਿੱਤ ਦਿਹਾੜੇ ਨਸ਼ੇ ਦੀ ਵਾਧੂ ਖੁਰਾਕ ਲੈਣ ਨਾਲ ਨੌਜਵਾਨਾਂ ਦੀਆਂ ਮੌਤਾਂ ਹੋਣ ਦੀਆਂ ਖਬਰਾਂ ਅਕਸਰ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਹਨ।ਪਰਿਵਾਰਾਂ 'ਚ ਕਲੇਸ਼ ਤਾਂ ਪੈਂਦਾ ਹੀ ਹੈ, ਨਸ਼ੇ ਕਰਨ ਵਾਲੇ ਚੋਰੀਆਂ, ਲੁੱਟਾਂ ਦੇ ਰਾਹ ਪੈ ਕੇ ਆਪਣਾ ਜੀਵਨ ਔਖਾ ਕਰ ਰਹੇ ਹਨ।ਨਸ਼ਿਆਂ ਦੀ ਲਾਹਨਤ ਕਾਰਨ ਪੰਜਾਬ ਵੱਡਾ ਨੁਕਸਾਨ ਝੱਲ ਚੁੱਕਾ ਹੈ ਅਤੇ ਹਰ ਦਿਨ ਲਗਾਤਾਰ ਨਸ਼ਿਆਂ ਦੀ ਮਾਰ ਹੇਠ ਆ ਰਿਹਾ ਹੈ।

# ਬਕਰਾਈਦ 'ਤੇ ਵਿਸ਼ੇਸ਼ : ਇਸਲਾਮ 'ਚ ਕੁਰਬਾਨੀ ਦਾ ਮਹੱਤਵ ਅਤੇ ਕਿਵੇਂ ਤੇ ਕਿਉਂ ਸ਼ੁਰੂ ਹੋਈ ਕੁਰਬਾਨੀ



ਜ਼ਿੰਦਗੀ ਰੂਪੀ ਪੰਧ ਨੂੰ ਗੁਜ਼ਾਰਨ ਲਈ ਮਨੁੱਖ ਨੂੰ ਸੰਸਾਰ ਵਿੱਚ ਬਹੁਤ ਸਾਰੀਆਂ ਚੀਜ਼ਾਂ ਦੀ ਜ਼ਰੂਰਤ ਪੈਂਦੀ ਹੈ, ਪਰ ਇਹ ਚੀਜ਼ਾਂ ਉਹ ਬਿਨਾਂ ਕਿਸੇ ਕੁਰਬਾਨੀ (ਕੁੱਝ ਅਰਪਣ ਕਰਨ) ਤੋਂ ਪ੍ਰਾਪਤ ਨਹੀਂ ਕਰ ਸਕਦਾ।ਮਕਸਦ ਜਿੰਨ੍ਹਾਂ ਅਜ਼ੀਮ (ਵੱਡਾ) ਹੁੰਦਾ ਹੈ, ਕੁਰਬਾਨੀ ਵੀ ਉਨੀ ਹੀ ਵੱਡੀ ਹੋਣੀ ਲਾਜ਼ਮੀ ਹੈ।ਕੁਰਬਾਨੀ ਦੀ ਤਾਰੀਖ (ਇਤਿਹਾਸ) ਉਨੀ ਹੀ ਪੁਰਾਣੀ ਹੈ ਜਿੰਨੀ ਕਿ ਮਨੁੱਖ ਦੀ ਤਾਰੀਖ।ਸਮੇਂ-ਸਮੇਂ 'ਤੇ ਮਹਾਂਪੁਰਸ਼ਾਂ, ਅਵਤਾਰਾਂ ਅਤੇ ਪੀਰਾਂ ਨੇ ਮਨੁੱਖਤਾ ਦੀ ਹਦਾਇਤ ਲਈ ਤਰਾਂ-ਤਰਾਂ ਦੀਆਂ ਕੁਰਬਾਨੀਆਂ ਦਿੱਤੀਆਂ।ਕੁਰਬਾਨੀ ਦੀ ਰਸਮ ਹਰੇਕ ਧਰਮ ਵਿੱਚ ਚੱਲੀ ਆ ਰਹੀ ਹੈ।ਇਸਲਾਮ ਧਰਮ ਵਿੱਚ ਮਨੁੱਖਤਾ ਦੀ ਹਦਾਇਤ ਲਈ ਸਾਰੇ ਹੀ ਨਬੀਆਂ (ਅਵਤਾਰਾਂ) ਅਤੇ ਰਸੂਲਾਂ ਨੇ ਕਈ ਤਰਾਂ ਦੀਆਂ ਕੁਰਬਾਨੀਆਂ ਪੇਸ਼ ਕੀਤੀਆਂ ਅਤੇ ਰੱਬ ਦੀ ਰਜ਼ਾ (ਖੁਸ਼ੀ) ਪ੍ਰਾਪਤ ਕੀਤੀ।ਇੱਥੋਂ ਤੱਕ ਕਿ ਇਸਲਾਮ ਦੇ ਆਖਰੀ ਨਬੀ ਹਜ਼ਰਤ ਮੁਹੰਮਦ (ਸਲ.) ਦੀ ਪੂਰੀ ਜ਼ਿੰਦਗੀ ਤਰਾਂ-ਤਰਾਂ ਦੀਆਂ ਕੁਰਬਾਨੀਆਂ ਨਾਲ ਭਰੀ ਪਈ ਹੈ।ਸ੍ਰੀ ਰਾਮ ਚੰਦਰ ਜੀ ਦੁਆਰਾ 14 ਸਾਲਾਂ ਲਈ ਅਯੁੱਧਿਆ ਨੂੰ ਛੱਡਣਾ ਕੁਰਬਾਨੀ ਦੀ ਬਹੁਤ ਵੱਡੀ ਉਦਾਹਰਨ ਹੈ।ਇਸਲਾਮੀ ਤਾਰੀਖ ਵਿੱਚ ਸਭ ਤੋਂ ਪਹਿਲੀ ਕੁਰਬਾਨੀ ਹਜ਼ਰਤ ਆਦਮ (ਅਲੈ.) ਦੇ ਦੋ ਪੁੱਤਰਾਂ ਹਾਬੀਲ ਤੇ ਕਾਬੀਲ ਨੇ ਪੇਸ਼ ਕੀਤੀ।ਕਾਬੀਲ ਨੇ ਜਦੋਂ ਦਸਤੂਰ ਤੋਂ ਉਲਟ ਆਪਣੇ ਹੀ ਨਾਲ ਪੈਦਾ ਹੋਈ ਭੈਣ ਨਾਲ ਵਿਆਹ ਕਰਨਾ ਚਾਹਿਆ ਤਾਂ ਰੱਬ ਨੇ ਹਾਬੀਲ ਤੇ ਕਾਬੀਲ ਨੂੰ ਕੁਰਬਾਨੀ ਕਰਨ ਦਾ ਹੁਕਮ ਦਿੱਤਾ।ਜਿਸ ਵਿੱਚ ਹਾਬੀਲ ਦੀ ਕੁਰਬਾਨੀ ਮਨਜ਼ੂਰ ਹੋਈ।ਇਸ ਸਿਲਸਿਲੇ ਦੀ ਅਹਿਮ (ਖਾਸ) ਕੜੀ ਹਜ਼ਰਤ ਇਬਰਾਹੀਮ (ਅਲੈ.) ਹਨ।ਜਿਨਾਂ ਨੂੰ ਅੱਲਾ ਨੇ ਖੁਦ ਖਲੀਲ-ਉੱਲਾ (ਰੱਬ ਦਾ ਦੋਸਤ) ਕਹਿ ਕੇ ਪੁਕਾਰਿਆ ਹੈ।ਇਹਨਾਂ ਦੀ ਪੂਰੀ ਜ਼ਿੰਦਗੀ ਲੋਕਾਂ ਨੂੰ ਸਿੱਧੀ ਰਾਹ 'ਤੇ ਚਲਾਉਣ ਵਿੱਚ ਖਤਮ ਹੋਈ।ਕਦਮ-ਕਦਮ ਤੇ ਰੱਬ ਨੇ ਇਹਨਾਂ ਤੋਂ ਸਖਤ ਤੋਂ ਸਖਤ ਇਮਤਿਹਾਨ ਲਿਆ ਤਾਂ ਕਿ ਇਹਨਾਂ ਦੇ ਦਿਲ ਵਿੱਚ ਖਾਲਿਸ (ਸਿਰਫ) ਰੱਬ ਦੀ ਮੁਹੱਬਤ ਬਾਕੀ ਰਹਿ ਜਾਵੇ ਜਾਂ ਇਹ ਕਹਿ ਲਵੋ ਕਿ ਇਹਨਾਂ ਨੂੰ ਤਪਾ-ਤਪਾ ਕੇ ਕੁੰਦਨ ਬਣਾਇਆ।ਹਜ਼ਰਤ ਇਬਰਾਹੀਮ (ਅਲੈ.) ਦੇ ਘਰ ਬੁਢਾਪੇ ਦੇ ਦਿਨਾਂ ਵਿੱਚ ਇੱਕ ਲੜਕਾ ਪੈਦਾ ਹੋਇਆ, ਜਿਸ ਦਾ ਨਾਂ ਇਸਮਾਇਲ ਰੱਖਿਆ ਗਿਆ।ਚੇਤੇ ਰਹੇ ਇਹ ਬੱਚਾ ਵੀ ਵੱਡਾ ਹੋ ਕੇ ਅੱਲਾ ਦਾ ਨਬੀ ਕਹਿਲਾਇਆ।ਬੁਢਾਪੇ ਦੇ ਦਿਨਾਂ 'ਚ ਪੈਦਾ ਹੋਣ ਕਾਰਨ, ਹਜ਼ਰਤ ਇਬਰਾਹੀਮ (ਅਲੈ.) ਨੂੰ ਇਸ ਨਾਲ ਬੇਹੱਦ ਮੁਹੱਬਤ ਸੀ।ਰੱਬ ਵੱਲੋਂ ਹੁਕਮ ਹੋਇਆ ਕਿ ਆਪਣੀ ਪਤਨੀ ਅਤੇ ਬੱਚੇ ਨੂੰ ਇਕਾਂਤ ਥਾਂ ਤੇ ਛੱਡ ਦਿਓ।ਇਹ ਬਨਵਾਸ ਪਤਨੀ ਅਤੇ ਬੱਚੇ ਲਈ ਕਾਫੀ ਸਾਲਾਂ ਤੱਕ ਦਾ ਸੀ ਅਤੇ ਜਦੋਂ ਇਬਰਾਹੀਮ (ਅਲੈ.) ਦੁਬਾਰਾ ਇਸਮਾਇਲ ਨੂੰ ਮਿਲੇ ਤਾਂ ਉਹ ਇੱਕ ਨੌਜਵਾਨ ਗੱਭਰੂ ਸੀ।ਇਹਨਾਂ ਜੁਦਾਈ ਦੇ ਦਿਨਾਂ 'ਚ ਹਜ਼ਰਤ ਇਬਰਾਹੀਮ (ਅਲੈ.) ਕਦੇ ਮੁਲਕ ਸ਼ਾਮ ਤਾਂ ਕਦੇ ਮਿਸਰ, ਕਦੇ ਫਲਸਤੀਨ ਤਾਂ ਕਦੇ ਹਜਾਜ਼ ਦੇ ਲੋਕਾਂ ਨੂੰ ਸਿੱਧੀ ਰਾਹ ਵੱਲ ਬੁਲਾਉਂਦੇ ਰਹੇ।ਜਦੋਂ ਲੰਬੇ ਬਨਵਾਸ ਪਿੱਛੋਂ ਬਾਪ-ਪੁੱਤਰ ਮਿਲੇ ਤਾਂ ਰੱਬ ਦਾ ਫਿਰ ਹੁਕਮ ਹੋਇਆ ਕਿ ਆਪਣੀ ਸਭ ਤੋਂ ਪਿਆਰੀ ਚੀਜ਼ ਮੇਰੇ ਲਈ ਕੁਰਬਾਨ ਕਰੋ।ਜ਼ਾਹਿਰ ਹੈ ਕਿ ਹਜ਼ਰਤ ਇਬਰਾਹੀਮ (ਅਲੈ.) ਲਈ ਸਭ ਤੋਂ ਪਿਆਰੀ ਚੀਜ਼ ਉਹਨਾਂ ਦਾ ਪੁੱਤਰ ਸੀ, ਪਰ ਉਹਨਾਂ ਰੱਬ ਦੇ ਹੁਕਮ ਨੂੰ ਪੂਰਾ ਕਰਨ ਲਈ ਆਪਣੇ ਬੇਟੇ ਨੂੰ ਲਿਟਾ ਕੇ ਉਸ ਦੀ ਗਰਦਨ 'ਤੇ ਛੁਰੀ ਚਲਾਈ।ਇੱਥੇ ਇਹ ਦੱਸਣਾ ਵੀ ਜਰੂਰੀ ਹੈ ਕਿ ਪੁੱਤਰ ਨੇ ਆਪਣੇ ਪਿਤਾ ਨੂੰ ਕਿਹਾ ਕਿ ਤੁਸੀਂ ਛੁਰੀ ਚਲਾਉਣ ਤੋਂ ਪਹਿਲਾਂ ਆਪਣੀਆਂ ਅੱਖਾਂ ਤੇ ਪੱਟੀ ਬੰਨ ਲਵੋ ਤਾਂ ਕਿ ਠੀਕ ਢੰਗ ਨਾਲ ਰੱਬ ਦੇ ਹੁਕਮ ਨੂੰ ਪੂਰਾ ਕਰ ਸਕੋ।ਸਿੱਟੇ ਵੱਜੋਂ ਛੁਰੀ ਚਲਾਈ ਗਈ, ਜਦੋਂ ਪੱਟੀ ਖੋਲ ਕੇ ਦੇਖਿਆ ਤਾਂ ਪੁੱਤਰ ਠੀਕ-ਠਾਕ ਸੀ ਅਤੇ ਛੁਰੀ ਇੱਕ ਦੂੰਬੇ (ਲੇਲੇ ਦੀ ਕਿਸਮ) ਦੇ ਪਸ਼ੂ ਦੀ ਗਰਦਨ 'ਤੇ ਚੱਲੀ ਸੀ।ਇਹ ਕੁਰਬਾਨੀ ਰੱਬ ਨੂੰ ਇੰਨੀ ਪਸੰਦ ਆਈ ਕਿ ਰੱਬ ਨੇ ਇਸਲਾਮ ਧਰਮ ਨੂੰ ਮੰਨਣ ਵਾਲਿਆਂ ਲਈ ਹਰ ਸਾਲ ਇਸ ਦੀ ਨਕਲ ਕਰਨ ਦਾ ਹੁਕਮ ਦੇ ਦਿੱਤਾ।

ਕੁਰਬਾਨੀ ਦਾ ਮਕਸਦ : ਕੁਰਬਾਨੀ ਦਾ ਅਰਥ ਸਿਰਫ ਇਹ ਨਹੀਂ ਕਿ ਇੱਕ ਪਸ਼ੂ ਦੀ ਕੁਰਬਾਨੀ ਕਰਕੇ ਉਸ ਦਾ ਗੋਸ਼ਤ ਖਾ ਲਿਆ ਜਾਵੇ ਜਾਂ ਮਿੱਤਰਾਂ, ਰਿਸ਼ਤੇਦਾਰਾਂ ਵਿੱਚ ਵੰਡ ਦਿੱਤਾ ਜਾਵੇ, ਬਲਕਿ ਅਸਲ ਮਕਸਦ ਇਹ ਹੈ ਕਿ ਸਾਡੇ ਦਿਲ ਦੀ ਹਾਲਤ ਅਜਿਹੀ ਬਣ ਜਾਵੇ ਕਿ ਚਾਹੇ ਜਿਸ ਤਰਾਂ ਦੇ ਵੀ ਹਾਲਾਤ ਹੋਣ, ਪਰ ਰੱਬ ਦੀ ਰਜ਼ਾ ਪ੍ਰਾਪਤ ਕਰਨ ਲਈ ਕੋਈ ਵੀ ਪਿਆਰੀ ਤੋਂ ਪਿਆਰੀ ਚੀਜ਼ ਰਸਤੇ ਵਿੱਚ ਰੁਕਾਵਟ ਨਾ ਬਣ ਸਕੇ।ਕੁਰਬਾਨੀ ਹਜ਼ਰਤ ਇਬਰਾਹੀਮ (ਅਲੈ.) ਦੀ ਯਾਦਗ਼ਾਰ ਅਤੇ ਸਾਡੇ ਲਈ 'ਮਸ਼ਲ-ਏ-ਰਾਹ' (ਸਿੱਧੀ ਰਾਹ ਵਿਖਾਉਣ ਵਾਲੀ) ਹੈ।ਸੱਚਾ ਰੱਬ ਕੁਰਬਾਨੀ ਦੇ ਮਕਸਦ ਨੂੰ ਇਸ ਤਰਾਂ ਫਰਮਾਉਂਦਾ ਹੈ 'ਨਾ ਤਾਂ ਅੱਲਾ ਕੋਲ ਕੁਰਬਾਨੀ ਦਾ ਗੋਸ਼ਤ ਪਹੁੰਚਦਾ ਹੈ ਅਤੇ ਨਾ ਹੀ ਕੁਰਬਾਨੀ ਦਾ ਖੂਨ, ਬਲਕਿ ਉਸ ਕੋਲ ਤੁਹਾਡਾ ਤਕਵਾ (ਨੀਯਤ ਦੀ ਸ਼ੁੱਧਤਾ) ਪਹੁੰਚਦਾ ਹੈ'। (ਕੁਰਆਨ)







ਕੁਰਬਾਨੀ ਦਾ ਇਸਲਾਮੀ ਤਰੀਕਾ ਅਤੇ ਇਸ ਦੇ ਫਾਇਦੇ : 1 ਇਸਲਾਮ ਦਾ ਤਰੀਕਾ-ਏ-ਕੁਰਬਾਨੀ ਇੰਨਾ ਆਸਾਨ ਅਤੇ ਸਿੱਧਾ-ਸਾਧਾ ਹੈ ਕਿ ਇਸ ਤਰੀਕੇ ਨਾਲ ਕੁਰਬਾਨ ਕੀਤੇ ਜਾ ਰਹੇ ਪਸ਼ੂ ਨੂੰ ਬਹੁਤ ਹੀ ਘੱਟ ਤਕਲੀਫ ਹੁੰਦੀ ਹੈ।ਇਸੇ ਲਈ ਲਾਰਡ ਹਾਵਰਡ ਨੇ ਕਿਹਾ ਹੈ ਕਿ ਕੁਰਬਾਨੀ ਕਰਨ ਦਾ ਇਸਲਾਮੀ ਤਰੀਕਾ ਇੰਨਾ ਆਸਾਨ ਹੈ ਕਿ ਮੈਂ ਰੱਬ ਤੋਂ ਦੁਆ ਕਰਦਾ ਹਾਂ ਕਿ ਮੈਨੂੰ ਮੌਤ ਆਏ ਤਾਂ ਇੰਨੀ ਹੀ ਤਕਲੀਫ ਹੋਵੇ ਜਿੰਨੀ ਕਿ ਕੁਰਬਾਨ ਕੀਤੇ ਜਾ ਰਹੇ ਪਸ਼ੂ ਨੂੰ ਹੁੰਦੀ ਹੈ।2 ਮੌਲਾਨਾ ਅਸ਼ਰਫ ਅਲੀ ਥਾਨਵੀ (ਰਹਿ.) ਨੇ ਲਿਖਿਆ ਹੈ ਕਿ ਜੇਕਰ ਪਸ਼ੂ ਦਾ ਖੁਨ ਹਲਕ (ਗਰਦਨ ਵਾਲੇ ਹਿੱਸੇ) ਤੋਂ ਇਲਾਵਾ ਕਿਸੇ ਹੋਰ ਹਿੱਸੇ ਤੋਂ ਕੱਢਿਆ ਜਾਵੇ ਤਾਂ ਉਹ ਦੇਰ ਨਾਲ ਮਰਦਾ ਹੈ ਅਤੇ ਉਸ ਨੂੰ ਬੇਹੱਦ ਤਕਲੀਫ ਹੁੰਦੀ ਹੈ।3 ਕੁਰਬਾਨੀ ਕਰਨ ਸਮੇਂ ਅੱਲਾ-ਹੂ-ਅਕਬਰ (ਅੱਲਾ ਸਭ ਤੋਂ ਵੱਡਾ) ਕਹਿਣਾ ਜ਼ਰੂਰੀ ਹੈ, ਭਾਵ ਇਹ ਸਮਝਣਾ ਕਿ ਮੈਂ ਇਸ ਜਾਨਦਾਰ ਨੂੰ ਸਿਰਫ ਅੱਲਾ ਲਈ ਅਤੇ ਉਸ ਦੀ ਹੀ ਆਗਿਆ ਨਾਲ ਕੁਰਬਾਨ ਕਰ ਰਿਹਾ ਹਾਂ।ਹੁਣ ਜੇਕਰ ਅਸੀਂ ਥੋੜਾ ਜਿਹਾ ਗੰਭੀਰਤਾ ਨਾਲ ਸੋਚੀਏ ਤਾਂ ਪਤਾ ਲੱਗੇਗਾ ਕਿ ਇਸ ਪੂਰੇ ਸੰਸਾਰ ਵਿੱਚ ਕੁਰਬਾਨੀ ਦਾ ਚੱਕਰ ਲਗਾਤਾਰ ਜਾਰੀ ਹੈ।ਉਦਾਹਰਣ ਵੱਜੋਂ ਜਦੋਂ ਰੂੰ ਟੁਕੜੇ-ਟੁਕੜੇ ਹੋ ਜਾਂਦੀ ਹੈ ਤਾਂ ਗਿਲਾਫ ਵਿੱਚ ਭਰੀ ਜਾਂਦੀ ਹੈ।ਅਨਾਜ ਆਪਣੀ ਹਸਤੀ ਮਿਟਾ ਕਿ ਸਾਡੀ ਖੁਰਾਕ ਬਣਦਾ ਹੈ।ਤੇਲ ਆਪਣੇ-ਆਪ ਨੂੰ ਜਲਾਉਣ ਉਪਰੰਤ ਸਾਨੂੰ ਰੋਸ਼ਨੀ ਦਿੰਦਾ ਹੈ।ਪਾਣੀ ਆਪਣੀ ਹਸਤੀ ਮਿਟਾ ਕੇ ਸਾਡੀ ਪਿਆਸ ਬੁਝਾਉਂਦਾ ਹੈ।ਛੋਟੇ ਜਾਨਵਰਾਂ ਨੂੰ ਵੱਡੇ ਜਾਨਵਰ ਖਾ ਜਾਂਦੇ ਹਨ।ਅੱਲਾ ਆਪਣੇ ਕੁਰਆਨ 'ਚ ਫਰਮਾਉਂਦਾ ਹੈ ਕਿ ਹਰ ਚੀਜ਼ ਇਨਸਾਨ ਲਈ ਹੈ ਅਤੇ ਉਸ ਦੇ ਫਾਇਦੇ ਲਈ ਆਪਣੇ-ਆਪ ਨੂੰ ਖਤਮ ਕਰ ਰਹੀ ਹੈ ਤਾਂ ਕੀ ਇਸ ਅਹਿਸਾਸ ਦੇ ਬਦਲੇ ਇਹ ਗੱਲ ਇਨਸਾਨ ਦੀ ਨਜ਼ਰ ਵਿੱਚ ਠੀਕ ਨਹੀਂ ਕਿ ਇਨਸਾਨ ਉਸ ਅਜ਼ੀਮ (ਵੱਡੀ) ਹਸਤੀ ਅੱਗੇ ਝੁਕ ਜਾਵੇ ਅਤੇ ਆਪਣੀ ਪਿਆਰੀ ਤੋਂ ਪਿਆਰੀ ਚੀਜ਼ ਹਰ ਸਮੇਂ ਉਸ ਦੀ ਖੁਸ਼ੀ ਲਈ ਕੁਰਬਾਨ ਕਰਨ ਲਈ ਤਤਪਰ ਰਹੇ।

ਕੁਰਬਾਨੀ ਤੋਂ ਸਿੱਖਿਆ : ਕੁਰਬਾਨੀ ਸਾਨੂੰ ਹਰ ਪਿਆਰੀ ਚੀਜ਼ ਦੀ ਕੁਰਬਾਨੀ ਸਿਖਾਉਂਦੀ ਹੈ।ਇਹ ਇਨਸਾਨੀ ਦਿਲ ਵਿੱਚ ਰੱਬ ਦੀ ਮੁਹੱਬਤ ਪੈਦਾ ਕਰਦੀ ਹੈ।ਅੱਲਾ ਦੇ ਆਖਰੀ ਨਬੀ ਹਜ਼ਰਤ ਮੁਹੰਮਦ ਸਲ. ਕੁਰਬਾਨੀ ਕਰਨ ਸਮੇਂ ਆਪਣੀ ਪਿਆਰੀ ਬੇਟੀ ਹਜ਼ਰਤ ਫਾਤਮਾ (ਰਜ਼ੀ.) ਨੂੰ ਕੋਲ ਖੜ੍ਹਨ ਲਈ ਕਹਿੰਦੇ ਤਾਂ ਕਿ ਉਸ ਨੂੰ ਇਹ ਅੰਦਾਜ਼ਾ ਹੋ ਸਕੇ ਕਿ ਇਬਰਾਹੀਮੀ ਸੁੰਨਤ ਕਿੰਨੀ ਦਰਦਨਾਕ ਹੋਵੇਗੀ ਕਿ ਆਪਣੇ ਹੀ ਹੱਥਾਂ ਨਾਲ ਆਪਣੇ ਇਕਲੋਤੇ ਪੁੱਤਰ ਦੀ ਕੁਰਬਾਨੀ ਕਰ ਰਹੇ ਸਨ।ਹਰ ਸਾਲ ਕੁਰਬਾਨੀ ਸਾਨੂੰ ਇਹ ਯਾਦ ਦੁਆਉਂਦੀ ਹੈ ਕਿ ਚਾਹੇ ਹਾਲਾਤ ਕੁੱਝ ਵੀ ਹੋਣ, ਸਾਨੂੰ ਰੱਬ ਦੀ ਨਾਫਰਮਾਨੀ (ਹੁਕਮ ਦੇ ਉਲਟ) ਅਤੇ ਬੁਰਾਈਆਂ ਦੇ ਵਿਰੁੱਧ ਹਰ ਕਿਸਮ ਦੀ ਕੁਰਬਾਨੀ ਦੇਣ ਤੋਂ ਝਿਜਕ ਨਹੀਂ ਕਰਨੀ ਚਾਹੀਦੀ।ਇਤਿਹਾਸ ਤੋਂ ਸਾਬਿਤ ਹੈ ਕਿ ਬਿਨਾਂ ਕੁਰਬਾਨੀ ਕੀਤਿਆਂ ਕੁੱਝ ਵੀ ਹੱਥ ਨਹੀਂ ਆਉਂਦਾ ਅਤੇ ਨਾ ਹੀ ਆਵੇਗਾ।ਅਸੀਂ ਸੰਸਾਰ ਰੂਪੀ ਇਮਤਿਹਾਨਗ਼ਾਹ (ਪ੍ਰੀਖਿਆ ਭਵਨ) ਵਿੱਚ ਹਾਂ ਅਤੇ ਅੱਜ ਵੀ ਡਾ. ਇਕਬਾਲ ਅਨੁਸਰ : "ਆਗ ਹੈ, ਨਮਰੂਦ ਹੈ, ਔਲਾਦ-ਏ-ਇਬਰਾਹੀਮ ਹੈ, ਕਿਆ ਕਿਸੀ ਕੋ ਫਿਰ ਕਿਸੀ ਕਾ ਇਮਤਿਹਾਨ ਮਕਸੂਦ ਹੈ?"

**ਲੇਖਕ : ਪ੍ਰਿੰਸੀਪਲ ਯਾਸੀਨ ਅਲੀ**
**ਮੁਹੱਲਾ ਭੁਮਸੀ, ਮਾਲੇਰਕੋਟਲਾ**
**ਮੋਬ. 092565-57957.**



## ਵੋਟ ਪਾਉਣਾ ਸਾਡਾ ਸੰਵਿਧਾਨਕ ਅਧਿਕਾਰ ਤੇ ਫਰਜ਼ : ਪਤਵੰਤੇ ਸ਼ਹਿਰੀ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਨਗਰ ਕੌਂਸਲ ਚੋਣਾਂ ਦੇ ਮੱਦੇਨਜ਼ਰ ਇਲਾਕੇ 'ਚ ਚੋਣ ਸਰਗਰਮੀਆਂ ਤੇਜ਼ ਹੋ ਗਈਆਂ ਹਨ।ਇਸ ਵਾਰ ਵੋਟਰ ਪਹਿਲਾਂ ਨਾਲੋਂ ਕਾਫੀ ਜ਼ਿਆਦਾ ਜਾਗਰੂਕ ਦਿਖਾਈ ਦੇ ਰਹੇ ਹਨ ਅਤੇ ਉਹ ਉਮੀਦਵਾਰਾਂ ਦੇ ਪਿਛਲੇ ਕੰਮਕਾਰ, ਵਿਵਹਾਰ ਅਤੇ ਯੋਗਤਾ ਨੂੰ ਚੰਗੀ ਤਰ੍ਹਾਂ ਪਰਖਣ ਤੋਂ ਬਾਅਦ ਹੀ ਆਪਣੇ ਵੋਟ ਦਾ ਇਸਤੇਮਾਲ ਕਰਨ ਦੀ ਗੱਲ ਕਹਿ ਰਹੇ ਹਨ।ਵੋਟਰਾਂ ਦਾ ਮੰਨਣਾ ਹੈ ਕਿ ਹੁਣ ਸਮਾਂ ਬਦਲ ਚੁੱਕਾ ਹੈ ਅਤੇ ਲੋਕ ਸਿਰਫ ਚੋਣ ਵਾਅਦਿਆਂ ਜਾਂ ਲਾਲਚਾਂ ਦੇ ਆਧਾਰ 'ਤੇ ਵੋਟ ਨਹੀਂ ਪਾਉਣਗੇ।ਇਲਾਕੇ ਦੇ ਪਤਵੰਤੇ ਸ਼ਹਿਰੀ ਨਾਮਵਰ ਕਾਲੋਨਾਈਜ਼ਰ ਸਾਬਕਾ ਜ਼ਿਲਾ ਪ੍ਰੀਸ਼ਦ ਚੇਅਰਮੈਨ ਜਸਵੀਰ ਸਿੰਘ ਦਿਓਲ, ਔਰਤ ਰੋਗਾਂ ਦੇ ਮਾਹਿਰ ਡਾਕਟਰ ਕਰਨਵੀਰ ਸਿੰਘ, ਆਰਥੋ ਸਪੈਸ਼ਲਿਸਟ ਡਾਕਟਰ ਸ਼ੌਰਭ ਸਿੰਗਲਾ, ਨਾਮਵਰ ਉਦਯੋਗਪਤੀ ਗੁਰਦੀਪ ਸਿੰਘ ਧੀਮਾਨ, ਪੰਜਾਬ ਵਕਫ ਬੋਰਡ ਦੇ ਮੈਂਬਰ ਸ਼ਹਿਬਾਜ਼ ਰਾਣਾ ਅਤੇ ਵੈਦ ਮੋਹਨ ਲਾਲ ਨੇ ਕਿਹਾ ਕਿ ਵੋਟ ਦਾ ਅਧਿਕਾਰ ਸਾਡਾ ਇਕ ਮਹੱਤਵਪੂਰਨ ਸੰਵਿਧਾਨਕ ਅਧਿਕਾਰ ਹੈ, ਜਿਸਦੀ ਵਰਤੋਂ ਬਿਨ੍ਹਾਂ ਕਿਸੇ ਦਬਾਅ ਜਾਂ ਲਾਲਚ ਦੇ ਕਰਨੀ ਚਾਹੀਦੀ ਹੈ।ਜਦੋਂ ਤੱਕ ਹਰ ਵੋਟਰ ਆਪਣੇ ਵੋਟ ਦੀ ਅਹਿਮੀਅਤ ਨੂੰ ਨਹੀਂ ਸਮਝੇਗਾ, ਉਦੋਂ ਤੱਕ ਸਿਸਟਮ 'ਚ ਬਦਲਾਅ ਲਿਆਉਣਾ ਮੁਸ਼ਕਿਲ ਰਹੇਗਾ।ਇਸ ਲਈ ਹਰ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਆਪਣੀ ਵੋਟ ਦਾ ਸਹੀ ਅਤੇ ਸੋਚ ਵਿਚਾਰ ਕਰਕੇ ਪ੍ਰਯੋਗ ਕਰੇ।ਲੋਕਾਂ ਨੂੰ ਦਰਪੇਸ਼ ਸਮੱਸਿਆਵਾਂ ਤੋਂ ਨਿਜ਼ਾਤ ਦਿਵਾਉਣ ਲਈ ਹਰ ਵਰਗ ਦੇ ਲੋਕਾਂ ਦੀ ਚੋਣ ਪ੍ਰਕਿਰਿਆ 'ਚ ਭਾਗੀਦਾਰੀ ਬਹੁਤ ਜ਼ਰੂਰੀ ਹੈ।ਹਾਲਾਂਕਿ ਵੋਟ ਪਾਉਣ ਤੋਂ ਪਹਿਲਾਂ ਉਮੀਦਵਾਰਾਂ ਦਾ ਪਿਛਲਾ ਲੇਖਾ-ਜੋਖਾ ਦੇਖਣਾ ਹਰ ਵੋਟਰ ਦਾ ਪਹਿਲਾਂ ਫਰਜ਼ ਹੋਣਾ ਚਾਹੀਦਾ ਹੈ।ਉਨ੍ਹਾਂ ਕਿਹਾ ਕਿ ਸਮਾਜ ਦਾ ਪ੍ਰਤੀਨਿਧਿਤਵ ਕਰਨ ਵਾਲਾ ਲੀਡਰ ਅਜਿਹਾ ਹੋਣਾ ਚਾਹੀਦਾ ਹੈ, ਜੋ ਇਲਾਕੇ ਦੇ ਵਿਕਾਸ, ਸਫਾਈ, ਪੀਣ ਵਾਲੇ ਪਾਣੀ, ਸੜਕਾਂ ਅਤੇ ਹੋਰ ਮੁਢਲੀਆਂ ਸਹੂਲਤਾਂ ਵੱਲ ਧਿਆਨ ਦੇਵੇ।ਚੋਣਾਂ ਨੂੰ ਲੈ ਕੇ ਲੋਕਾਂ 'ਚ ਬਣਿਆ ਇਹ ਜਾਗਰੂਕਤਾ ਭਰਿਆ ਮਾਹੌਲ ਲੋਕਤੰਤਰ ਲਈ ਇਕ ਚੰਗਾ ਸੰਕੇਤ ਮੰਨਿਆ ਜਾ ਰਿਹਾ ਹੈ।ਵੋਟਰ ਬਿਨਾਂ ਕਿਸੇ ਡਰ ਜਾਂ ਦਬਾਅ ਦੇ ਆਪਣੇ ਮਤ ਦਾ ਪ੍ਰਯੋਗ ਕਰਨ ਅਤੇ ਯੋਗ, ਇਮਾਨਦਾਰ ਤੇ ਲੋਕ-ਹਿਤੈਸ਼ੀ ਉਮੀਦਵਾਰ ਨੂੰ ਹੀ ਆਪਣਾ ਸਮਰਥਨ ਦੇਣ।



**ਸੰਦੇਸ਼**

ਪੰਜਾਬੀ ਰੰਗ ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ-ਉਲ-ਅਜ਼ਹਾ ਦੇ ਪਵਿੱਤਰ ਤਿਉਹਾਰ ਮੌਕੇ ਪਹਿਲਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ 'ਤੇ ਮੈਂ ਆਪਣੇ ਸਮੁੱਚੇ ਇਲਾਕਾ ਵਾਸੀਆਂ ਨੂੰ ਪੰਜਾਬ ਸਰਕਾਰ ਅਤੇ ਨਿੱਜੀ ਆਪਣੇ ਵੱਲੋਂ ਦਿਲ ਦੀਆਂ ਗਹਿਰਾਈਆਂ ਤੋਂ ਈਦ ਦੀ ਮੁਬਾਰਕਬਾਦ ਦਿੰਦਾ ਹਾਂ ਅਤੇ ਦੁਆ ਕਰਦਾ ਹਾਂ ਕਿ "ਪੰਜਾਬੀ ਰੰਗ" ਅਖਬਾਰ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇ।

**(ਡਾ.ਜਮੀਲ ਉਰ ਰਹਿਮਾਨ ਵਿਧਾਇਕ ਮਾਲੇਰਕੋਟਲਾ)**



**ਸੰਦੇਸ਼**

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਪੰਜਾਬੀ ਰੰਗ ਅਖਬਾਰ ਦੇ ਨਿੱਡਰ ਤੇ ਨਿਰਪੱਖ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ ਪੰਜਾਬੀ ਰੰਗ ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।ਇਸ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਸਮੂਹ ਜ਼ਿਲਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ ਅਤੇ ਦੁਆ ਕਰਦਾ ਹਾਂ ਕਿ ਅਦਾਰਾ ਪੰਜਾਬੀ ਰੰਗ ਖੂਬ ਤਰੱਕੀਆਂ ਕਰੇ।

**(ਪ੍ਰੋ: ਜਸਵੰਤ ਸਿੰਘ ਗੱਜਣਮਾਜਰਾ ਵਿਧਾਇਕ ਅਮਰਗੜ੍ਹ)**



**ਸੰਦੇਸ਼**

ਪੰਜਾਬੀ ਰੰਗ ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ ਨਿਰਪੱਖਤਾ ਦੀ ਆਵਾਜ਼ "ਪੰਜਾਬੀ ਰੰਗ" ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਣ ਦੇ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਆਪਣੇ ਸਾਰੇ ਜ਼ਿਲਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

**(ਸਾਕਿਬ ਅਲੀ ਰਾਜਾ ਚੇਅਰਮੈਨ ਜ਼ਿਲਾ ਯੋਜਨਾਂ ਬੋਰਡ ਮਾਲੇਰਕੋਟਲਾ)**



**ਸੰਦੇਸ਼**

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਮੇਰੇ ਛੋਟੇ ਵੀਰ "ਪੰਜਾਬੀ ਰੰਗ" ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ "ਪੰਜਾਬੀ ਰੰਗ" ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।ਇਸ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਆਪਣੇ ਸਾਰੇ ਜ਼ਿਲਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

**ਆਜ਼ਮ ਦਾਰਾ ਚੇਅਰਮੈਨ ਜ਼ਿਲਾ ਟਰੇਡਰ ਕਮਿਸ਼ਨ ਮਾਲੇਰਕੋਟਲਾ**



**ਸੰਦੇਸ਼**

ਪੰਜਾਬੀ ਰੰਗ ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ ਨਿਰਪੱਖਤਾ ਦੀ ਆਵਾਜ਼ "ਪੰਜਾਬੀ ਰੰਗ" ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਣ ਦੇ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਆਪਣੇ ਸਾਰੇ ਜ਼ਿਲਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

**(ਐਡਵੋਕੇਟ ਚੌਧਰੀ ਸ਼ਮਸਾਦ ਅਲੀ ਮੈਂਬਰ ਪੰਜਾਬ ਵਕਫ ਬੋਰਡ)**



**ਸੰਦੇਸ਼**

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਮੇਰੇ ਵੱਡੇ ਭਰਾ "ਪੰਜਾਬੀ ਰੰਗ" ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ "ਪੰਜਾਬੀ ਰੰਗ" ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।ਇਸ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਆਪਣੇ ਸਾਰੇ ਜ਼ਿਲਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦੀ ਹਾਂ।

**(ਬੀਬਾ ਨਿਸ਼ਾਤ ਅਖੱਤਰ ਪ੍ਰਧਾਨ ਜ਼ਿਲਾ ਕਾਂਗਰਸ ਮਾਲੇਰਕੋਟਲਾ)**



**ਸੰਦੇਸ਼**

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਮੇਰੇ ਭਰਾ "ਪੰਜਾਬੀ ਰੰਗ" ਅਖਬਾਰ ਦੇ ਨਿੱਡਰ ਤੇ ਨਿਰਪੱਖ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ-ਉਲ-ਅਜ਼ਹਾ ਦੇ ਪਵਿੱਤਰ ਮੌਕੇ 'ਤੇ ਪੰਜਾਬੀ ਰੰਗ ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।ਇਸ ਸ਼ਾਨਾਮਤੀ ਉਦਮ ਅਤੇ ਈਦ ਦੀ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਆਪਣੇ ਸਾਰੇ ਇਲਾਕਾ ਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦੀ ਹਾਂ ਅਤੇ ਦੁਆ ਕਰਦਾ ਹਾਂ ਕਿ ਅਦਾਰਾ ਪੰਜਾਬੀ ਰੰਗ ਖੂਬ ਤਰੱਕੀਆਂ ਕਰੇ। **(ਜ਼ਾਹਿਦਾ ਸੁਲੇਮਾਨ ਹਲਕਾ ਇੰਚਾਰਜ਼ ਅਕਾਲੀ ਦਲ ਮਾਲੇਰਕੋਟਲਾ)**



**ਸੰਦੇਸ਼**

ਮੈਨੂੰ ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ "ਪੰਜਾਬੀ ਰੰਗ" ਅਖਬਾਰ ਦੇ ਮਿਹਨਤੀ, ਨਿੱਡਰ ਤੇ ਨਿਰਪੱਖ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ "ਪੰਜਾਬੀ ਰੰਗ" ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਿਆ ਜਾ ਰਿਹਾ ਹੈ।ਇਸ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਤੇ ਸਮੂਹ ਦੇਸ਼ ਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ ਅਤੇ (ਅਰਦਾਸ) ਕਰਦਾ ਹਾਂ ਕਿ ਅਦਾਰਾ ਪੰਜਾਬੀ ਰੰਗ ਦਿਨ ਦੁੱਗਣੀ ਰਾਤ ਚੌਗਣੀ ਤਰੱਕੀ ਕਰੇ।

**(ਜਸਵੀਰ ਸਿੰਘ ਜੱਸੀ ਮੰਨਵੀਂ ਹਲਕਾ ਇੰਚਾਰਜ਼ ਅਕਾਲੀ ਦਲ ਅਮਰਗੜ੍ਹ)**

# ਮਹਾਂਨਗਰਾਂ ਤੋਂ ਹੁੰਦਾ ਹੋਇਆ ਦੇਹ ਵਪਾਰ ਧੰਦਾ ਹੁਣ ਪੰਜਾਬ ਦੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ 'ਚ ਵੀ ਪੈਰ ਪਸਾਰਨ ਲੱਗਾ

## ਐੱਚ.ਆਈ.ਵੀ. ਏਡਜ਼ ਵਰਗੀ ਭਿਆਨਕ ਬੀਮਾਰੀ 'ਚੋਂ ਬਚਣ ਲਈ ਲੋਕਾਂ ਨੂੰ ਜਾਗਰੂਕ ਹੋਣ ਦੀ ਲੋੜ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਦੇਹ ਵਪਾਰ ਦਾ ਧੰਦਾਂ ਮਹਾਂਨਗਰਾਂ ਤੋਂ ਹੁੰਦਾ ਹੋਇਆ ਹੁਣ ਪੰਜਾਬ ਦੇ ਸ਼ਹਿਰਾਂ ਕਸਬਿਆਂ ਤੇ ਪਿੰਡਾਂ 'ਚ ਵੀ ਪੈਰ ਪਸਾਰ ਰਿਹਾ ਹੈ।ਪਿੰਡਾਂ ਅਤੇ ਸ਼ਹਿਰਾਂ ਨੂੰ ਆਵਾਜਾਈ ਦੇ ਵਧੇ ਹੋਏ ਸਾਧਨ ਵਟਸਅੱਪ, ਫੇਸਬੁੱਕ, ਇੰਟਰਨੈਟ, ਮੋਬਾਈਲਾਂ ਦੀ ਸਹੂਲਤ ਅਤੇ ਕਈ ਅਖੌਤੀ ਸਾਧਾਂ, ਸੰਤਾਂ ਦੇ ਡੇਰੇ ਦੇਹ ਵਪਾਰ ਧੰਦੇ ਦੇ ਪਸਾਰ ਲਈ ਪ੍ਰਮੁੱਖ ਸਾਧਨ ਬਣ ਗਏ ਹਨ।ਮਾਲੇਰਕੋਟਲਾ ਸ਼ਹਿਰ ਦੇ ਬਾਹਰੀ ਘੱਟ ਅਬਾਦੀ ਵਾਲੇ ਅਤੇ ਰੇਲਵੇ ਸਟੇਸ਼ਨ ਨੇੜਲੇ ਖੇਤਰਾਂ 'ਚ ਵੀ ਹੁਣ ਲਾਲ ਬੱਤੀ ਸੱਭਿਆਚਾਰ ਆਪਣੀਆਂ ਜੜ੍ਹਾਂ ਫੈਲਾ ਰਿਹਾ ਹੈ।

ਕਈ ਲੜਕੀਆਂ ਅਤੇ ਔਰਤਾਂ ਪਿੰਡਾਂ ਤੋਂ ਸ਼ਹਿਰਾਂ 'ਚ ਆ ਕੇ ਅਕਸਰ ਹੀ ਗਾਹਕ ਭਾਲਦੀਆਂ ਵੇਖਣ ਨੂੰ ਮਿਲਦੀਆਂ ਹਨ।ਇਨ੍ਹਾਂ 'ਚੋਂ ਕੁਝ ਵਡੇਰੀ ਉਮਰ ਦੀਆਂ ਔਰਤਾਂ ਜਿੰਨ੍ਹਾਂ ਦੀ ਮਾਰਕੀਟ ਹੁਣ ਘਟ ਗਈ ਲੱਗਦੀ ਹੈ, ਉਹ ਨਵੀਂ ਉਮਰ ਦੀਆਂ ਅਣਭੋਲ ਜਾਂ ਆਰਥਿਕ ਪੱਖੋਂ ਕਮਜ਼ੋਰ ਲੜਕੀਆਂ ਨੂੰ ਵੀ ਇਸ ਧੰਦੇ 'ਚ ਪਾ ਰਹੀਆਂ ਹਨ।ਜੇਕਰ ਇਸੇ ਤਰ੍ਹਾਂ ਚੱਲਦਾ ਰਿਹਾ ਤਾਂ ਬਹੁਤ ਜਲਦੀ ਹੀ ਪੰਜਾਬ ਵਾਸੀਆਂ ਨੂੰ ਏਡਜ਼ ਨਾਮੀ ਮਹਾਂਮਾਰੀ ਆਪਣੇ ਕਲਾਵੇ 'ਚ ਜਕੜ ਲਵੇਗੀ।

ਭਾਵੇਂ ਕਿ ਸਰਕਾਰ ਵੱਲੋਂ ਏਡਜ਼ ਦੀ ਬੀਮਾਰੀ ਨੂੰ ਜੜ੍ਹੋਂ ਖਤਮ ਕਰਨ ਲਈ ਉਪਰਾਲੇ ਕੀਤੇ ਜਾਣ ਦੇ ਦਾਅਵੇ ਕੀਤੇ ਜਾ ਰਹੇ ਹਨ ਪਰ ਦੂਸਰੇ ਪਾਸੇ ਏਡਜ਼ ਫੈਲਾਉਣ ਦੇ ਕਾਰਨਾਂ ਵੱਲ ਧਿਆਨ ਨਾ ਦੇਣ ਕਾਰਨ ਦੇਹ ਵਪਾਰ ਕਰਨ ਵਾਲਿਆਂ ਦੀ ਗਿਣਤੀ 'ਚ ਲਗਾਤਾਰ ਵਾਧਾ ਹੁੰਦਾ ਜਾਪਦਾ ਹੈ।ਕਈ ਸਰਦੇ ਪੁੱਜਦੇ ਅਤੇ ਤਕੜੇ ਕਹਾਉਂਦੇ ਲੋਕਾਂ ਦੀ ਵੀ ਇਸ ਧੰਦੇ 'ਚ ਸ਼ਮੂਲੀਅਤ ਅਕਸਰ ਸੁਣਨ ਨੂੰ ਮਿਲਦੀ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪੁਲਸ ਥਾਣਿਆਂ 'ਚ ਦਰਜ ਕੀਤੇ ਜਾਂਦੇ ਅਵਾਰਾਗਰਦੀ ਦੇ ਕੇਸਾਂ ਦੀ ਗਿਣਤੀ ਰਿਕਾਰਡ ਪੱਖੋਂ ਬਹੁਤ ਘੱਟ ਹੈ।

ਬਹੁਤ ਸਾਰੇ ਕੇਸ ਤਾਂ ਦਰਜ ਹੋਣ ਤੋਂ ਪਹਿਲਾਂ ਹੀ ਬਾਹਰ ਦੀ ਬਾਹਰ ਨਿਪਟਾ ਦਿੱਤੇ ਜਾਂਦੇ ਹਨ ਜਾਂ ਕਈ ਕੇਸ ਪੁਲਸ ਦੀ ਨਜ਼ਰ ਨਹੀਂ ਚੜ੍ਹਦੇ।ਦੇਹ ਵਪਾਰ ਦੇ ਧੰਦੇ ਨਾਲ ਜੁੜੀਆਂ ਔਰਤਾਂ ਸਿਰਫ ਥੋੜੇ ਜਿਹੇ ਪੈਸਿਆਂ ਦੇ ਲਾਲਚ ਵਸ ਹੀ ਇਸ ਏਡਜ਼ ਰੂਪੀ ਦਲਦਲ 'ਚ ਧਸਦੀਆਂ ਜਾ ਰਹੀਆਂ ਹਨ।ਕੁਝ ਔਰਤਾਂ ਇਸ ਭਿਆਨਕ ਬੀਮਾਰੀ ਦੀ ਜਕੜ 'ਚ ਆਈਆਂ ਡਾਕਟਰਾਂ, ਅਖੌਤੀ



ਸਾਧੂਆਂ ਤੋਂ ਅੰਦਰ ਖਾਤੇ ਆਪਣੇ ਇਲਾਜ਼ ਲਈ ਹੱਥ-ਪੈਰ ਵੀ ਮਾਰ ਰਹੀਆਂ ਦੱਸੀਆਂ ਜਾਂਦੀਆਂ ਹਨ ਅਤੇ ਕੁਝ ਮੌਤ ਦੇ ਮੂੰਹ 'ਚ ਵੀ ਜਾ ਚੁੱਕੀਆਂ ਹਨ।

**ਦੇਹ ਵਪਾਰ ਅੱਡਿਆਂ 'ਤੇ ਜਿਸਮ ਦੇ ਨਾਲ-ਨਾਲ ਨਸ਼ੇ ਵਿਕਣ ਦੇ ਵੀ ਚਰਚੇ**

ਇਲਾਕੇ ਦੇ ਲੋਕ ਇਹ ਸਭ ਕੁਝ ਜਾਣਦੇ ਹੋਏ ਵੀ ਚੁੱਪ ਵੱਟੀ ਬੈਠੇ ਹਨ।ਜਦੋਂ ਉਨ੍ਹਾਂ ਲੋਕਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਉਹ ਆਪਣੇ ਪੱਧਰ 'ਤੇ ਇਨ੍ਹਾਂ ਅੱਡਿਆਂ ਖਿਲਾਫ ਬਹੁਤ ਕੋਸ਼ਿਸ਼ਾਂ ਕਰ ਚੁੱਕੇ ਹਨ।ਪੁਲਿਸ ਨੂੰ ਵੀ ਕਈ ਵਾਰ ਸ਼ਿਕਾਇਤਾਂ ਕੀਤੀਆਂ ਹਨ, ਪਰ ਕੋਈ ਹੱਲ ਨਹੀਂ ਹੋਇਆ।ਜੇਕਰ ਕਦੀ ਪੁਲਿਸ ਨੇ ਰੇਡ ਕੀਤੀ ਵੀ ਹੈ ਤਾਂ ਉਨ੍ਹਾਂ ਦੇ ਹੱਥ ਪੱਲੇ ਕੁਝ ਨਹੀਂ ਪਿਆ ਕਿਉਂਕਿ ਇਨ੍ਹਾਂ ਦੇਹ ਵਪਾਰ ਦੇ ਅੱਡਿਆ 'ਤੇ ਕਥਿਤ ਅਯਾਸੀ ਕਰਨ ਜਾਂ ਆਪਣਾ ਹਿੱਸਾ ਲੈਣ ਲਈ ਆਉਂਦੇ ਦੇਖੇ ਜਾਂਦੇ ਕੁਝ ਕੁਰੱਪਟ ਕਿਸਮ ਦੇ ਪੁਲਿਸ ਮੁਲਾਜ਼ਮ ਇਨ੍ਹਾਂ ਦੇਹ ਵਪਾਰ ਅੱਡਿਆਂ ਦੀਆਂ ਸੰਚਾਲਕ ਔਰਤਾਂ ਨੂੰ ਪਹਿਲਾਂ ਹੀ ਸੂਚਨਾਂ ਦੇ ਦਿੰਦੇ ਹਨ ਅਤੇ ਇਹ ਵੀ ਦੱਸ ਦਿੰਦੇ ਹਨ ਕਿ ਕਿਸ ਵਿਅਕਤੀ ਨੇ ਉਨ੍ਹਾਂ ਖਿਲਾਫ ਸ਼ਿਕਾਇਤ ਕੀਤੀ ਹੈ।ਜਿਸ ਕਾਰਨ ਇਹ ਔਰਤਾਂ ਸਾਨੂੰ ਬੁਰਾ ਭਲਾ ਬੋਲਦੀਆਂ ਹੋਈਆਂ ਲੜਾਈ ਝਗੜਾ ਤੱਕ ਕਰਨ ਲਈ ਤਿਆਰ ਹੋ ਜਾਂਦੀਆਂ ਹਨ।ਇਸੇ ਕਾਰਨ ਹੁਣ ਅਸੀਂ ਚੁੱਪ ਕਰਕੇ ਬੈਠ ਗਏ ਹਾਂ।ਇਸ ਮਾੜੇ ਕੰਮ ਦਾ ਸਾਡੇ ਬੱਚਿਆਂ 'ਤੇ ਕੋਈ ਅਸਰ ਨਾ ਪਵੇ, ਇਹ ਡਰ ਸਾਨੂੰ ਹਰ ਸਮੇਂ ਸਤਾਉਂਦਾ ਰਹਿੰਦਾ ਹੈ।

ਜਦੋਂ ਕਦੀ ਪੁਲਿਸ ਇਨ੍ਹਾਂ ਨੂੰ ਥਾਣੇ ਲੈਜਾਂਦੀ ਜਾਂ ਬੁਲਾਉਂਦੀ ਹੈ ਤਾਂ ਇਹ ਕੁਝ ਘੰਟਿਆਂ ਬਾਅਦ ਹੀ ਵਾਪਸ ਆ ਕੇ ਮੁੜ ਆਪਣੇ ਕੰਮ 'ਤੇ ਲੱਗ ਜਾਂਦੀਆਂ ਹਨ।ਕੁਝ ਲੋਕਾਂ ਨੇ ਦੱਸਿਆ ਕਿ ਇਨ੍ਹਾਂ ਅੱਡਿਆਂ 'ਤੇ ਲੜਕੀਆਂ ਵੱਲੋਂ ਆਪਣਾ ਜਿਸਮ ਵੇਚੇ ਜਾਣ ਤੋਂ ਇਲਾਵਾ ਹੁਣ ਤਾਂ ਇਥੇ ਮੌਤ ਰੂਪੀ ਚਿੱਟੇ ਦਾ ਨਸ਼ਾ ਵਿਕਣ ਦੇ ਚਰਚੇ ਵੀ ਸੁਣੇ ਜਾ ਰਹੇ ਹਨ।ਇਹ ਵੀ ਸੁਣਿਆ ਜਾਂਦਾ ਹੈ ਕਿ ਸ਼ਹਿਰ 'ਚ ਕਰਾਈਮ ਕਰਨ ਵਾਲੇ ਮਾੜੇ ਅਨਸਰਾਂ ਲਈ ਵੀ ਅਜਿਹੀਆਂ ਕਈ ਥਾਵਾਂ ਕਥਿਤ ਸੁਰੱਖਿਅਤ ਅੱਡੇ ਬਣੇ ਹੋਏ ਹਨ।ਜ਼ਿਕਰਯੋਗ ਹੈ ਕਿ ਪੁਲਿਸ ਵੱਲੋਂ ਜਿਸ ਤਰ੍ਹਾਂ ਵੱਖ-ਵੱਖ ਚੈਕਿੰਗ ਅਪ੍ਰੇਸ਼ਨਾਂ ਦੌਰਾਨ ਸ਼ਹਿਰ ਦੇ ਹੋਰ ਬਹੁਤ ਸਾਰੇ ਖੇਤਰਾਂ 'ਚ ਤਲਾਸ਼ੀ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ ਉਸੇ ਤਰ੍ਹਾਂ ਜੇਕਰ ਸ਼ਹਿਰ ਦੇ ਇਨ੍ਹਾਂ ਇਲਾਕਿਆਂ 'ਚ ਵੀ ਸਮੇਂ-ਸਮੇਂ 'ਤੇ ਅਚਨਚੇਤ ਚੈਕਿੰਗ ਮੁਹਿੰਮਾਂ ਚਲਾਈਆਂ ਜਾਣ ਤਾਂ ਪੁਲਿਸ ਦੇ ਹੱਥ ਬਹੁਤ ਕੁਝ ਲੱਗ ਸਕਦਾ ਹੈ।

**ਘਰੇਲੂ ਆਰਥਿਕ ਮਜ਼ਬੂਰੀਆਂ ਖਿੱਚ ਲਿਆਈਆਂ ਦੇਹ ਵਪਾਰ ਦੇ ਧੰਦੇ 'ਚ**

ਇਨ੍ਹਾਂ ਦੇਹ ਵਪਾਰ ਦੇ ਅੱਡਿਆਂ 'ਤੇ ਆਉਣ ਵਾਲੀਆਂ ਕੁਝ ਲੜਕੀਆਂ ਨਾਲ ਜਦੋਂ ਗੱਲਬਾਤ ਕੀਤੀ ਗਈ ਤਾਂ ਤਕਰੀਬਨ ਸਾਰੀਆਂ ਨੇ ਆਪੋ-ਆਪਣੀਆਂ ਘਰੇਲੂ ਆਰਥਿਕ ਤੰਗੀਆਂ, ਮਜ਼ਬੂਰੀਆਂ ਨੂੰ ਇਸ ਪਿੱਛੇ ਦਾ ਕਾਰਨ ਦੱਸਿਆ।

ਗੱਲਬਾਤ ਦੌਰਾਨ ਕੁਝ ਇੱਕ ਅਜਿਹੀਆਂ ਲੜਕੀਆਂ ਦਾ ਸੱਚ ਸੁਣ ਕੇ ਤਾਂ ਬਹੁਤ ਜ਼ਿਆਦਾ ਹੈਰਾਨੀ ਹੋਈ।

ਜਿੰਨਾਂ 'ਚੋਂ ਇੱਕ ਕਰੀਬ 20-21 ਸਾਲਾ ਲੜਕੀ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਦੀ ਗਰੀਬੀ ਕਾਰਨ ਉਸਦਾ ਪਿਤਾ ਜਾਂ ਮਾਂ ਖੁਦ ਹੀ ਉਸਨੂੰ ਇਸ ਅੱਡੇ 'ਤੇ ਛੱਡ ਕੇ ਜਾਂਦੇ ਹਨ ਅਤੇ ਦੇਰ ਸ਼ਾਮ ਨੂੰ ਵਾਪਸ ਲੈ ਕੇ ਜਾਂਦੇ ਹਨ।

ਕਰੀਬ 6 ਸਾਲ ਪਹਿਲਾਂ ਵਿਆਹੀ ਇੱਕ ਬੱਚੇ ਦੀ ਮਾਂ ਲੜਕੀ ਨੇ ਦੱਸਿਆ ਕਿ ਉਸਦਾ ਪਤੀ ਚਿੱਟੇ ਦੇ ਨਸ਼ੇ ਦਾ ਆਦੀ ਹੈ ਅਤੇ ਕੋਈ ਕੰਮ ਨਹੀਂ ਕਰਦਾ।ਜੇਕਰ ਕਦੇ ਕੋਈ ਕੰਮਕਾਰ ਕਰਕੇ ਪੈਸਾ ਕਮਾਉਂਦਾ ਵੀ ਹੈ ਤਾਂ ਉਹ ਸਾਰੇ ਪੈਸੇ ਚਿੱਟੇ ਦੇ ਨਸ਼ੇ 'ਚ ਉਡਾ ਦਿੰਦਾ ਹੈ।ਪਾਪੀ ਪੇਟ ਦੀ ਭੁੱਖ ਮਿਟਾਉਣ ਖਾਤਰ ਘਰ ਦਾ ਚੁੱਲਾ ਬਾਲਣ ਲਈ ਉਸਨੂੰ ਇਹ ਕੰਮ ਕਰਨਾ ਪੈ ਰਿਹਾ ਹੈ। ਮਾਲੇਰਕੋਟਲਾ ਤੋਂ ਇਲਾਵਾ ਆਲੇ-ਦੁਆਲੇ ਦੇ ਪਿੰਡਾਂ ਅਤੇ ਸ਼ੇਰਪੁਰ, ਧੂਰੀ, ਅਮਰਗੜ੍ਹ, ਮਲੌਦ, ਡੇਹਲੋਂ, ਸਮੇਤ ਕਈ ਹੋਰ ਖੇਤਰਾਂ ਤੋਂ ਇਥੇ ਆਪਣਾ ਜਿਸਮ ਵੇਚਣ ਲਈ ਆਉਂਦੀਆਂ ਲੜਕੀਆਂ ਨੇ ਵੀ ਆਪਣੇ ਇਸ ਕੰਮ ਪਿੱਛੇ ਕੁਝ ਅਜਿਹੀਆਂ ਹੀ ਘਰੇਲੂ ਆਰਥਿਕ ਮਜ਼ਬੂਰੀਆਂ ਨੂੰ ਕਾਰਨ ਦੱਸਿਆ।

**ਸਮਾਜ ਸੇਵੀ ਕਲੱਬਾਂ ਨੇ ਠੋਸ ਕਦਮ ਚੁੱਕਣ ਦੀ ਕੀਤੀ ਮੰਗ**

ਪੰਜਾਬੀ ਸੱਭਿਆਚਾਰ ਨੂੰ ਬਚਾਉਣ ਲਈ ਯਤਨਸ਼ੀਲ ਵੱਖ-ਵੱਖ ਕਲੱਬਾਂ, ਧਾਰਮਿਕ-ਸਮਾਜਿਕ ਜਥੇਬੰਦੀਆਂ ਦੇ ਬੁੱਧੀਜੀਵੀਆਂ ਨੇ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਕਿਹਾ ਕਿ ਇਨਸਾਨੀਅਤ ਰਿਸ਼ਤਿਆਂ 'ਚ ਨੈਤਿਕਤਾ ਦੀ ਗਿਰਾਵਟ ਲਿਆ ਰਹੇ ਇਸ ਦੇਹ ਵਪਾਰ ਦੇ ਧੰਦੇ ਨੂੰ ਰੋਕਣ ਲਈ ਠੋਸ ਕਦਮ ਚੁੱਕੇ ਜਾਣ ਤੇ ਪੰਜਾਬ ਨੂੰ ਏਡਜ਼ ਰੂਪੀ ਮਹਾਂਮਾਰੀ ਦੇ ਚੁੰਗਲ 'ਚ ਆਉਣ ਤੋਂ ਬਚਾਇਆ ਜਾਵੇ।













# ਨਾਜਾਇਜ਼ ਹਥਿਆਰਾਂ ਦੀ ਖਰੀਦੋ-ਫਰੋਖਤ ਦਾ ਵੱਡਾ ਗੜ੍ਹ ਬਣਿਆ ਪੰਜਾਬ !

## ਅਪ੍ਰੇਸ਼ਨ 'ਪਰਹਾਰ' ਦੌਰਾਨ ਝੁੱਗੀਆਂ ਤੇ ਸਲੱਮ ਇਲਾਕਿਆਂ 'ਚ ਨਹੀਂ ਕੀਤੀ ਗਈ ਚੈਕਿੰਗ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਉੱਤਰ ਪ੍ਰਦੇਸ਼ 'ਚ ਯੋਗੀ ਸਰਕਾਰ ਵੱਲੋਂ ਅਪਰਾਧੀਆਂ ਖਿਲਾਫ ਕੀਤੀ ਗਈ ਭਾਰੀ ਸਖਤੀ ਕਾਰਨ ਜਿਥੇ ਯੂ.ਪੀ. 'ਚ ਨਾਜ਼ਾਇਜ ਹਥਿਆਰਾਂ ਦੀ ਮੰਗ ਲਗਭਗ ਬੰਦ ਹੋ ਗਈ ਦੱਸੀ ਜਾਂਦੀ ਹੈ ਉਥੇ ਹੀ ਪੁਲਿਸ ਐਨਕਾਊਂਟਰ ਨਾਲ ਡਰੇ ਵੱਡੀ ਗਿਣਤੀ 'ਚ ਖਤਰਨਾਕ ਅਪਰਾਧੀਆਂ ਵੱਲੋਂ ਉੱਤਰ ਪ੍ਰਦੇਸ਼ ਤੋਂ ਭੱਜ ਕੇ ਪੰਜਾਬ 'ਚ ਸਲੱਮ ਇਲਾਕਿਆਂ ਅਤੇ ਝੁੱਗੀਆਂ 'ਚ ਪਨਾਹ ਲੈਣ ਨਾਲ ਜਿਥੇ ਪੰਜਾਬ ਦੇ ਵੱਖ-ਵੱਖ ਜ਼ਿਲਿਆਂ 'ਚ ਨਾਜਾਇਜ਼ ਹਥਿਆਰਾਂ ਦੀ ਸਮੱਗਲਿੰਗ 'ਚ ਜ਼ਬਰਦਸ਼ਤ ਵਾਧਾ ਹੋਇਆ ਹੈ ਉਥੇ ਹੀ ਪੰਜਾਬ ਪੁਲਿਸ ਵੱਲੋਂ ਚਲਾਏ ਜਾ ਰਹੇ ਅਪ੍ਰੇਸ਼ਨ ਪ੍ਰਹਾਰ ਦੌਰਾਨ ਸੂਬੇ 'ਚ ਝੁੱਗੀ-ਝੌਂਪੜੀਆਂ ਤੇ ਸਲੱਮ ਇਲਾਕਿਆਂ 'ਚ ਸਰਚ ਮੁਹਿੰਮ ਨਾ ਚਲਾਉਣ ਕਾਰਨ ਨਾਜਾਇਜ਼ ਹਥਿਆਰਾਂ ਦੀ ਸਮੱਗਲਿੰਗ ਦਾ ਦੌਰ ਲਗਾਤਾਰ ਜਾਰੀ ਹੈ।

ਜ਼ਿਕਰਯੋਗ ਹੈ ਕਿ ਬੀਤੇ ਤਿੰਨ-ਚਾਰ ਸਾਲਾਂ ਦੌਰਾਨ ਪੰਜਾਬ 'ਚ ਖਤਰਨਾਕ ਹੱਦ ਤੱਕ ਪਹੁੰਚ ਚੁੱਕੀ ਫਿਰੌਤੀ, ਗੈਂਗਵਾਰ ਤੇ ਹੋਰ ਗੰਭੀਰ ਵਾਰਦਾਤਾਂ 'ਚ ਨਾਜਾਇਜ਼ ਹਥਿਆਰਾਂ ਦੀ ਸਭ ਤੋਂ ਵੱਡੀ ਭੂਮਿਕਾ ਰਹੀ ਹੈ, ਜਿਸ ਦੌਰਾਨ ਭਾਵੇਂ ਪੰਜਾਬ ਪੁਲਿਸ ਨੇ ਕਾਫੀ ਵੱਡੀ ਗਿਣਤੀ 'ਚ ਨਾਜਾਇਜ਼ ਹਥਿਆਰਾਂ ਸਮੇਤ ਕਈ ਅਪਰਾਧੀਆਂ ਨੂੰ ਗ੍ਰਿਫਤਾਰ ਕੀਤਾ ਹੈ, ਜਿੰਨ੍ਹਾਂ ਪੁੱਛਗਿੱਛ ਦੌਰਾਨ ਬਰਾਮਦ ਹਥਿਆਰਾਂ ਨੂੰ ਦੂਜੇ ਸੂਬਿਆਂ ਤੋਂ ਲਿਆਉਣ ਦੀ ਗੱਲ ਕਬੂਲੀ ਹੈ ਪਰ ਇਹ ਬ੍ਰਾਮਦਗੀ ਆਟੇ 'ਚ ਲੂਣ ਵਰਗੀ ਹੈ।

**ਸਖਤੀ ਨਾ ਕੀਤੀ ਤਾਂ ਸੂਬੇ 'ਚ ਵਧ ਸਕਦੀਆਂ ਵਾਰਦਾਤਾਂ**

ਦੱਸਿਆ ਜਾਂਦਾ ਹੈ ਕਿ ਕਦੇ ਉੱਤਰ ਪ੍ਰਦੇਸ਼ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾਉਣ ਵਾਲੇ ਕਾਫੀ ਵੱਡੀ ਗਿਣਤੀ 'ਚ ਬੰਗਲਾਦੇਸੀ ਘੁਸਪੈਂਠੀਆਂ ਨੇ ਵੀ ਆਧਾਰ ਕਾਰਡ ਤੇ ਹੋਰ ਪਛਾਣ ਪੱਤਰ ਬਣਾ ਕੇ ਪੰਜਾਬ ਦੇ ਵੱਖ-ਵੱਖ ਝੌਂਪੜ ਪੱਟੀ ਇਲਾਕਿਆਂ ਤੇ ਸਲੱਮ ਇਲਾਕਿਆਂ 'ਚ ਪਨਾਹ ਲੈ ਲਈ ਹੈ ਤੇ ਉਹ ਅਜਿਹੇ ਅਪਰਾਧਿਕ ਲੋਕ ਨਾਜਾਇਜ਼ ਹਥਿਆਰਾਂ ਨੂੰ ਵੇਚਣ 'ਚ ਵੱਡੀ ਭੂਮਿਕਾ ਅਦਾ ਕਰ ਰਹੇ ਹਨ.



ਪਰ ਅਜੇ ਤੱਕ ਦੂਜੇ ਸੂਬਿਆਂ ਤੋਂ ਆਏ ਅਜਿਹੇ ਅਪਰਾਧਿਕ ਅਨਸਰਾਂ ਦੇ ਖਿਲਾਫ ਨਾ ਤਾਂ ਵੱਡੇ ਪੱਧਰ 'ਤੇ ਮੁਹਿੰਮ ਚਲਾਈ ਜਾ ਰਹੀ ਹੈ, ਨਾ ਹੀ ਉਨ੍ਹਾਂ ਦੀ ਪਛਾਣ ਦੇ ਲਈ ਵੱਡੇ ਪੱਧਰ 'ਤੇ ਸਰਚ ਮੁਹਿੰਮ ਨੂੰ ਹੀ ਅਮਲੀਜਾਮਾ ਪਹਿਨਾਇਆ ਗਿਆ ਹੈ।

ਜਿਸ ਕਾਰਨ ਪੰਜਾਬ ਅਜਿਹੇ ਅਪਰਾਧਿਕ ਅਨਸਰਾਂ ਦੇ ਰਹਿਮੋ-ਕਰਮ 'ਤੇ ਨਿਰਭਰ ਹੋ ਕੇ ਰਹਿ ਗਿਆ ਹੈ।ਜੇਕਰ ਜਲਦੀ ਹੀ ਅਜਿਹੇ ਸ਼ੱਕੀ ਵਿਅਕਤੀਆਂ ਨੂੰ ਫੜਣ ਲਈ ਮੁਹਿੰਮ ਨਾ ਛੇੜੀ ਗਈ ਤਾਂ ਸੂਬੇ ਨੂੰ ਵੱਡੀਆਂ ਅਪਰਾਧਿਕ ਸਰਗਰਮੀਆਂ ਤੋਂ ਕਦੇ ਬਚਾਇਆ ਨਹੀਂ ਜਾ ਸਕੇਗਾ।

**ਗਰੀਬ ਨੌਜਵਾਨਾਂ ਕੋਲ ਆਸਾਨੀ ਨਾਲ ਪਹੁੰਚ ਰਹੇ ਹਨ ਹਥਿਆਰ**

ਪੰਜਾਬ 'ਚ ਨਾਜਾਇਜ਼ ਹਥਿਆਰਾਂ ਦੀ ਸਮੱਗਲਿੰਗ ਦਾ ਆਲਮ ਤਾਂ ਇਹ ਹੈ ਕਿ ਦੂਜੇ ਸੂਬਿਆਂ 'ਚ ਸਮੱਗਲਿੰਗ ਦੇ ਮਾਰਫਤ ਪਹੁੰਚ ਰਹੇ ਨਾਜਾਇਜ਼ ਹਥਿਆਰ ਅਜਿਹੇ ਗਰੀਬ ਪਰਿਵਾਰਾਂ ਨਾਲ ਸਬੰਧਤ ਨੌਜਵਾਨਾਂ ਨੂੰ ਮਿਲ ਗਏ ਹਨ, ਜਿੰਨਾਂ ਦੇ ਪਰਿਵਾਰਾਂ ਲਈ 2 ਵਕਤ ਦੀ ਰੋਟੀ ਦਾ ਜੁਗਾੜ ਕਰਨਾ ਵੀ ਬੇਹੱਦ ਮੁਸ਼ਕਿਲ ਹੈ।

ਪਿਛਲੇ ਕੁਝ ਮਹੀਨਿਆਂ ਦੌਰਾਨ ਪੰਜਾਬ ਪੁਲਿਸ ਵੱਲੋਂ ਨਾਜਾਇਜ਼ ਹਥਿਆਰਾਂ ਸਮੇਤ ਗ੍ਰਿਫਤਾਰ ਕੀਤੇ ਗਏ ਜ਼ਿਆਦਾਤਰ ਅਪਰਾਧੀ ਇੰਨੇ ਗਰੀਬ ਪਰਿਵਾਰਾਂ ਨਾਲ ਸਬੰਧਤ ਹਨ, ਕਿ ਉਨ੍ਹਾਂ ਦੇ ਪਰਿਵਾਰਕ ਮੈਂਬਰ ਦਿਹਾੜੀ ਤੇ ਮਜ਼ਦੂਰੀ ਕਰਕੇ ਆਪਣੇ ਪਰਿਵਾਰਾਂ ਦਾ ਗੁਜ਼ਾਰਾ ਕਰ ਰਹੇ ਹਨ ਪਰ ਅਜਿਹੇ ਗਰੀਬ ਪਰਿਵਾਰਾਂ ਦੇ ਨਾਲ ਸਬੰਧਤ ਨੌਜਵਾਨਾਂ ਤੱਕ ਨਾਜਾਇਜ਼ ਹਥਿਆਰ ਪਹੁੰਚਣਾ ਵੱਡੀਆਂ ਚਿੰਤਾਵਾਂ ਖੜ੍ਹੀਆਂ ਕਰਦਾ ਹੈ।

**ਪਿਛਲੇ 3-4 ਸਾਲਾਂ ਦੌਰਾਨ ਪੰਜਾਬ ਭਰ 'ਚ ਵੱਡੀ ਗਿਣਤੀ 'ਚ ਪੁੱਜੇ ਨਾਜਾਇਜ਼ ਹਥਿਆਰ**

ਦੱਸਿਆ ਜਾਂਦਾ ਹੈ ਕਿ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿਤਿਆਨਾਥ ਦੇ ਹੁਕਮਾਂ 'ਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਕੀਤੀ ਗਈ ਭਾਰੀ ਸਖਤੀ ਤੇ ਵੱਡੀ ਗਿਣਤੀ 'ਚ ਅਪਰਾਧੀਆਂ ਦੇ ਪੁਲਿਸ ਮੁਕਾਬਲਿਆਂ 'ਚ ਮਾਰੇ ਜਾਣ ਤੋਂ ਬਾਅਦ ਅਪਰਾਧ ਜਗਤ 'ਚ ਇਸ ਕਦਰ ਖੌਫ ਪੈਦਾ ਹੋ ਗਿਆ ਹੈ ਕਿ ਹੁਣ ਉੱਤਰ ਪ੍ਰਦੇਸ਼ 'ਚ ਨਾਜਾਇਜ਼ ਹਥਿਆਰਾਂ ਦੀ ਮੰਗ ਜ਼ੀਰੋ ਹੋ ਗਈ ਦੱਸੀ ਜਾਂਦੀ ਹੈ ਤੇ ਵਰਤਮਾਨ ਦੌਰ 'ਚ ਉੱਤਰ ਪ੍ਰਦੇਸ਼ ਨਾਲ ਸਬੰਧਤ ਕਈ ਨਾਜਾਇਜ਼ ਹਥਿਆਰ ਸਮੱਗਲਰਾਂ ਨੇ ਪੰਜਾਬ ਨੂੰ ਆਪਣੀਆਂ ਸਰਗਰਮੀਆਂ ਦਾ ਕੇਂਦਰ ਬਣਾ ਲਿਆ ਹੈ, ਜਿਸ ਕਾਰਨ ਹੀ ਪਿਛਲੇ ਤਿੰਨ-ਚਾਰ ਸਾਲਾਂ ਦੌਰਾਨ ਪੰਜਾਬ ਭਰ 'ਚ ਬਹੁਤ ਵੱਡੀ ਗਿਣਤੀ 'ਚ ਨਾਜਾਇਜ਼ ਹਥਿਆਰ ਪਹੁੰਚ ਗਏ ਹਨ।

ਜਿਸ ਕਾਰਨ ਹੀ ਹਰ ਛੋਟੇ-ਵੱਡੇ ਅਪਰਾਧੀ ਦੇ ਕੋਲ ਉੱਤਰ ਪ੍ਰਦੇਸ਼ ਤੇ ਮੱਧ ਪ੍ਰਦੇਸ਼ 'ਚ ਬਣੇ ਹੋਏ ਨਾਜਾਇਜ਼ ਪਿਸਤੌਲ ਪਹੁੰਚ ਗਏ ਹਨ।ਇਸੇ ਕਾਰਨ ਹੀ ਪੰਜਾਬ ਸੂਬੇ ਅੰਦਰ ਅਪਰਾਧ ਨਵੀਆਂ ਉਚਾਈਆਂ ਨੂੰ ਛੂਹ ਰਹੇ ਹਨ ਪਰ ਸੂਬੇ ਨੂੰ ਗੈਂਗਸ਼ਟਰਾਂ ਤੇ ਅਪਰਾਧੀਆਂ ਤੋਂ ਮੁਕਤ ਕਰਵਾਉਣ ਦੇ ਦਾਅਵੇ ਕਰਨ ਵਾਲੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ ਅਪ੍ਰੇਸ਼ਨ ਪ੍ਰਹਾਰ ਦਾ ਵੀ ਕੋਈ ਖਾਸ ਅਸਰ ਦੇਖਣ ਨੂੰ ਨਹੀਂ ਮਿਲ ਰਿਹਾ ਹੈ।

# ਦਾਣਿਆਂ ਦੀ ਖਾਤਿਰ ਜੋ ਆਲ੍ਹਣਿਆਂ ਤੋਂ ਦੂਰ ਗਏ

## ਰੋਜ਼ੀ-ਰੋਟੀ ਲਈ ਹੱਡ-ਭੰਨਵੀਂ ਮਿਹਨਤ ਕਰਦੀ ਐ ਪੰਜਾਬ ਦੀ ਜਵਾਨੀ

ਮਾਲੇਰਕੋਟਲਾ, 7 ਮਈ (ਸ਼ਹਾਬੂਦੀਨ) ਚਮ-ਚਮਾਉਂਦੀ ਧਰਤੀ, ਉੱਚੀਆਂ ਇਮਾਰਤਾਂ, ਚੰਗਾ ਰਹਿਣ-ਸਹਿਣ, ਲੋਕ ਹਿੱਤਾਂ ਵਾਲਾ ਕਾਨੂੰਨ, ਚੰਗੇ ਪ੍ਰਸ਼ਾਸਨਿਕ ਪ੍ਰਬੰਧਾਂ ਅਤੇ ਸੋਹਣੇ ਵਾਤਾਵਰਣ ਵਾਲਾ ਕੈਨੇਡਾ ਅੱਜ ਪੰਜਾਬ ਦੀ ਜਵਾਨੀ ਦੀ ਪਹਿਲੀ ਪਸੰਦ ਬਣ ਚੁੱਕਾ ਹੈ।ਪੰਜਾਬ ਦੀ ਜਵਾਨੀ ਦੇ ਸੁਨਹਿਰੇ ਸੁਪਨਿਆਂ 'ਚ ਆਉਣ ਵਾਲੇ ਕੈਨੇਡਾ ਦੀ ਧਰਤੀ ਵਾਲੇ ਕ੍ਰੇਜ਼ ਦਾ ਅੰਦਾਜ਼ਾ ਇਥੋਂ ਹੀ ਲਗਾਇਆ ਜਾ ਸਕਦਾ ਹੈ ਕਿ ਕੈਨੇਡਾ ਦੀ ਸਰਕਾਰ ਵੱਲੋਂ ਸਖਤ ਕਾਨੂੰਨ ਤੇ ਸ਼ਰਤਾਂ ਲਗਾਉਣ ਦੇ ਬਾਵਜੂਦ ਪੰਜਾਬੀ ਮੁੰਡੇ-ਕੁੜੀਆਂ ਦੇ ਜਹਾਜ਼ ਭਰ-ਭਰ ਕੈਨੇਡਾ ਨੂੰ ਜਾ ਰਹੇ ਹਨ।

ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਕੈਨੇਡਾ ਆਉਣ ਵਾਲੇ ਬਹੁਤਾਂਤ ਪੰਜਾਬੀ ਨੌਜਵਾਨ ਮੁੰਡੇ ਕੁੜੀਆਂ ਲਈ ਅੱਜ ਕੈਨੇਡਾ ਉਨ੍ਹਾਂ ਸੋਖਾਲਾ ਨਹੀਂ, ਜਿੰਨਾਂ ਉਹ ਇਥੇ ਆਪਣੇ ਦੇਸ਼ 'ਚ ਬੈਠੇ ਸੋਚਦੇ ਹਨ।ਚੰਗੀ ਜ਼ਿੰਦਗੀ ਤੇ ਕੈਨੇਡਾ ਦੇ ਡਾਲਰ ਪੰਜਾਬੀਆਂ ਨੂੰ ਲੱਗਦਾ ਉਹ ਬਹੁਤ ਹੀ ਸੌਖਿਆਂ ਹਾਸਲ ਕਰ ਲੈਣਗੇ ਪਰ ਇਹ ਸਭ ਹਾਸਲ ਕਰਨ ਲਈ ਇਥੇ ਬਹੁਤ ਮਿਹਨਤਾਂ ਕਰਨੀਆਂ ਪੈਂਦੀਆਂ ਹਨ।

ਕੈਨੇਡਾ ਦੀ ਧਰਤੀ 'ਤੇ ਡਾਲਰ ਕਮਾਉਣੇ ਇੰਨੇ ਸੌਖੇ ਨਹੀਂ ਹਨ।ਇਸ ਦਾ ਪਤਾ ਤਾਂ ਇਥੇ ਆਉਣ 'ਤੇ ਕੁਝ ਦਿਨਾਂ 'ਚ ਹੀ ਲੱਗ ਜਾਂਦਾ ਹੈ।ਆਪਣੇ ਚੰਗੇ ਭਵਿੱਖ ਦੀ ਆਸ ਲਾ ਕੇ ਕੈਨੇਡਾ ਆਉਣ ਵਾਲੇ ਪੰਜਾਬੀ ਜਿੰਨਾਂ 'ਚ ਵੱਡੀ ਗਿਣਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਹੈ, ਨੂੰ ਇਥੇ ਸੱਤ ਸਮੁੰਦਰੋਂ ਪਾਰ ਆ ਕੇ ਸਖਤ ਮਿਹਨਤਾਂ 'ਚੋਂ ਦੀ ਗੁਜ਼ਰਨਾਂ ਪੈਂਦਾ ਹੈ, ਤਦ ਜਾ ਕੇ ਥੋੜੀ ਬਹੁਤ ਜ਼ਿੰਦਗੀ ਸੋਖਾਲੀ ਹੁੰਦੀ ਹੈ।

ਕੈਨੇਡਾ ਦੀ ਚਮਕ-ਦਮਕ ਅਤੇ ਇਥੋਂ ਦੇ ਉਚ ਪੱਧਰੀ ਜੀਵਨ ਦੇ ਸੁਪਨੇ ਸਜਾ ਕੇ ਕਿਵੇਂ ਨਾ ਕਿਵੇਂ ਜਹਾਜ਼ ਨੂੰ ਹੱਥ ਪਾ ਕੇ ਉਸ 'ਸੁਪਨਮਈ ਸਵਰਗ' 'ਚ ਆਉਣ ਵਾਲੀ ਪੰਜਾਬ ਦੀ ਜਵਾਨੀ ਨੂੰ ਤਰ੍ਹਾਂ-ਤਰ੍ਹਾਂ ਦੀਆਂ ਮੁਸ਼ਕਿਲਾਂ ਨਾਲ ਸਿੱਝਣਾ ਪੈਂਦਾ ਹੈ।ਪੜ੍ਹਾਈ ਤੋਂ ਪੀ.ਆਰ ਤੱਕ ਇਹ ਕਿੰਨੀ ਘਾਲਣਾ ਘੱਲਦੇ ਹਨ, ਬਸ ਇਹੋ ਜਾਣਦੇ ਹਨ ਅਤੇ ਇਸ ਤੋਂ ਬਾਅਦ ਕਾਰਾਂ ਤੇ ਘਰਾਂ ਦੀਆਂ ਵੱਡੀਆਂ-ਵੱਡੀਆਂ ਕਿਸ਼ਤਾਂ ਉਤਾਰਦਿਆਂ ਇਨ੍ਹਾਂ ਦੀਆਂ ਉਮਰਾਂ ਲੰਘ ਜਾਂਦੀਆਂ ਹਨ।

### ਸੱਪ ਦੀ ਸਿਰੀ ਤੋਂ ਡਾਲਰ ਚੁੱਕਣੇ ਇੰਨੇ ਸੌਖੇ ਨਹੀਂ : ਲੱਖਾ ਕੁਠਾਲਾ




ਲਖਵੀਰ ਸਿੰਘ ਲੱਖਾ ਕੁਠਾਲਾ ਨੇ ਕਿਹਾ ਕਿ ਕੈਨੇਡਾ 'ਚ ਸੱਪ ਦੀ ਸਿਰੀ ਤੋਂ ਡਾਲਰ ਚੁੱਕਣੇ ਵਾਂਗ ਜੀ ਤੋੜ ਮਿਹਨਤਾਂ ਕਰਨੀਆਂ ਪੈਂਦੀਆਂ ਹਨ, ਤਦ ਜਾ ਕੇ ਡਾਲਰ ਨੂੰ ਹੱਥ ਪੈਂਦਾ ਹੈ।ਕੈਨੇਡਾ 'ਚ ਪੱਕੀ ਰਿਹਾਇਸ਼ ਮਿਲਣ ਤੱਕ ਇਕ ਤਕੜੇ ਸੰਘਰਸ਼ 'ਚੋਂ ਦੀ ਲੰਘਣਾ ਪੈਂਦਾ ਹੈ।ਘਰ ਤੋਂ ਕੰਮ ਤੇ ਕੰਮ ਤੋਂ ਘਰ ਤੱਕ ਹੀ ਜ਼ਿੰਦਗੀ ਸੀਮਿਤ ਹੋ ਕੇ ਰਹਿ ਜਾਂਦੀ ਹੈ।ਉਨ੍ਹਾਂ ਕਿਹਾ ਕਿ ਕੈਨੇਡਾ 'ਚ ਵੱਡੀਆਂ ਗੱਡੀਆਂ ਤੇ ਵੱਡੇ ਘਰਾਂ ਅੱਗੇ ਖੜ੍ਹ ਕੇ ਖਿੱਚੀਆਂ ਫੋਟੋਆਂ ਸੋਸ਼ਲ ਮੀਡੀਆਂ 'ਤੇ ਪਾਈਆਂ ਸੋਹਣੀਆਂ ਤਾਂ ਬਹੁਤ ਲੱਗਦੀਆਂ ਹਨ ਪਰ ਇਨ੍ਹਾਂ ਗੱਡੀਆਂ ਅਤੇ ਘਰਾਂ ਲਈ ਕਮਾਏ ਡਾਲਰ ਸੱਪ ਦੀ ਸਿਰੀ ਤੋਂ ਚੁੱਕਣ ਬਰਾਬਰ ਹਨ।

### ਟਰੱਕ ਚਲਾਉਣਾ ਪੰਜਾਬੀਆਂ ਦੀ ਪਹਿਲੀ ਪਸੰਦ : ਮਾਨ ਕੈਨੇਡਾ



**ਪਿੰਡ ਮਾਨਮਾਜਰਾ ਮਾਨਾਂ ਦੇ ਸਾਬਕਾ ਸਰਪੰਚ ਅਵਤਾਰ ਸਿੰਘ ਮਾਨ ਕੈਨੇਡਾ ਨੇ ਕਿਹਾ ਕਿ ਕੈਨੇਡਾ 'ਚ ਪੰਜਾਬੀਆਂ ਦੀ ਪਹਿਲੀ ਪਸੰਦ ਟਰੱਕ ਚਲਾਉਣਾ ਹੈ।ਦਿਨ ਰਾਤ ਸੜਕਾਂ 'ਤੇ ਟਰੱਕ ਚਲਾਉਣ ਤੋਂ ਬਾਅਦ ਜਾ ਕੇ ਡਾਲਰਾਂ ਦਾ ਮੂੰਹ ਦੇਖਣ ਨੂੰ ਮਿਲਦਾ ਹੈ।ਉਨ੍ਹਾਂ ਦੱਸਿਆ ਕਿ ਕੈਨੇਡਾ 'ਚ ਪੰਜਾਬੀ ਨੌਜਵਾਨ ਟਰਾਲਾ ਜਾਂ ਟੈਕਸੀ ਚਲਾਉਣ ਨੂੰ ਵਧੇਰੇ ਪਸੰਦ ਕਰਦੇ ਹਨ ਕਿਉਂਕਿ ਉਹ ਇਸ ਨੂੰ ਆਜ਼ਾਦ ਨੌਕਰੀ ਸਮਝਦੇ ਹਨ ਪਰ ਇਹ ਵੀ ਸੌਖਾ ਕੰਮ ਨਹੀਂ ਹੈ।**

### ਸੁਪਨੇ ਵੇਖੇ ਨੇ ਤਾਂ ਪੂਰੇ ਵੀ ਕਰਨੇ ਨੇ : ਰਵੀ ਕੈਨੇਡਾ



ਕੈਨੇਡਾ 'ਚ ਪੜ੍ਹਾਈ ਕਰਦੇ ਮਾਲੇਰਕੋਟਲਾ ਵਾਸੀ ਨੌਜਵਾਨ ਮੁਹੰਮਦ ਰਵੀ ਕੈਨੇਡਾ ਨੇ ਕਿਹਾ ਕਿ ਸੁਪਨਮਈ ਸਵਰਗ ਅਖਵਾਉਣ ਵਾਲੇ ਦੇਸ਼ ਕੈਨੇਡਾ 'ਚ ਆਪਣੇ ਦੇਖੇ ਸੁਪਨਿਆਂ ਨੂੰ ਸੱਚ ਕਰਨ ਆਏ ਵਿਦਿਆਰਥੀਆਂ ਨੂੰ ਹੱਡ ਤੋੜਵੀਂ ਮਿਹਨਤ ਕਰਨੀ ਪੈਂਦੀ ਹੈ।ਕਲਾਸ ਲਗਾਉਣ ਤੋਂ ਬਾਅਦ ਵੱਖ-ਵੱਖ ਸ਼ਿਫਟਾਂ 'ਚ ਘੰਟਿਆਂ ਤੱਕ ਕੰਮ ਕਰਦੇ ਹਨ ਤਾਂ ਜੋ ਆਪਣੇ ਦੇਖੇ ਸੁਪਨਿਆਂ ਨੂੰ ਪੂਰਾ ਕਰ ਸਕਣ।ਉਨ੍ਹਾਂ ਕਿਹਾ ਕਿ ਕੈਨੇਡਾ 'ਚ ਡਾਲਰ ਕਮਾਉਣ ਲਈ ਮਸ਼ੀਨ ਬਨਣਾ ਪੈਂਦਾ ਹੈ ਤੇ ਮਸ਼ੀਨਾਂ ਨੂੰ ਬਿਨਾਂ ਅੱਕਿਆਂ-ਥੱਕਿਆਂ ਭੱਜ-ਭੱਜ ਕੇ ਕੰਮ ਕਰਨਾ ਹੀ ਪੈਂਦਾ ਹੈ।

### ਕਿਸ਼ਤਾਂ ਉਤਾਰਦਿਆਂ ਹੀ ਲੰਘ ਜਾਊ ਜਵਾਨੀ : ਪ੍ਰੋ : ਨਿਰਮਲ ਜੰਗ ਕੈਨੇਡਾ



ਪ੍ਰੋਫੈਸਰ ਨਿਰਮਲ ਸਿੰਘ ਜੰਗ ਕੈਨੇਡਾ ਨੇ ਕਿਹਾ ਕਿ ਜੋ ਬੱਚੇ ਆਪਣੇ ਸੁਪਨਿਆਂ ਨੂੰ ਖੰਭ ਦੇਣ ਲਈ ਕੈਨੇਡਾ ਜਾਂਦੇ ਹਨ ਉਥੇ ਪੜ੍ਹਾਈ ਦੇ ਨਾਲ-ਨਾਲ ਕੰਮਾਂ 'ਤੇ ਸ਼ਿਫਟਾਂ ਵੀ ਬਹੁਤ ਲਾਉਂਦੇ ਹਨ, ਤਦ ਜਾ ਕੇ ਰੋਜ਼ੀ-ਰੋਟੀ ਜੋਗੇ ਡਾਲਰਾਂ ਦਾ ਜੁਗਾੜ ਬਣਦਾ ਹੈ।ਘਰ ਛੱਡ ਕੇ ਵਿਦੇਸ਼ ਗਏ ਬੱਚਿਆਂ ਦਾ ਪੀ.ਆਰ ਮਿਲਣ ਤੋਂ ਬਾਅਦ ਆਪਣਾ ਘਰ ਲੈਣ ਦਾ ਸੁਪਨਾ ਹੁੰਦਾ ਹੈ ਤੇ ਫਿਰ ਉਨ੍ਹਾਂ ਨੂੰ ਹੋਰ ਮਿਹਨਤਾਂ ਕਰਨੀਆਂ ਪੈਂਦੀਆਂ ਹਨ, ਕਿਉਂਕਿ ਘਰ ਦੀਆਂ ਕਿਸ਼ਤਾਂ, ਕਾਰ ਦੀਆਂ ਕਿਸ਼ਤਾਂ, ਗਰੋਸਰੀ ਤੇ ਹਰ ਤਰ੍ਹਾਂ ਦੇ ਬਿਲ ਭਰਨ ਲਈ ਡਾਲਰ ਹੋਰ ਕਮਾਉਣੇ ਪੈਂਦੇ ਹਨ।ਨੌਜਵਾਨ ਬੱਚਿਆਂ ਨੂੰ ਕਿਸ਼ਤਾਂ ਲਾਹੁਣ ਲਈ 30 ਸਾਲ ਲੱਗ ਜਾਣਗੇ, ਤਦ ਤੱਕ ਉਨ੍ਹਾਂ ਦੀ ਉਮਰ 50 ਸਾਲ ਤੋਂ ਵੱਧ ਦੀ ਹੋ ਜਾਵੇਗੀ।

### ਜੋ ਸੁੱਖ ਛੱਜੂ ਦੇ ਚੁਬਾਰੇ, ਉਹ ਨਾ ਬਲਖ ਨਾ ਬੁਖਾਰੇ : ਸੀਨੀਅਰ ਪੱਤਰਕਾਰ ਮਾਸਟਰ ਸਾਜਿਦ ਇਸ਼ਹਾਕ



ਸੀਨੀਅਰ ਪੱਤਰਕਾਰ ਮਾਸਟਰ ਸਾਜਿਦ ਇਸ਼ਹਾਕ ਨੇ ਕਿਹਾ ਕਿ ਪੰਜਾਬੀ ਦੀ ਇਕ ਕਹਾਵਤ ਹੈ ਕਿ ਜੋ ਸੁੱਖ ਛੱਜੂ ਦੇ ਚੁਬਾਰੇ ਉਹ ਨਾ ਬਲਖ ਨਾ ਬੁਖਾਰੇ।ਪੰਜਾਬੀ ਬੜੇ ਉਦਮੀ ਤੇ ਮਿਹਨਤੀ ਹਨ ਅਤੇ ਪੰਜਾਬ ਦੀ ਜਵਾਨੀ ਆਪਣੇ ਭਵਿੱਖ ਨੂੰ ਹੋਰ ਚੰਗੇਰਾ ਬਣਾਉਣ ਲਈ ਕੈਨੇਡਾ ਜਾ ਰਹੀ ਹੈ ਪਰ ਜੋ ਆਰਾਮ ਇਥੇ ਹੈ, ਉਹ ਹੋਰ ਕਿਧਰੇ ਨਹੀਂ ਮਿਲ ਸਕਦਾ।ਉਨ੍ਹਾਂ ਕਿਹਾ ਕਿ ਡਾਲਰਾਂ ਦੀ ਚਕਾਚੌਂਧ ਨੇ ਪੰਜਾਬ ਦੀ ਜਵਾਨੀ ਨੂੰ ਵਿਦੇਸ਼ਾਂ 'ਚ ਰੁਲਣ ਲਈ ਮਜ਼ਬੂਰ ਕਰ ਦਿੱਤਾ ਹੈ ਤੇ ਇਥੋਂ ਜਾ ਕੇ ਪੰਜਾਬੀਆਂ ਨੂੰ ਸਖਤ ਮਿਹਨਤਾਂ ਕਰਨੀਆਂ ਪੈ ਰਹੀਆਂ ਹਨ।

# ਫਰਜ਼ੀ ਅੰਗਹੀਣ ਸਰਟੀਫਿਕੇਟਾਂ 'ਤੇ ਨੌਕਰੀ ਕਰਨ ਵਾਲਿਆਂ ਵਿਰੁੱਧ ਕਾਰਵਾਈ ਨੂੰ ਲੈ ਕੇ ਸਰਕਾਰੀ ਦਾਅਵਿਆਂ ਦੀ ਨਿੱਕਲੀ ਫੂਕ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਾਰ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਫਰਜ਼ੀ ਐੱਸ.ਸੀ. ਅਤੇ ਅੰਗਹੀਣ ਸਰਟੀਫਿਕੇਟਾਂ 'ਤੇ ਨੌਕਰੀ ਕਰਨ ਵਾਲੇ ਮੁਲਾਜ਼ਮਾਂ ਵਿਰੁੱਧ ਵੱਡੀ ਕਾਰਵਾਈ ਦਾ ਐਲਾਨ ਕੀਤਾ ਸੀ ਪਰ ਸਰਕਾਰ ਦੇ ਚਾਰ ਸਾਲ ਲੰਘ ਜਾਣ 'ਤੇ ਇਸ ਮਾਮਲੇ 'ਤੇ ਸਰਕਾਰ ਵੱਲੋਂ ਕੀਤੇ ਐਲਾਨ ਪ੍ਰਤੀ ਗੰਭੀਰਤਾ ਨਾਲ ਅਮਲ ਨਾ ਕਰਨ ਅਤੇ ਸਬੰਧਤ ਦਫਤਰਾਂ 'ਚ ਉੱਪਰਲੇ ਅਧਿਕਾਰੀਆਂ ਦੀ ਮਿਲੀਭੁਗਤ ਕਰਕੇ ਕਾਰਵਾਈ ਦਾ ਮੁੱਦਾ ਖੂਹ ਖਾਤੇ 'ਚ ਪੈ ਗਿਆ ਹੈ, ਜਿਸਨੂੰ ਲੈ ਕੇ ਜਿਥੇ ਆਮ ਲੋਕਾਂ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ, ਉਥੇ ਇਸ ਮਾਮਲੇ ਨੂੰ ਲੈ ਕੇ ਸਰਕਾਰ ਦੀ ਵੀ ਕਿਰਕਿਰੀ ਹੋ ਰਹੀ ਹੈ।ਪੰਜਾਬ ਅੰਦਰ 1997 ਤੋਂ ਬਾਅਦ ਸੈਂਕੜੇ ਲੋਕ ਵੱਖ-ਵੱਖ ਵਿਭਾਗਾਂ 'ਚ ਭਰਤੀ ਹੋਏ ਦੱਸੇ ਜਾਂਦੇ ਹਨ। ਪਿਛਲੀ ਸਰਕਾਰ ਵੱਲੋਂ ਵੀ ਜਾਅਲੀ ਡਰਾਇੰਗ ਟੀਚਰਾਂ ਦੀ ਭਰਤੀ ਅਤੇ ਰੌਲਾ ਪੈਣ 'ਤੇ ਦਰਜਣਾਂ ਲੋਕਾਂ ਵੱਲੋਂ ਨੌਕਰੀ ਛੱਡਣ ਸਬੰਧੀ ਅਨੇਕਾਂ ਚਰਚੇ ਹੋਏ ਸਨ ਪਰ ਸਰਕਾਰ ਵੱਲੋਂ ਕਾਰਵਾਈ ਨਾ ਹੋਣ ਕਰਕੇ ਸਬੰਧਤ ਗਿਰੋਹ ਅੱਜ ਕੱਲ ਸਿਆਸੀ ਨਕਾਬ ਪਾ ਕੇ ਘੁੰਮ ਰਿਹਾ ਹੈ।ਜਾਅਲੀ ਵਿੱਦਿਅਕ ਸਰਟੀਫਿਕੇਟਾਂ ਤੋਂ ਇਲਾਵਾ ਜ਼ਿਆਦਾ ਲੋਕ ਫਰਜ਼ੀ ਐੱਸ.ਸੀ. ਸਰਟੀਫਿਕੇਟਾਂ ਅਤੇ ਅੰਗਹੀਣ ਸਰਟੀਫਿਕੇਟਾਂ ਦੀ ਆੜ 'ਚ ਭਰਤੀ ਹੋਏ।ਇਸ ਨਾਲ ਜਿਥੇ ਅੰਗਹੀਣ ਕੋਟੇ 'ਚ ਰਿਜ਼ਰਵੇਸ਼ਨ




ਸੀ, ਉਥੇ ਭਰਤੀ 'ਚ ਉਮਰ ਦੀ ਵੀ ਪੰਜ ਸਾਲ ਛੋਟ ਹੈ। ਇਸ ਤੋਂ ਇਲਾਵਾ ਇਨ੍ਹਾਂ ਕੇਸਾਂ 'ਚ ਰਿਟਾਇਰਮੈਂਟ ਨੂੰ ਲੈ ਕੇ ਵੀ 2 ਸਾਲ ਦਾ ਵਾਧਾ ਹੈ।ਇਸ ਮੁੱਦੇ ਨੂੰ ਲੈ ਕੇ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਐਲਾਨ ਕੀਤਾ ਸੀ ਕਿ ਇਸ ਮਾਮਲੇ 'ਤੇ ਪੰਜਾਬ ਅੰਦਰ ਜਿੰਨੇ ਸਰਕਾਰੀ ਕਰਮਚਾਰੀ ਅੰਗਹੀਣ ਸਰਟੀਫਿਕੇਟਾਂ 'ਤੇ ਨੌਕਰੀ ਲੱਗੇ ਹਨ, ਸਭ ਦੀ ਜਾਂਚ ਪੀ.ਜੀ.ਆਈ. ਦਾ ਬੋਰਡ ਕਰੇਗਾ।ਗਲਤ ਸਰਟੀਫਿਕੇਟਾਂ 'ਤੇ ਨੌਕਰੀ ਕਰਨ ਵਾਲੇ ਕਰਮਚਾਰੀਆਂ ਵਿਰੁੱਧ ਕੇਸ ਦਰਜ ਕਰਕੇ ਉਨ੍ਹਾਂ ਕੋਲੋਂ ਸਰਕਾਰ ਤੋਂ ਲਈ ਤਨਖਾਹ ਵਾਪਸ ਖਜ਼ਾਨੇ 'ਚ ਜਮ੍ਹਾਂ ਕਰਵਾਈ ਜਾਵੇਗੀ, ਪਰ ਸਰਕਾਰ ਦੇ ਹੋਰ ਅਨੇਕਾਂ ਐਲਾਨਾਂ ਵਾਂਗ ਇਹ ਅਦੇਸ਼ ਵੀ ਅਫਸ਼ਰਸਾਹੀ ਦੀਆਂ ਫਾਇਲਾਂ ਹੇਠ ਦਬ ਗਿਆ।ਸਰਕਾਰ ਵੱਲੋਂ ਇਸ ਮਾਮਲੇ 'ਤੇ ਕੋਈ ਠੋਸ ਕਾਰਵਾਈ ਤਾਂ ਦੂਰ, ਨੌਕਰੀ ਕਰ ਰਹੇ ਇਨ੍ਹਾਂ ਕਰਮਚਾਰੀਆਂ ਸਰਟੀਫਿਕੇਟਾਂ ਦੀ ਜਾਂਚ ਤੱਕ ਨਹੀਂ ਕਰਵਾਈ। ਜਾਣਕਾਰੀ ਅਨੁਸਾਰ ਵੱਖ-ਵੱਖ ਵਿਭਾਗਾਂ ਵਾਂਗ ਸਿੱਖਿਆ ਵਿਭਾਗ 'ਚ ਅਨੇਕਾਂ ਲੋਕ ਜਾਅਲੀ ਅੰਗਹੀਣ ਸਰਟੀਫਿਕੇਟਾਂ ਦਾ ਲਾਭ ਲੈ ਕੇ ਨੌਕਰੀ ਕਰ ਰਹੇ ਹਨ।ਪੰਜਾਬ ਭਰ ਅੰਦਰ ਸਰਕਾਰੀ ਸਕੂਲਾਂ 'ਚ ਫਰਜ਼ੀ ਸਰਟੀਫਿਕੇਟ ਸਹਾਰੇ ਲਗੇ ਕਈ ਅਧਿਆਪਕ ਤਾਂ ਲੈਕਚਰਾਰ ਤੱਕ ਪ੍ਰਮੋਟ ਹੋ ਗਏ ਹਨ।ਅਫਸੋਸ ਦੀ ਗੱਲ ਹੈ ਕਿ ਇਨ੍ਹਾਂ ਕਰਮਚਾਰੀਆਂ ਉਪਰਲੇ ਅਧਿਕਾਰੀ ਸਭ ਜਾਣਦੇ ਹੋਏ ਵੀ ਮਾਮਲੇ ਨੂੰ ਠੰਡੇ ਬਸਤੇ 'ਚ ਪਾ ਕੇ ਬਰਾਬਰ ਦੇ ਭਾਈਵਾਲ ਬਣ ਰਹੇ ਹਨ।ਕਿਉਂਕਿ ਕਈ ਮਾਮਲਿਆਂ ਨੂੰ ਸਬੰਧਤ ਅਧਿਕਾਰੀਆਂ ਦੇ ਧਿਆਨ 'ਚ ਲਿਆਉਣ ਦੇ ਬਾਵਜੂਦ ਕੋਈ ਕਾਰਵਾਈ ਸ਼ੁਰੂ ਨਹੀਂ ਹੋਈ, ਜਿਸ ਕਰਕੇ ਦਾਲ 'ਚ ਕਾਲਾ ਲੱਗਦਾ ਹੈ।

ਇਸ ਸਬੰਧੀ ਲੋਕ ਪੱਖੀ ਧਿਰਾਂ ਨੇ ਕਿਹਾ ਕਿ ਕਿਸੇ ਵੀ ਵਿਭਾਗ 'ਚ ਲੱਗੇ ਅਜਿਹੇ ਕੋਟੇ ਵਾਲੇ ਕਰਮਚਾਰੀਆਂ ਦੀ ਜਾਂਚ ਦੀ ਮੁਢਲੀ ਜ਼ਿੰਮੇਵਾਰੀ ਸਬੰਧਤ ਤਨਖਾਹ ਜਾਰੀ ਕਰਨ ਵਾਲੇ ਅਧਿਕਾਰੀ ਦੀ ਲਾਈ ਜਾਵੇ, ਜੇ ਇਸ ਮਾਮਲੇ 'ਤੇ ਕੋਈ ਰਿਆਇਤ ਕਰਦਾ ਹੈ ਤਾਂ ਉਸਨੂੰ ਬਰਾਬਰ ਦਾ ਭਾਈਵਾਲ ਮੰਨਿਆ ਜਾਵੇ।ਜਾਗਰੂਕ ਲੋਕਾਂ ਨੇ ਉਚ ਅਧਿਕਾਰੀਆਂ ਅਤੇ ਵਿਜੀਲੈਂਸ ਤੋਂ ਮੰਗ ਕੀਤੀ ਕਿ ਇਸ ਮਾਮਲੇ 'ਤੇ ਜ਼ਿਲਾ ਪੱਧਰ ਦੀਆਂ ਕਮੇਟੀਆਂ ਬਣਾ ਕੇ ਤੁਰੰਤ ਕਾਰਵਾਈ ਕੀਤੀ ਜਾਵੇ।ਜੇਕਰ ਇਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਹੋਵੇ ਤਾਂ ਮਾਲੇਰਕੋਟਲਾ ਜ਼ਿਲੇ ਸਮੇਤ ਪੰਜਾਬ ਭਰ 'ਚ ਇਸ ਤਰ੍ਹਾਂ ਦੇ ਬਹੁਤ ਸਾਰੇ ਮਾਮਲੇ ਸਾਹਮਣੇ ਆ ਸਕਦੇ ਹਨ।

# 2027 ਦੀ ਜੰਗ ਲਈ ਕਾਂਗਰਸ ਦੀ ਵੱਡੀ ਤਿਆਰੀ, ਹੁਣ ਜਿੱਤ ਦੀ ਸਮਰੱਥਾ ਵਾਲੇ ਚਿਹਰਿਆਂ 'ਤੇ ਹੀ ਨਜ਼ਰ

## ਦਿੱਲੀ ਹਾਈਕਮਾਂਡ ਵੱਲੋਂ ਜ਼ਮੀਨੀ ਹਾਲਾਤ 'ਤੇ ਸਿੱਧੀ ਨਜ਼ਰ, ਕਮਜ਼ੋਰ ਦਾਅਵੇਦਾਰਾਂ ਦੀ ਹੋਵੇਗੀ ਛੁੱਟੀ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਪੰਜਾਬ ਅੰਦਰ ਆਉਣ ਵਾਲੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਕਾਂਗਰਸ ਪਾਰਟੀ ਨੇ ਹੁਣ ਪੂਰੀ ਗੰਭੀਰਤਾ ਅਤੇ ਸੋਚ ਵਿਚਾਰ ਨਾਲ ਆਪਣੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਹੈ।ਪਾਰਟੀ ਵੱਲੋਂ ਚੋਣਾਂ ਦੇ ਮੈਦਾਨ 'ਚ ਆਪਣੀ ਜਿੱਤ ਦਾ ਕਿਲਾ ਫਤਹਿ ਕਰਨ ਲਈ ਸੰਗਠਨਾਤਮਿਕ ਢਾਂਚੇ ਨੂੰ ਨਵੇਂ ਸਿਰੇ ਤੋਂ ਮਜ਼ਬੂਤ ਕੀਤਾ ਜਾ ਰਿਹਾ ਹੈ ਅਤੇ ਜ਼ਿਲੇ ਤੋਂ ਲੈ ਕੇ ਬੂਥ ਪੱਧਰ ਤੱਕ ਨਵੀਆਂ ਨਿਯੁਕਤੀਆਂ ਤੇਜ਼ੀ ਨਾਲ ਕੀਤੀਆਂ ਜਾ ਰਹੀਆਂ ਹਨ। ਸਿਆਸੀ ਹਲਕਿਆਂ 'ਚ ਇਸ ਗੱਲ ਨੂੰ ਲੈ ਕੇ ਚਰਚਾ ਹੈ ਕਿ ਕਾਂਗਰਸ ਹੁਣ ਕੋਈ ਵੀ ਜ਼ੋਖਮ ਲੈਣ ਦੇ ਮੂਡ ਵਿੱਚ ਨਹੀਂ ਹੈ ਅਤੇ ਹਰ ਹਲਕੇ 'ਚ ਜਿੱਤ ਸਕਣ ਵਾਲੇ ਆਗੂਆਂ ਨੂੰ ਹੀ ਅੱਗੇ ਲਿਆਂਦਾ ਜਾਵੇਗਾ।ਪਾਰਟੀ ਦੀ ਦਿੱਲੀ ਬੈਠੀ ਚੋਟੀ ਦੀ ਲੀਡਰਸ਼ਿੱਪ ਵੱਲੋਂ ਪੰਜਾਬ ਦੇ ਹਰੇਕ ਵਿਧਾਨ ਸਭਾ ਹਲਕੇ 'ਤੇ ਨਿਗਰਾਨੀ ਰੱਖੀ ਜਾ ਰਹੀ ਹੈ।ਸੂਤਰਾਂ ਅਨੁਸਾਰ ਹਲਕਿਆਂ 'ਚ ਲੋਕਪ੍ਰਿਯਤਾ, ਜਨਅਧਾਰ, ਪੁਰਾਣਾ ਸਿਆਸੀ ਤਜ਼ਰਬਾ, ਸਮਾਜਿਕ ਪਹੁੰਚ ਅਤੇ ਚੋਣ ਜਿੱਤਣ ਦੀ ਸਮਰੱਥਾ ਨੂੰ ਧਿਆਨ 'ਚ ਰੱਖਦਿਆਂ ਖਾਸ ਰਿਪੋਰਟਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਦਿੱਲੀ ਤੋਂ ਭੇਜੀਆਂ ਗਈਆਂ ਟੀਮਾਂ ਵੱਲੋਂ ਜ਼ਮੀਨੀ ਹਾਲਾਤ ਦਾ ਅਧਿਐਨ ਕਰਕੇ ਹਾਈਕਮਾਂਡ ਨੂੰ ਇਹ ਜਾਣਕਾਰੀ ਦਿੱਤੀ ਜਾ ਰਹੀ ਹੈ ਕਿ ਕਿਸ ਹਲਕੇ 'ਚ ਕਿਹੜਾ ਚਿਹਰਾ ਸਭ ਤੋਂ ਮਜ਼ਬੂਤ ਸਾਬਤ ਹੋ ਸਕਦਾ ਹੈ।ਇਸ ਦੇ ਨਾਲ ਹੀ ਪਿਛਲੇ ਲੰਬੇਂ ਸਮੇਂ ਤੋਂ ਸਿਰਫ ਟਿਕਟਾਂ ਦੀ ਦੌੜ 'ਚ ਰਹਿਣ ਵਾਲੇ ਅਤੇ ਹਰੇਕ ਚੋਣ ਤੋਂ ਪਹਿਲਾਂ ਦਾਅਵੇਦਾਰੀ ਪੇਸ਼ ਕਰਨ ਵਾਲੇ ਆਗੂਆਂ ਨੂੰ ਹੁਣ ਕੰਧ 'ਤੇ ਲਿਖਿਆ ਸਾਫ ਦਿਖਾਈ ਦੇਣ ਲੱਗ ਪਿਆ ਹੈ।ਸਾਰਿਆਂ ਨੂੰ ਇਹ ਸਾਫ ਹੋ ਗਿਆ ਹੈ ਕਿ ਪਾਰਟੀ ਹੁਣ ਜ਼ਮੀਨੀ ਤਾਕਤ ਅਤੇ ਜਿੱਤ ਦੀ ਸੰਭਾਵਨਾਂ ਦੇ ਆਧਾਰ 'ਤੇ ਹੀ ਫੈਸਲੇ ਕਰੇਗੀ।ਅਮਰਗੜ੍ਹ ਹਲਕੇ ਤੋਂ ਕਰੀਬ ਅੱਧੀ ਦਰਜਣ ਘਾਗ ਸਿਆਸਤਦਾਨਾਂ 'ਚ ਹੋਵੇਗੀ ਰੱਸਾਕਸ਼ੀਜੇਕਰ ਗੱਲ ਮਾਲੇਰਕੋਟਲਾ ਹਲਕੇ ਦੀ ਕਰੀਏ ਤਾਂ ਇਥੇ ਭਾਵੇਂ ਇੱਕਾ-ਦੁੱਕਾ ਆਗੂ ਵੀ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਬਣਣ ਦੇ ਸੁਪਨੇ ਦੇਖ ਰਹੇ ਹਨ ਪਰੰਤੂ ਇਥੋਂ ਕੇਵਲ ਇਕਲੌਤੀ ਮਜ਼ਬੂਤ ਆਗੂ ਕਾਂਗਰਸ ਦੀ ਜ਼ਿਲਾ ਪ੍ਰਧਾਨ ਬੀਬਾ ਨਿਸ਼ਾਤ ਅਖਤਰ ਦਾ ਨਾਮ ਹੀ ਪਾਰਟੀ ਹਾਈਕਮਾਂਡ ਤੱਕ ਪਹੁੰਚਿਆ ਦੱਸਿਆ ਜਾਂਦਾ ਹੈ।ਬੀਬਾ ਨਿਸ਼ਾਤ ਅਖਤਰ ਉਹ ਨੌਜਵਾਨ ਮਹਿਲਾ ਆਗੂ ਹੈ ਜਿਸਦਾ ਪਰਿਵਾਰ ਪਿਛਲੇ ਕਰੀਬ ਢਾਈ ਦਹਾਕਿਆਂ ਤੋਂ ਮਾਲੇਰਕੋਟਲਾ ਦੀ ਰਾਜਨੀਤੀ 'ਚ ਸਰਗਰਮ ਹੋਣ ਕਾਰਨ ਇਸ ਪਰਿਵਾਰ ਕੋਲ ਮਾਲੇਰਕੋਟਲਾ ਹਲਕੇ ਦੀ ਰਾਜਨੀਤੀ ਨੂੰ ਲੈ ਕੇ ਲੰਬਾ ਸਿਆਸੀ ਤਜ਼ਰਬਾ ਹੈ। ਬੀਬਾ ਨਿਸ਼ਾਤ ਦੀ ਮਾਤਾ ਮੈਡਮ ਰਜ਼ੀਆ ਸੁਲਤਾਨਾਂ ਵੱਲੋਂ ਲਗਾਤਾਰ ਪੰਜ ਵਾਰ ਇਸ ਹਲਕੇ ਤੋਂ ਲੜੀਆਂ ਗਈਆਂ ਵਿਧਨ ਸਭਾ ਚੋਣਾਂ 'ਚ ਤਿੰਨ ਵਾਰ ਜਿੱਤ ਹਾਸਲ ਕੀਤੀ ਗਈ ਸੀ ਅਤੇ ਦੋ ਵਾਰ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਬਣੀਆਂ ਕਾਂਗਰਸੀ ਸਰਕਾਰਾਂ 'ਚ ਕੈਬਨਿਟ ਮੰਤਰੀ ਵੀ ਰਹੇ ਹਨ।ਬੀਬਾ ਨਿਸ਼ਾਤ ਅਖੱਤਰ ਦੀ ਮਾਤਾ ਮੈਡਮ ਰਜ਼ੀਆ ਸੁਲਤਾਨਾਂ ਦੇ ਤਿੰਨ ਵਾਰ ਵਿਧਾਇਕ ਤੇ ਦੋ ਵਾਰ ਕੈਬਨਿਟ ਮੰਤਰੀ ਬਨਣ ਤੋਂ ਇਲਾਵਾ ਪਿਤਾ ਮੁਹੰਮਦ ਮੁਸਤਫਾ ਪੰਜਾਬ ਪੁਲਿਸ ਦੇ ਡੀ.ਜੀ.ਪੀ. ਅਹੁੱਦੇ ਤੋਂ ਸੇਵਾ ਮੁਕਤ ਹੋਣ ਕਾਰਨ ਇਨ੍ਹਾਂ ਦੇ ਪਰਿਵਾਰ ਦੀ ਹਲਕੇ 'ਚ ਮਜ਼ਬੂਤ ਪਕੜ, ਸਮਾਜਿਕ ਸਨਮਾਨ ਅਤੇ ਪਾਰਟੀ ਨਾਲ ਲੰਬੇਂ ਨਾਤੇ ਕਰਕੇ ਬੀਬਾ ਨਿਸ਼ਾਤ ਅਖੱਤਰ ਨੂੰ ਮਾਲੇਰਕੋਟਲਾ ਹਲਕੇ ਤੋਂ ਟਿਕਟ ਦੀ ਮਜ਼ਬੂਤ ਗੰਭੀਰ ਦਾਅਵੇਦਾਰ ਮੰਨਿਆ ਜਾ ਰਿਹਾ ਹੈ। ਉਧਰ ਜੇਕਰ ਮਾਲੇਰਕੋਟਲਾ ਜ਼ਿਲੇ ਦੇ ਦੂਜੇ ਵਿਧਾਨ ਸਭਾ ਹਲਕੇ ਅਮਰਗੜ੍ਹ ਦੀ ਗੱਲ ਕੀਤੀ ਜਾਵੇ ਤਾਂ ਇਥੇ ਟਿਕਟਾਂ ਦੀ ਦਾਅਵੇਦਾਰੀ ਨੂੰ ਲੈ ਕੇ ਇਕ ਅਨਾਰ ਸੌ ਬੀਮਾਰ ਵਾਲੀ ਸਥਿਤੀ ਬਣੀ ਹੋਈ ਹੈ।ਪਿਛਲੇ ਕਰੀਬ 2 ਕੁ ਸਾਲਾਂ ਤੋਂ ਇਨ੍ਹਾਂ ਸਾਰੇ ਆਗੂਆਂ ਨੇ ਆਪੋ-ਆਪਣੇ ਪੱਧਰ 'ਤੇ ਇੱਕ-ਦੂਜੇ ਨੂੰ ਕਥਿਤ ਠਿੱਬੀ ਲਗਾ ਕੇ ਅੱਗੇ ਵਧਣ ਦੀ ਰਾਜਨੀਤੀ ਨੂੰ ਗਰਮਾਇਆ ਹੋਇਆ ਹੈ। ਆਪੋ-ਆਪਣੀ ਟਿਕਟ ਪੱਕੀ ਕਰਨ ਲਈ ਇਹ ਆਗੂ ਕਾਂਗਰਸ ਪਾਰਟੀ ਦੇ ਸੂਬਾਈ ਅਤੇ ਕੇਂਦਰੀ ਨੇਤਾਵਾਂ ਤੱਕ ਸਮੇਂ-ਸਮੇਂ 'ਤੇ ਭਲਵਾਨੀ ਗੇੜੀਆਂ ਮਾਰ ਕੇ ਉਨ੍ਹਾਂ ਦੀ ਨਜ਼ਰ 'ਚ ਵੀ ਆਪਣੀਆਂ ਮਜ਼ਬੂਤ ਦਾਅਵੇਦਾਰੀਆਂ ਪੇਸ਼ ਕਰਦੇ ਆ ਰਹੇ ਹਨ। ਇਨ੍ਹਾਂ ਕਾਂਗਰਸੀ ਨੇਤਾਵਾਂ 'ਚੋਂ ਪਾਰਟੀ ਟਿਕਟ ਦਾ ਤਾਜ਼ ਕਿਸ ਆਗੂ ਦੇ ਸਿਰ 'ਤੇ ਸਜੇਗਾ ਇਹ ਤਾਂ ਭਾਵੇਂ ਭਵਿੱਖ ਦੇ ਗਰਭ 'ਚ ਹੈ ਪਰੰਤੂ ਫਿਲਹਾਲ ਅਮਰਗੜ੍ਹ ਦੇ ਇਨ੍ਹਾਂ ਅੱਧੀ ਦਰਜਣ ਦੇ ਕਰੀਬ ਸਿਆਸੀ ਪਹਿਲਵਾਨਾਂ ਵਿਚਕਾਰ ਟਿਕਟ ਪ੍ਰਾਪਤੀ ਨੂੰ ਲੈ ਕੇ ਪੂਰੀ ਸਰਗਰਮੀ ਨਾਲ ਰੱਸਾਕਸ਼ੀ ਚੱਲ ਰਹੀ ਹੈ। ਪਤਾ ਲੱਗਾ ਹੈ ਕਿ ਰਿਪੋਰਟਾਂ ਭੇਜਣ ਵਾਲੀਆਂ ਕਮੇਟੀਆਂ ਨੇ ਹਾਈਕਮਾਂਡ ਨੂੰ ਸਪੱਸ਼ਟ ਕੀਤਾ ਹੈ ਕਿ 2027 ਦੀਆਂ ਚੋਣਾਂ ਪੰਜਾਬ ਦੀ ਰਾਜਨੀਤੀ ਲਈ ਬੇਹੱਦ ਮਹੱਤਵਪੂਰਨ ਹੋਣਗੀਆਂ।ਇਸ ਵਾਰ ਮੁਕਾਬਲਾ ਤਿਕੋਣਾ ਜਾਂ ਬਹੁਕੋਣਾ ਹੋ ਸਕਦਾ ਹੈ ਅਤੇ ਹਰੇਕ ਸੀਟ 'ਤੇ ਗਹਿਗੱਚ ਟੱਕਰ ਦੇਖਣ ਨੂੰ ਮਿਲੇਗੀ।ਇਸ ਲਈ ਪਾਰਟੀ ਨੂੰ ਅਜਿਹੇ ਉਮੀਦਵਾਰਾਂ ਦੀ ਲੋੜ ਹੈ ਜੋ ਸਿਰਫ ਚੋਣ ਲੜਨ ਹੀ ਨਹੀਂ, ਸਗੋਂ ਜਿੱਤ ਸਕਣ ਦੇ ਵੀ ਸਮਰੱਥ ਹੋਣ।




ਕਾਂਗਰਸ ਦੀ ਇਸ ਨਵੀਂ ਸੋਚ ਨੇ ਇਹ ਵੀ ਸਪੱਸ਼ਟ ਕਰ ਦਿੱਤਾ ਹੈ ਕਿ ਹੁਣ ਸਿਰਫ ਸਥਾਨਕ ਪੱਧਰ ਜਾਂ ਸਰਪੰਚੀ ਪੱਧਰ ਦੀ ਦਾਅਵੇਦਾਰੀ ਰੱਖਣ ਵਾਲਿਆਂ ਲਈ ਟਿਕਟ ਹਾਸਲ ਕਰਨਾ ਬਹੁਤ ਮੁਸ਼ਕਿਲ ਹੋਵੇਗਾ।ਪਾਰਟੀ ਹੁਣ ਹਰ ਹਲਕੇ 'ਚ ਸਮਰੱਥ, ਲੋਕਪ੍ਰਿਯ, ਆਰਥਿਕ ਤੌਰ 'ਤੇ ਮਜ਼ਬੂਤ ਅਤੇ ਸਿਆਸੀ ਤਜ਼ਰਬੇਕਾਰ ਆਗੂਆਂ 'ਤੇ ਹੀ ਭਰੋਸਾ ਕਰਨ ਦੀ ਤਿਆਰੀ 'ਚ ਹੈ। ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਕਾਂਗਰਸ ਇਸੇ ਤਰ੍ਹਾਂ ਸੋਚ-ਸਮਝ ਕੇ ਉਮੀਦਵਾਰਾਂ ਦੀ ਚੋਣ ਕਰਦੀ ਹੈ ਤਾਂ 2027 ਦੀਆਂ ਚੋਣਾਂ 'ਚ ਉਹ ਮੁੜ ਵੱਡੀ ਤਾਕਤ ਵਜੋਂ ਉਭਰ ਸਕਦੀ ਹੈ।

ਪਾਰਟੀ ਦੀ ਮੌਜੂਦਾ ਸਰਗਰਮੀ ਤੋਂ ਇਹ ਸਪੱਸ਼ਟ ਹੈ ਕਿ ਕਾਂਗਰਸ ਹੁਣ ਪੰਜਾਬ ਦੀ ਸੱਤਾ 'ਚ ਵਾਪਸੀ ਲਈ ਕੋਈ ਕਸਰ ਬਾਕੀ ਨਹੀਂ ਛੱਡਣਾ ਚਾਹੁੰਦੀ।

# ਨਸ਼ੇ ਦੀ ਲਤ ਨੂੰ ਪੂਰਾ ਕਰਨ ਲਈ ਹਜ਼ਾਰਾਂ ਨੌਜਵਾਨ ਸੂਬੇ 'ਚ ਚੱਲ ਰਹੇ ਫਿਰੌਤੀ ਗਿਰੋਹਾਂ ਦੇ ਬਣੇ ਮੈਂਬਰ

## ਦੇਸ਼ 'ਚ ਸਭ ਤੋਂ ਵੱਧ ਅਪਰਾਧਿਕ ਗਤੀਵਿਧੀਆਂ ਵਾਲੇ ਸੂਬਿਆਂ 'ਚ ਪੰਜਾਬ ਵੀ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਲੰਬੇਂ ਸਮੇਂ ਤੋਂ ਅਪਰਾਧੀਆਂ ਦੇ ਰਹਿਮੋ-ਕਰਮ 'ਤੇ ਰਿਹਾ ਪੰਜਾਬ ਅਪਰਾਧੀਆਂ ਦੇ ਖਤਰੇ ਤੋਂ ਇੰਨਾ ਖੌਫਜਦਾ ਹੋ ਗਿਆ ਹੈ ਕਿ ਲਗਭਗ ਹਰ ਜ਼ਿਲੇ 'ਚ ਫਿਰੌਤੀ, ਕਤਲ ਅਤੇ ਡਕੈਤੀ ਦੇ ਮਾਮਲੇ ਨਵੇਂ ਰਿਕਾਰਡ ਤੋੜ ਰਹੇ ਹਨ।ਡਰੱਗ ਮਾਫੀਆਂ ਦੀਆਂ ਗਤੀਵਿਧੀਆਂ ਵੀ ਨਵੀਆਂ ਉਚਾਈਆਂ 'ਤੇ ਪਹੁੰਚ ਰਹੀਆਂ ਹਨ।ਨਤੀਜ਼ੇ ਵੱਜੋਂ ਪੰਜਾਬ ਦੇਸ਼ ਅੰਦਰ ਸਭ ਤੋਂ ਵੱਧ ਅਪਰਾਧਿਕ ਗਤੀਵਿਧੀਆਂ ਵਾਲੇ ਸੂਬਿਆਂ 'ਚੋਂ ਇੱਕ ਬਣ ਗਿਆ ਹੈ। ਜ਼ਿਕਰਯੋਗ ਹੈ ਕਿ ਮਾਰਚ 2022 'ਚ ਸੱਤਾ ਸੰਭਾਲਣ ਵਾਲੀ ਆਮ ਆਦਮੀ ਪਾਰਟੀ ਨੇ ਇਕ ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਡਰੱਗ ਮਾਫੀਆ ਅਤੇ ਅਪਰਾਧ ਨੂੰ ਖਤਮ ਕਰਨ ਦੇ ਉੱਚੇ-ਉੱਚੇ ਦਾਅਵੇ ਕੀਤੇ ਸਨ, ਨਸ਼ਿਆਂ ਅਤੇ ਅਪਰਾਧ ਲਈ ਜ਼ੀਰੋ-ਟੌਲਰੈਂਸ ਨੀਤੀ ਲਾਗੂ ਕੀਤੀ ਸੀ।ਹਾਲਾਂਕਿ ਸੂਬੇ ਦੇ ਇਤਿਹਾਸ 'ਚ ਪਹਿਲੀ ਵਾਰ ਹੈ ਜਦੋਂ ਪੰਜਾਬ ਅੱਤਵਾਦ ਵਰਗੇ ਸਭ ਤੋਂ ਮਾੜੇ ਦੌਰ ਦਾ ਸਾਹਮਣਾ ਕਰ ਰਿਹਾ ਹੈ।ਅੱਤਵਾਦੀਆਂ ਵੱਲੋਂ ਕਦੇ ਦੇਸ਼ ਦੀ ਨਿਆਪ੍ਰਣਾਲੀ ਅਦਾਲਤਾਂ ਨੂੰ ਕਦੇ ਹੋਰ ਸਰਕਾਰੀ ਦਫਤਰਾਂ ਜਾਂ ਵਧੇਰੇ ਆਵਾਜਾਈ ਵਾਲੇ ਪਬਲਿਕ ਸਥਾਨਾਂ ਨੂੰ ਬੰਬ ਨਾਲ ਉਡਾਉਣ ਦੀਆਂ ਧਮਕੀਆਂ ਦਿੱਤੀਆਂ ਜਾ ਰਹੀਆਂ ਹਨ। ਇਧਰ ਸੂਬੇ 'ਚ ਚੱਲ ਰਹੇ ਫਿਰੌਤੀ ਗਿਰੋਹਾਂ ਨੇ ਵਪਾਰਕ ਭਾਈਚਾਰੇ ਦੀ ਨੀਂਦ ਉਡਾ ਦਿੱਤੀ ਹੈ, ਜਦੋਂ ਕਿ ਉੱਤਰ ਪ੍ਰਦੇਸ਼ ਅਤੇ ਬਿਹਾਰ ਵਰਗੇ ਰਾਜ, ਜੋ ਕਿ ਜ਼ਬਰਨ ਵਸੂਲੀ ਅਤੇ ਕਤਲ ਵਰਗੇ ਗੰਭੀਰ ਅਪਰਾਧਾਂ ਲਈ ਬਦਨਾਮ ਸਨ, ਹੁਣ ਵੱਡੇ ਪੱਧਰ 'ਤੇ ਅਜਿਹੀਆਂ ਘਟਨਾਵਾਂ ਤੋਂ ਮੁਕਤ ਹੋ ਗਏ ਹਨ, ਪੰਜਾਬ ਹੁਣ ਕਥਿਤ ਜ਼ਬਰਨ ਵਸੂਲੀ ਦਾ ਰਾਸ਼ਟਰੀ ਗੜ੍ਹ ਬਣ ਗਿਆ ਹੈ।ਵਪਾਰਕ ਅਦਾਰਿਆਂ 'ਤੇ ਜ਼ਬਰਨ ਵਸੂਲੀ ਦੇ ਹਮਲਿਆਂ ਨੇ ਰਾਜ ਦੇ ਕਾਰੋਬਾਰਾਂ ਨੂੰ ਦੂਜੇ ਰਾਜਾਂ 'ਚ ਜਾਣ ਲਈ ਮਜ਼ਬੂਰ ਕਰ ਦਿੱਤਾ ਹੈ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਅਜਿਹੀਆਂ ਘਟਨਾਵਾਂ ਨੂੰ ਰੋਕਣ 'ਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

**ਪਹਿਲਾਂ ਹੀ ਆਰਥਿਕ ਤੰਗੀ ਨਾਲ ਜੂਝ ਰਿਹਾ ਸੂਬਾ ਪੰਜਾਬ**

ਜ਼ਿਕਰਯੋਗ ਹੈ ਕਿ ਜਦੋਂ ਪੰਜਾਬ ਰਾਜ 'ਚ ਅੱਤਵਾਦ ਆਪਣੇ ਸਿਖਰ 'ਤੇ ਸੀ, ਉਦੋਂ ਵੀ ਵਪਾਰਕ ਭਾਈਚਾਰੇ ਨੂੰ ਜ਼ਬਰਨ ਵਸੂਲੀ ਨਾਲ ਸਬੰਧਤ ਅਜਿਹੀਆਂ ਸਥਿਤੀਆਂ ਦਾ ਸਾਹਮਣਾ ਨਹੀਂ ਕਰਨਾ ਪਿਆ।ਜ਼ਿਆਦਾਤਰ ਜ਼ਬਰਨ ਵਸੂਲੀ ਦੇ ਮਾਮਲਿਆਂ 'ਚ ਸ਼ਾਮਲ ਅਪਰਾਧਿਕ ਗਿਰੋਹ ਨੌਜਵਾਨ ਹੁੰਦੇ ਹਨ, ਜਿੰਨ੍ਹਾਂ ਨੂੰ ਅਪਰਾਧੀਆਂ ਦੁਆਰਾ ਵੱਡੀ ਰਕਮ ਅਤੇ ਨਸ਼ੀਲੇ ਪਦਾਰਥਾਂ ਦਾ ਲਾਲਚ ਦੇ ਕੇ ਵਪਾਰਕ ਅਦਾਰਿਆਂ 'ਤੇ ਗੋਲੀਬਾਰੀ ਕਰਕੇ ਜ਼ਬਰਨ ਵਸੂਲੀ ਨਾਲ ਸਬੰਧਤ ਘਟਨਾਵਾਂ ਨੂੰ ਅੰਜ਼ਾਮ ਦਿੱਤਾ ਜਾਂਦਾ ਹੈ।ਜੇਕਰ ਪੰਜਾਬ ਸੂਬੇ ਦੀ ਸਥਿਤੀ ਇਹੀ ਰਹੀ ਤਾਂ ਵੱਡੇ ਪੱਧਰ 'ਤੇ ਕਾਰੋਬਾਰੀ ਆਪਣੇ ਕਾਰੋਬਾਰਾਂ ਨੂੰ ਦੂਜੇ ਰਾਜਾਂ 'ਚ ਤਬਦੀਲ ਕਰ ਸਕਦੇ ਹਨ, ਜਿਸਦਾ ਸਿੱਧਾ ਅਸਰ ਸੂਬੇ ਦੀ ਆਰਥਿਕਤਾ 'ਤੇ ਪਵੇਗਾ, ਜੋ ਪਹਿਲਾਂ ਹੀ ਆਰਥਿਕ ਤੰਗੀ ਨਾਲ ਜੂਝ ਰਿਹਾ ਹੈ।

**ਸੂਬੇ ਨੂੰ ਡਰੱਗ ਮਾਫੀਆ ਤੋਂ ਮੁਕਤ ਕਰਨ ਦੇ ਦਾਅਵੇ 'ਤੇ ਖਰੀ ਨਹੀਂ ਉੱਤਰੀ ਆਪ ਸਰਕਾਰ**

ਇਸ ਦੌਰਾਨ ਆਮ ਆਦਮੀ ਪਾਰਟੀ ਦੀ ਸਰਕਾਰ ਜਿਸਨੇ ਸੂਬੇ ਨੂੰ ਡਰੱਗ ਮਾਫੀਆ ਤੋਂ ਮੁਕਤ ਕਰਨ ਦਾ ਦਾਅਵਾ ਕੀਤਾ ਸੀ, ਆਪਣੇ ਦਾਅਵਿਆਂ 'ਤੇ ਖਰਾ ਉੱਤਰਦੀ ਦਿਖਾਈ ਨਹੀਂ ਦਿੰਦੀ ਹੈ।ਰਾਜ ਦੇ ਹਰ ਜ਼ਿਲੇ ਅੰਦਰ ਡਰੱਗ ਪ੍ਰਭਾਵਿਤ ਖੇਤਰਾਂ 'ਚ ਅਜੇ ਵੀ ਨਸ਼ੇ ਵੱਡੇ ਪੱਧਰ 'ਤੇ ਵੇਚੇ ਜਾ ਰਹੇ ਹਨ ਅਤੇ ਜ਼ਿਆਦਾਤਰ ਥਾਵਾਂ 'ਤੇ ਪੁਲਸ ਦਾ ਧਿਆਨ ਨਸ਼ੇ ਦੇ ਆਦੀ ਨਸ਼ੇੜੀ ਨੌਜਵਾਨਾਂ ਜਾਂ ਛੋਟੇ-ਛੋਟੇ ਨਸ਼ਾ ਸਮੱਗਲਰਾਂ ਨੂੰ ਫੜਣ ਤੱਕ ਸੀਮਿਤ ਹੈ, ਕਿਉਂਕਿ ਵੱਡੇ ਨਸ਼ਾ ਤਸ਼ਕਰਾਂ ਦੇ ਸਿਰ ਉੱਪਰ ਤਾਂ ਵੱਡੇ ਸਿਅਸਤਦਾਨਾਂ ਜਾਂ ਵੱਡੇ ਅਫਸਰਾਂ ਦਾ ਕਥਿਤ ਹੱਥ ਹੁੰਦਾ ਹੈ।

ਜਿਸ ਕਾਰਨ ਹੇਠਲੇ ਪੱਧਰ 'ਤੇ ਪੁਲਸ ਵਾਲਿਆਂ ਦੀ ਉਨ੍ਹਾਂ ਵੱਡੇ ਤਸ਼ਕਰਾਂ ਨੂੰ ਫੜਣ ਦੀ ਹਿੰਮਤ ਹੀ ਨਹੀਂ ਪੈਂਦੀ।ਆਮ ਸੁਣਣ 'ਚ ਆਉਂਦਾ ਹੈ ਕਿ ਇਹ ਵੱਡੇ ਨਸ਼ਾ ਤਸ਼ਕਰ ਹੇਠਲੇ ਪੱਧਰ 'ਤੇ ਬੈਠੇ ਪੁਲਸ ਵਾਲਿਆਂ ਦੀਆਂ ਵੀ ਕਥਿਤ ਵਗਾਰਾਂ ਕਰਦੇ ਰਹਿੰਦੇ ਹਨ।ਇਨ੍ਹਾਂ ਹਾਲਾਤਾਂ ਦੇ ਚੱਲਦਿਆਂ ਪੰਜਾਬ ਦੇ ਹਜ਼ਾਰਾਂ ਨੌਜਵਾਨ ਮਹਿੰਗੇ ਨਸ਼ੇ ਖ੍ਰੀਦਣ ਲਈ ਪੈਸੇ ਵਸੂਲਣ ਵਾਲੇ ਬਣੇ ਹੋਏ ਅਪਰਾਧਿਕ ਗਿਰੋਹਾਂ 'ਚ ਸਾਮਲ ਹੋ ਗਏ ਹਨ, ਜਿਸ ਨਾਲ ਵਪਾਰਕ ਭਾਈਚਾਰੇ ਨੂੰ ਬਹੁਤ ਮਾੜਾ ਸੁਨੇਹਾ ਜਾ ਰਿਹਾ ਹੈ।

# ਅਮਰਗੜ੍ਹ ਕਾਂਗਰਸ 'ਚ ਵਧਦੀ ਦਿਖਾਈ ਦੇ ਰਹੀ ਹੈ ਧੜੇਬੰਦੀ ਦੀ ਚਿੰਗਾਰੀ, ਟਕਸਾਲੀ ਵਰਕਰਾਂ 'ਚ ਵਧੀ ਬੇਚੈਨੀ

## ਹਾਈਕਮਾਂਡ ਦੀ ਚੁੱਪ ਅਤੇ ਅੰਦਰੂਨੀ ਖਿੱਚੋਤਾਨ ਪਾਰਟੀ ਲਈ ਬਣ ਸਕਦੀ ਹੈ ਵੱਡਾ ਸਿਆਸੀ ਖਤਰਾ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਵਿਧਾਨ ਸਭਾ ਹਲਕਾ ਅਮਰਗੜ੍ਹ 'ਚ ਕਾਂਗਰਸ ਪਾਰਟੀ ਅੰਦਰ ਚੱਲ ਰਹੀ ਅੰਦਰੂਨੀ ਖਿੱਚੋਤਾਨ ਅਤੇ ਟਿਕਟ ਪ੍ਰਾਪਤੀ ਦੀ ਦੌੜ ਇਕ ਵਾਰ ਫਿਰ ਚਰਚਾ ਦਾ ਵਿਸ਼ਾ ਬਣਦੀ ਜਾ ਰਹੀ ਹੈ।ਹਲਕਾ ਅਮਰਗੜ੍ਹ ਅੰਦਰ 2022 ਦੀਆਂ ਵਿਧਾਨ ਸਭਾ ਚੋਣਾਂ ਤੋਂ ਬਾਅਦ ਖੁੱਲ੍ਹ ਕੇ ਪੈਦਾ ਹੋਏ ਧੜੇਬੰਦੀ ਵਾਲੇ ਮਹੌਲ ਨੇ ਮੁੜ ਕੇ ਠੰਡਾ ਹੋਣ ਦਾ ਨਾਮ ਹੀ ਨਹੀਂ ਲਿਆ। 2027 ਦੇ ਚੋਣ ਦੰਗਲ ਨੂੰ ਲੈ ਕੇ ਤਿਆਰੀ ਸ਼ੁਰੂ ਹੋਣ ਦੇ ਚੱਲਦਿਆਂ ਵੱਖ-ਵੱਖ ਆਗੂਆਂ ਦੀਆਂ ਸੂਰਾਂ ਨੇ ਪਾਰਟੀ ਦੇ ਟਕਸਾਲੀ ਵਰਕਰਾਂ ਅਤੇ ਸਮਰਥਕਾਂ 'ਚ ਚਿੰਤਾ ਦਾ ਮਾਹੌਲ ਪੈਦਾ ਕਰ ਦਿੱਤਾ ਹੈ।ਪਾਰਟੀ ਅੰਦਰਲੇ ਜਾਣਕਾਰਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਦੌਰਾਨ ਇਹ ਲੱਗਣ ਲੱਗ ਪਿਆ ਸੀ ਕਿ ਕਾਂਗਰਸ ਪਾਰਟੀ ਹੁਣ ਆਪਸੀ ਵਿਰੋਧਾਂ ਤੋਂ ਉੱਪਰ ਉੱਠ ਕੇ ਸਾਂਝੀ ਰਣਨੀਤੀ ਵੱਲ ਵਧ ਰਹੀ ਹੈ।ਇਸੇ ਕਾਰਨ ਹਲਕੇ ਦੇ ਕਈ ਪੁਰਾਣੇ ਅਤੇ ਨਰਾਜ਼ ਵਰਕਰ ਵੀ ਦੁਬਾਰਾ ਸਰਗਰਮ ਹੋਏ ਸਨ ਪਰੰਤੂ ਹੁਣ ਹਲਕੇ ਦੀ ਟਿਕਟ ਪ੍ਰਾਪਤੀ ਨੂੰ ਲੈ ਕੇ ਵੱਖ-ਵੱਖ ਧੜਿਆਂ ਵੱਲੋਂ ਕੀਤੀਆਂ ਜਾ ਰਹੀਆਂ ਰਾਜਨੀਤਿਕ ਸਰਗਰਮੀਆਂ ਨੇ ਮੁੜ ਸਥਿਤੀ ਨੂੰ ਗੰਭੀਰ ਬਣਾ ਦਿੱਤਾ ਹੈ।ਕੁਝ ਆਗੂਆਂ ਵੱਲੋਂ ਆਪਣੇ-ਆਪਣੇ ਸਮਰਥਨ ਆਧਾਰ ਨੂੰ ਮਜ਼ਬੂਤ ਕਰਨ ਲਈ ਕੀਤੇ ਜਾ ਰਹੇ ਇਕੱਠ ਅਤੇ ਬਿਆਨਬਾਜ਼ੀ ਕਾਰਨ ਪਾਰਟੀ ਦੇ ਅੰਦਰ ਇਕਜੁੱਟਤਾ ਦੀ ਥਾਂ ਧੜੇਬੰਦੀ ਹੋਰ ਖੁੱਲ੍ਹ ਕੇ ਸਾਹਮਣੇ ਆਉਣ ਲੱਗੀ ਹੈ।ਟਕਸਾਲੀ ਵਰਕਰਾਂ ਦਾ ਕਹਿਣਾ ਹੈ ਕਿ ਪਹਿਲਾਂ ਇਹ ਆਸ ਬਣੀ ਹੋਈ ਸੀ ਕਿ ਜਿਵੇਂ ਜਿਵੇਂ ਚੋਣਾਂ ਨੇੜੇ ਆਉਣਗੀਆਂ, ਕਾਂਗਰਸ ਪਾਰਟੀ ਵੀ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਦੂਰ ਕਰਕੇ ਇਕਜੁੱਟ ਹੋਵੇਗੀ ਪਰ ਹੁਣ ਹਾਲਾਤ ਪਹਿਲਾਂ ਨਾਲੋਂ ਵੀ ਗੰਭੀਰ ਦਿਸਣ ਲੱਗ ਪਏ ਹਨ। ਵਰਕਰਾਂ ਦਾ ਮੰਨਣਾ ਹੈ ਕਿ ਹੁਣ ਧੜੇਬੰਦੀ ਅਜਿਹੇ ਪੱਧਰ 'ਤੇ ਪਹੁੰਚ ਰਹੀ ਹੈ ਜਿਸ ਨਾਲ ਪਾਰਟੀ ਦੀ ਜ਼ਮੀਨੀ ਪਕੜ ਪ੍ਰਭਾਵਿਤ ਹੋ ਸਕਦੀ ਹੈ।ਕਈ ਪੁਰਾਣੇ ਕਾਂਗਰਸੀ ਆਗੂਆਂ ਅਤੇ ਸਮਰਥਕਾਂ ਦਾ ਸੁਝਾਅ ਹੈ ਕਿ ਜ਼ਿਲਾ, ਖੇਤਰੀ, ਸੂਬਾਈ ਅਤੇ ਕੇਂਦਰੀ ਲੀਡਰਸ਼ਿੱਪ ਨੂੰ ਇਸ ਮਾਮਲੇ 'ਤੇ ਤੁਰੰਤ ਦਖਲ ਦੇਣਾ ਚਾਹੀਦਾ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਹਾਈਕਮਾਂਡ ਨੂੰ ਚਾਹੀਦਾ ਹੈ ਕਿ ਸਾਰੇ ਧੜਿਆਂ ਨੂੰ ਇਕ ਮੰਚ 'ਤੇ ਲਿਆ ਕੇ ਸਪੱਸ਼ਟ ਰਣਨੀਤੀ ਤਿਆਰ ਕਰੇ, ਪਰ ਮੌਜੂਦਾ ਹਾਲਾਤ ਦੇਖ ਕੇ ਲੱਗਦਾ ਹੈ ਕਿ ਲੀਡਰਸ਼ਿੱਪ ਸਿਰਫ ਕੋਠੇ 'ਤੇ ਚਾੜ੍ਹ ਕੇ ਤਮਾਸ਼ਾ ਦੇਖਣ ਤੱਕ ਹੀ ਸੀਮਿਤ ਹੋ ਕੇ ਰਹਿ ਗਈ ਹੈ।ਰਾਜਨੀਤਿਕ ਵਿਸ਼ਲੇਸਕਾਂ ਦਾ ਮੰਨਣਾ ਹੈ ਕਿ ਪੰਜਾਬ ਦੀ ਸਿਆਸਤ 'ਚ ਆਉਣ ਵਾਲੇ ਸਮੇਂ ਦੌਰਾਨ ਮੁਕਾਬਲਾ ਹੋਰ ਤਿੱਖਾ ਹੋ ਸਕਦਾ ਹੈ। ਉਧਰ ਆਮ ਆਦਮੀ ਪਾਰਟੀ ਸੱਤਾ 'ਚ ਹੋਣ ਕਰਕੇ ਆਪਣੀ ਪਕੜ ਮਜ਼ਬੂਤ ਕਰਨ 'ਚ ਲੱਗੀ ਹੋਈ ਹੈ,




ਜਦਕਿ ਭਾਜਪਾ ਵੀ ਪੰਜਾਬ 'ਚ ਆਪਣਾ ਆਧਾਰ ਵਧਾਉਣ ਲਈ ਹਮਲਾਵਰ ਰੁੱਖ ਅਪਣਾ ਰਹੀ ਹੈ।ਅਜਿਹੇ ਹਾਲਾਤਾਂ 'ਚ ਜੇਕਰ ਕਾਂਗਰਸ ਨੇ ਆਪਣੀ ਅੰਦਰੂਨੀ ਫੁੱਟ ਨੂੰ ਰੋਕਣ ਲਈ ਗੰਭੀਰ ਕਦਮ ਨਾ ਚੁੱਕੇ ਤਾਂ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪਾਰਟੀ ਨੂੰ ਵੱਡੇ ਸਿਆਸੀ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ।ਅਮਰਗੜ੍ਹ ਤੋਂ ਇਨ੍ਹਾਂ ਅੱਧੀ ਦਰਜਣ ਦੇ ਕਰੀਬ ਆਗੂਆਂ 'ਚ ਚੱਲ ਰਹੀ ਹੈ ਟਿਕਟ ਦੀ ਰੱਸਾਕਸ਼ੀਇਥੋਂ ਬਹੁਤੇ ਟਿਕਟ ਦੇ ਦਾਅਵੇਦਾਰ ਨੌਜਵਾਨ ਚਿਹਰੇ ਹਨ।ਜਿੰਨ੍ਹਾਂ 'ਚ ਇੱਕ ਚਿਹਰਾ ਧੂਰੀ ਹਲਕੇ ਦੇ ਵਿਧਾਇਕ ਰਹੇ ਮਰਹੂਮ ਧਨਵੰਤ ਸਿੰਘ ਧੂਰੀ ਦੇ ਸਪੁੱਤਰ ਸੁਮਿੱਤ ਮਾਨ ਦਾ ਹੈ।ਜਿੰਨ੍ਹਾਂ ਨੂੰ ਪਿਛਲੀ ਵਾਰ ਨਵਜੋਤ ਸਿੰਘ ਸਿੱਧੂ ਨਾਲ ਪੈਂਦੀ ਰਿਸ਼ਤੇਦਾਰੀ ਕਾਰਨ ਕਾਂਗਰਸ ਪਾਰਟੀ ਨੇ ਅਮਰਗੜ੍ਹ ਹਲਕੇ ਤੋਂ ਟਿਕਟ ਦੇ ਕੇ ਮੈਦਾਨ 'ਚ ਉਤਾਰਿਆ ਸੀ ਪਰ ਉਹ ਚੋਣ ਹਾਰ ਗਏ ਸਨ।ਦੂਜੇ ਟਿਕਟ ਦੇ ਮਜ਼ਬੂਤ ਦਾਅਵੇਦਾਰ ਧਨਾਢ ਕਾਰੋਬਾਰੀ ਜੱਸੀ ਖੰਗੂੜਾ ਹਨ ਜੋ ਪਹਿਲਾਂ ਇੱਕ ਵਾਰ ਕਿਲਾ ਰਾਏਪੁਰ ਤੋਂ ਕਾਂਗਰਸ ਦੀ ਟਿਕਟ 'ਤੇ ਵਿਧਾਇਕ ਵੀ ਰਹਿ ਚੁੱਕੇ ਹਨ।ਜਦਕਿ ਪਿਛਲੀ ਕਾਂਗਰਸ ਸਰਕਾਰ 'ਚ ਅਮਰਗੜ੍ਹ ਹਲਕੇ ਦੀ ਨੁਮਾਇੰਦਗੀ ਕਰ ਚੁੱਕੇ ਸਾਬਕਾ ਵਿਧਾਇਕ ਸੁਰਜੀਤ ਸਿੰਘ ਧੀਮਾਨ ਵੀ ਇਕ ਵਾਰ ਫਿਰ ਇਸ ਹਲਕੇ ਤੋਂ ਕਾਂਗਰਸ ਪਾਰਟੀ ਦੀ ਟਿਕਟ ਦੇ ਦਾਅਵੇਦਾਰ ਦੱਸੇ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਟਿਕਟ ਦੇ ਦਾਅਵੇਦਾਰਾਂ 'ਚ ਕਾਂਗਰਸ ਪਾਰਟੀ ਦੇ ਵੱਖ-ਵੱਖ ਅਹੁੱਦਿਆਂ 'ਤੇ ਸਰਗਰਮੀ ਨਾਲ ਕੰਮ ਕਰਨ ਵਾਲੇ ਆਗੂ ਹਨ, ਜਿੰਨ੍ਹਾਂ 'ਚ ਕਮਲ ਧਾਲੀਵਾਲ, ਗੁਰਜੋਤ ਸਿੰਘ ਢੀਂਡਸਾ ਦੁੱਗਰੀ ਅਤੇ ਜੱਸੀ ਖੰਗੂੜਾ ਪਰਿਵਾਰ ਦੀ ਹੀ ਮੈਂਬਰ ਬੀਬੀ ਅਮਨਦੀਪ ਕੌਰ ਖੰਗੂੜਾ ਸਮੇਤ ਇੱਕ ਹੋਰ ਚੌਥੇ ਦਾਅਵੇਦਾਰ ਵਜੋਂ ਅੱਜ ਕੱਲ ਕਾਫੀ ਸਰਗਰਮੀ ਨਾਲ ਪਾਰਟੀ ਪ੍ਰੋਗਰਾਮਾਂ 'ਚ ਹਿੱਸਾ ਲੈ ਰਹੇ ਯੂਥ ਕਾਂਗਰਸ ਦੇ ਆਗੂ ਪ੍ਰੀਤਪਾਲ ਸਿੰਘ ਰੂਬਲ ਨਾਰੀਕੇ ਦਾ ਨਾਮ ਵੀ ਸਾਹਮਣੇ ਆਇਆ ਹੈ। ਜਿੰਨ੍ਹਾਂ ਨੇ ਪਿਛਲੇ ਦਿਨਾਂ 'ਚ ਹੋਈਆਂ ਜ਼ਿਲਾ ਪ੍ਰੀਸ਼ਦ ਤੇ ਬਲਾਕ ਸੰਮਤੀ ਚੋਣਾਂ ਦੌਰਾਨ ਕਾਂਗਰਸ ਦੀ ਟਿਕਟ 'ਤੇ ਜ਼ਿਲਾ ਪ੍ਰੀਸ਼ਦ ਦੀ ਚੋਣ ਲੜੀ ਸੀ ਪਰੰਤੂ ਉਹ ਚੋਣ ਹਾਰ ਗਏ ਸਨ।ਇਹ ਅੱਧੀ ਦਰਜਣ ਦੇ ਕਰੀਬ ਦਾਅਵੇਦਾਰ ਅੱਜ ਕੱਲ ਆਪੋ-ਆਪਣੀ ਡਫਲੀ ਬਜਾਉਂਦੇ ਹੋਏ ਕਾਂਗਰਸ ਪਾਰਟੀ ਦੀ ਟਿਕਟ ਹਾਸਲ ਕਰਨ ਲਈ ਜ਼ੋਰ-ਅਜ਼ਮਾਇਸ਼ ਕਰ ਰਹੇ ਹਨ।ਟਿਕਟ ਦਾ ਤਾਜ ਕਿਸ ਦੇ ਸਿਰ 'ਤੇ ਸਜੇਗਾ ਇਸ ਬਾਰੇ ਸਪੱਸ਼ਟ ਹਾਲੇ ਤੱਕ ਕੁਝ ਵੀ ਨਹੀਂ ਕਿਹਾ ਜਾ ਸਕਦਾ। ਪਾਰਟੀ ਕਾਡਰ ਨੂੰ ਬੰਨ੍ਹ ਕੇ ਰੱਖਣਾ ਸਮੇਂ ਦੀ ਲੋੜਪਾਰਟੀ ਦੇ ਟਕਸਾਲੀ ਵਰਕਰਾਂ ਦਾ ਇਹ ਵੀ ਕਹਿਣਾ ਹੈ ਕਿ ਕਾਂਗਰਸ ਦੀ ਸਭ ਤੋਂ ਵੱਡੀ ਤਾਕਤ ਹਮੇਸ਼ਾ ਇਸ ਦਾ ਕਾਡਰ ਅਤੇ ਜ਼ਮੀਨੀ ਵਰਕਰ ਰਹੇ ਹਨ, ਪਰ ਜੇਕਰ ਉਹੀ ਵਰਕਰ ਨਿਰਾਸ਼ ਅਤੇ ਵੰਡੇ ਹੋਏ ਰਹੇ ਤਾਂ ਪਾਰਟੀ ਲਈ ਮੁੜ ਮਜ਼ਬੂਤੀ ਨਾਲ ਖੜ੍ਹਾ ਹੋਣਾ ਮੁਸ਼ਕਿਲ ਹੋ ਜਾਵੇਗਾ।ਕਈ ਵਰਕਰਾਂ ਦਾ ਮੰਨਣਾ ਹੈ ਕਿ ਜੇਕਰ ਹਾਈਕਮਾਂਡ ਨੇ ਸਮੇਂ ਸਿਰ ਸਹੀ ਫੈਸਲੇ ਨਾ ਕੀਤੇ ਤਾਂ ਹਲਕੇ 'ਚ ਹੋਰ ਨੁਕਸਾਨ ਹੋ ਸਕਦਾ ਹੈ।ਪੰਜਾਬ 'ਚ ਕਾਂਗਰਸ ਦਾ ਸਿਆਸੀ ਸਫਰ 2012 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਕਾਂਗਰਸ 46 ਸੀਟਾਂ ਮਿਲਣ ਕਾਰਨ ਸਰਕਾਰ ਬਣਾਉਣ ਤੋਂ ਰਹਿ ਗਈ ਸੀ, ਉਸ ਸਮੇਂ ਵੋਟ ਸ਼ੇਅਰ ਲਗਭਗ 40 ਫੀਸਦੀ ਰਿਹਾ ਸੀ।ਫਿਰ 2017 ਦੀਆਂ ਵਿਧਾਨ ਸਭਾ ਚੋਣਾਂ 'ਚ ਭਾਵੇਂ ਵੋਟ ਸ਼ੇਅਰ 38.5 ਫੀਸਦੀ ਸੀ ਪਰੰਤੂ 77 ਸੀਟਾਂ ਮਿਲਣ ਕਾਰਨ ਕਾਂਗਰਸ ਪਾਰਟੀ ਨੇ ਪੂਰਨ ਬਹੁਮੱਤ ਨਾਲ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ 'ਚ ਆਪਣੀ ਸਰਕਾਰ ਬਣਾਈ ਸੀ। 2022 ਦੇ ਵਿਧਾਨ ਸਭਾ ਚੋਣ ਦੰਗਲ 'ਚ ਕਾਂਗਰਸ ਨੂੰ ਭਾਰੀ ਹਾਰ ਦਾ ਸਾਹਮਣਾ ਕਰਨਾ ਪਿਆ ਸੀ ਕਿਉਂਕਿ ਕਾਂਗਰਸ ਦੇ ਕਈ ਵੱਡੇ ਨੇਤਾ ਵੀ ਚੋਣ ਹਾਰ ਗਏ ਸਨ।ਉਸ ਸਮੇਂ ਪਾਰਟੀ ਨੂੰ ਸਿਰਫ 18 ਸੀਟਾਂ 'ਤੇ ਹੀ ਜਿੱਤ ਮਿਲੀ ਸੀ ਜਦਕਿ ਵੋਟ ਸ਼ੇਅਰ ਲਗਭਗ 23 ਫੀਸਦੀ ਰਿਹਾ ਸੀ।ਪੰਜਾਬ 'ਚ ਪਿਛਲੇ 15 ਸਾਲਾਂ ਦੌਰਾਨ ਕਾਂਗਰਸ ਦੀ ਸਥਿਤੀ2012 ਤੋਂ ਬਾਅਦ ਕਾਂਗਰਸ ਨੇ ਵਿਰੋਧੀ ਧਿਰ ਵਜੋਂ ਆਪਣੀ ਪਕੜ ਮਜ਼ਬੂਤ ਕੀਤੀ ਸੀ।ਜਿਸ ਦੇ ਕਾਰਨ 2017 'ਚ ਲੋਕਾਂ ਨੇ ਵੱਡੇ ਪੱਧਰ 'ਤੇ ਕਾਂਗਰਸ ਨੂੰ ਸਮਰਥਨ ਦਿੱਤਾ ਸੀ।ਫਿਰ 2022 'ਚ ਅੰਦਰੂਨੀ ਖਿਚੋਤਾਨ ਅਤੇ ਲੀਡਰਸ਼ਿੱਪ ਸੰਕਟ ਕਾਰਨ ਪਾਰਟੀ ਨੂੰ ਭਾਰੀ ਨੁਕਸਾਨ ਝੱਲਣਾ ਪਿਆ, ਕਿਉਂਕਿ ਪੰਜਾਬ ਦੇ ਕਈ ਹਲਕਿਆਂ 'ਚ ਧੜੇਬੰਦੀ ਨੇ ਜ਼ਮੀਨੀ ਵਰਕਰਾਂ ਦਾ ਮਨੋਬਲ ਘਟਾਇਆ ਸੀ।ਹੁਣ 2027 ਵੱਲ ਦੇਖਦਿਆਂ ਪਾਰਟੀ ਸਾਹਮਣੇ ਸਭ ਤੋਂ ਵੱਡੀ ਚਣੌਤੀ ਇਕਜੁੱਟਤਾ ਬਣੀ ਹੋਈ ਹੈ।

# ਪੰਜਾਬ 'ਚ ਹਰ ਸਾਲ ਕਰੀਬ ਪੰਜ ਹਜ਼ਾਰ ਲੋਕ ਸੜਕ ਹਾਦਸਿਆਂ 'ਚ ਹੋ ਜਾਂਦੇ ਨੇ ਰੱਬ ਨੂੰ ਪਿਆਰੇ

## ਲਗਨ ਤੇ ਇਮਾਨਦਾਰੀ ਦੀ ਘਾਟ ਕਾਰਨ ਸਰਕਾਰਾਂ ਦੀਆਂ ਟ੍ਰੈਫਿਕ ਸਬੰਧੀ ਨੀਤੀਆਂ ਨਹੀਂ ਚੜ੍ਹਦੀਆਂ ਸਿਰੇ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪੰਜਾਬ 'ਚ ਜੀ.ਟੀ.ਰੋਡ, ਨੈਸ਼ਨਲ ਹਾਈਵੇ, ਪਿੰਡਾਂ-ਸ਼ਹਿਰਾਂ ਦੀਆਂ ਖੁੱਲੀਆਂ ਅਤੇ ਤੰਗ ਸੜਕਾਂ 'ਤੇ ਦੌੜ ਰਹੇ ਲੱਖਾਂ ਵਾਹਨ ਚਾਲਕਾਂ ਦੀ ਅਣਗਹਿਲੀ ਕਾਰਨ ਅਤੇ ਆਵਾਜਾਈ ਦੇ ਨਿਯਮਾਂ ਦੀ ਉਲੰਘਣਾਂ ਕਰਕੇ ਹਰ ਸਾਲ ਹਜ਼ਾਰਾਂ ਕੀਮਤੀ ਜਿੰਦਗੀਆਂ ਅਣਿਆਈ ਮੌਤ ਹੀ ਖਤਮ ਹੋ ਜਾਂਦੀਆਂ ਹਨ ਅਤੇ ਲੱਖਾਂ ਹੀ ਲੋਕ ਗੰਭੀਰ ਰੂਪ 'ਚ ਫੱਟੜ ਹੋ ਕੇ ਆਪਣੇ ਕਈ ਕੀਮਤੀ ਅੰਗਾਂ ਤੋਂ ਨਕਾਰਾ ਹੋ ਜਾਂਦੇ ਹਨ।ਭਾਵੇਂ ਇਹ ਸਾਰਾ ਵਰਤਾਰਾ ਟ੍ਰੈਫਿਕ ਪੁਲਸ ਵੱਲੋਂ ਆਏ ਦਿਨ ਲਗਾਤਾਰ ਵਾਹਨਾਂ ਦੀ ਲੱਖਾਂ 'ਚ ਵੱਧ ਰਹੀ ਗਿਣਤੀ ਵਾਲਾ ਦੱਸ ਕੇ ਆਪਣਾ ਪੱਲਾ ਛੁਡਾਉਣ ਦੀ ਕੋਸ਼ਿਸ ਕੀਤੀ ਜਾਂਦੀ ਹੈ, ਪਰੰਤੂ ਸੱਚਾਈ ਕੁਝ ਹੋਰ ਵੀ ਹੈ।ਆਏ ਦਿਨ ਵੱਧਦੇ ਸੜਕ ਹਾਦਸਿਆਂ ਕਾਰਨ ਪੰਜਾਬ ਦੀਆਂ ਸੜਕਾਂ ਖੂਨੀ ਸੜਕਾਂ ਅਖਵਾਉਣ ਲੱਗ ਗਈਆਂ ਹਨ।ਸਥਿਤੀ ਤਾਂ ਇਹ ਮੰਨੀ ਜਾ ਰਹੀ ਹੈ ਕਿ ਅੱਤਵਾਦ ਦੇ ਦੌਰ 'ਚ ਇੰਨੇ ਵਿਅਕਤੀ ਨਹੀਂ ਮਾਰੇ ਗਏ ਸੀ, ਜਿੰਨ੍ਹੇ ਕਿ ਉਸ ਤੋਂ ਬਾਅਦ ਸੜਕ ਹਾਦਸਿਆਂ 'ਚ ਮਾਰੇ ਗਏ ਹਨ।ਪੰਜਾਬ ਪੁਲਸ ਦੀ ਟ੍ਰੈਫਿਕ ਬ੍ਰਾਂਚ ਦੇ ਅੰਕੜਿਆਂ ਵੱਲ ਜੇਕਰ ਨਜ਼ਰ ਮਾਰੀਏ ਤਾਂ ਹਰ 2 ਘੰਟੇ 'ਚ ਵੱਡੀਆਂ ਤੇ ਛੋਟੀਆਂ ਘਟਨਾਵਾਂ ਵਾਪਰਦੀਆਂ ਹਨ। ਜਿੰਨ੍ਹਾਂ 'ਚ ਕੀਮਤੀ ਜਾਨਾਂ ਤੋਂ ਇਲਾਵਾ ਪੀੜਤ ਵਿਅਕਤੀ ਦਾ ਆਰਥਿਕ ਨੁਕਸਾਨ ਵੀ ਹੁੰਦਾ ਹੈ।ਭਾਵੇਂ ਸਮੇਂ-ਸਮੇਂ ਦੀਆਂ ਸਰਕਾਰਾਂ ਵੱਲੋਂ ਆਵਾਜਾਈ ਵਿਭਾਗ ਰਾਹੀਂ ਕਈ ਨੀਤੀਆਂ ਉਪੱਰ ਕੰਮ ਕੀਤਾ ਜਾਂਦਾ ਹੈ, ਤਾਂ ਜੋ ਕਿਵੇਂ ਨਾ ਕਿਵੇਂ ਇਹ ਦਿਲ ਦਹਿਲਾਉਣ ਵਾਲੇ ਵੱਡੇ-ਛੋਟੇ ਹਾਦਸਿਆਂ ਤੋਂ ਬਚਿਆ ਜਾ ਸਕੇ, ਪਰੰਤੂ ਲਗਨ ਅਤੇ ਇਮਾਨਦਾਰੀ ਦੀ ਘਾਟ ਕਾਰਨ ਇਹ ਨੀਤੀਆਂ ਸਿਰੇ ਨਹੀਂ ਚੜਦੀਆਂ।ਜੇਕਰ ਟ੍ਰੈਫਿਕ ਵਿਭਾਗ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦਾ ਪ੍ਰਣ ਕਰ ਲਵੇ ਤਾਂ ਬਹੁਤ ਕੁਝ ਬਚਾਇਆ ਜਾ ਸਕਦਾ ਹੈ।

ਵਿਸ਼ਵ ਭਰ ਅੰਦਰ ਸੜਕ ਹਾਦਸਿਆਂ 'ਚ ਹੋਣ ਵਾਲੀਆਂ ਕੁੱਲ ਮੌਤਾਂ 'ਚੋਂ 12 ਫੀਸਦੀ ਮੌਤਾਂ ਭਾਰਤ



'ਚ ਹੁੰਦੀਆਂ ਹਨ, ਅਤੇ ਸਾਡੇ ਦੇਸ਼ ਭਾਰਤ ਅੰਦਰ ਹਰੇਕ ਇੱਕ ਮਿੰਟ ਬਾਅਦ ਸੜਕ ਦੁਰਘਟਨਾਂ ਹੋ ਰਹੀ ਹੈ, ਜਦ ਕਿ ਹਰ ਚਾਰ ਮਿੰਟ ਬਾਅਦ ਸੜਕ ਹਾਦਸੇ ਕਾਰਨ ਇੱਕ ਮੌਤ ਹੋ ਰਹੀ ਦੱਸੀ ਜਾਂਦੀ ਹੈ।ਜੇਕਰ ਇੱਕਲੇ ਪੰਜਾਬ ਦੀ ਗੱਲ ਕੀਤੀ ਜਾਵੇ ਤਾਂ ਪੰਜਾਬ ਦੀਆਂ ਸੜਕਾਂ 'ਤੇ ਆਵਾਜਾਈ ਇੰਨਾ ਖਤਰਨਾਕ ਰੂਪ ਲੈ ਚੁੱਕੀ ਹੈ ਕਿ ਹਰੇਕ 12 ਮਿੰਟ 'ਚ ਲਗਭਗ ਇੱਕ ਸੜਕ ਦੁਰਘਟਨਾਂ ਵਾਪਰਦੀ ਹੈ। ਪੰਜਾਬ ਪੁਲਸ ਦੇ ਟ੍ਰੈਫਿਕ ਵਿੰਗ ਦੀ ਸਲਾਨਾਂ ਰਿਪੋਰਟ ਅਜਿਹੇ ਹੀ ਖਤਰਨਾਕ ਸੜਕੀ ਮਹੌਲ ਨੂੰ ਉਜਾਗਰ ਕਰਦੀ ਦੱਸਦੀ ਹੈ ਕਿ ਅਜੋਕੇ ਦੌਰ 'ਚ ਸੜਕ ਹਾਦਸੇ ਘਟਣ ਦੀ ਬਜਾਏ ਦਿਨ ਪ੍ਰਤੀ ਦਿਨ ਵੱਧ ਰਹੇ ਹਨ ਅਤੇ ਸੂਬੇ 'ਚ ਸੜਕੀ ਆਵਾਜਾਈ ਪ੍ਰਤੀ ਲਾਪ੍ਰਵਾਹੀ ਕਾਰਨ ਜਿਥੇ ਹਰ 2 ਘੰਟੇ 'ਚ 10 ਸੜਕ ਹਾਦਸੇ ਵਾਪਰਦੇ ਹਨ, ਉਥੇ ਪੰਜਾਬ ਅੰਦਰ ਹਰ ਸਾਲ ਪੰਜ ਹਜ਼ਾਰ ਦੇ ਕਰੀਬ ਲੋਕ ਸੜਕ ਹਾਦਸਿਆਂ 'ਚ ਰੱਬ ਨੂੰ ਪਿਆਰੇ ਹੋ ਜਾਂਦੇ ਹਨ।ਸੜਕ ਦੁਰਘਟਨਾਵਾਂ 'ਚ ਹੋਣ ਵਾਲੀਆਂ ਮੌਤਾਂ 'ਚੋਂ 90 ਫੀਸਦੀ ਮੌਤਾਂ ਸਿਰ ਦੀ ਸੱਟ ਲੱਗਣ ਨਾਲ ਹੁੰਦੀਆਂ ਹਨ।

**ਟ੍ਰੈਫਿਕ ਨਿਯਮਾਂ ਦੀ ਉਲੰਘਣਾਂ ਸੜਕ ਹਾਦਸਿਆਂ ਦਾ ਵੱਡਾ ਕਾਰਨ :** ਪੰਜਾਬ 'ਚ ਆਏ ਵਿਕਾਸ ਸਦਕਾ ਜਿਥੇ 50 ਲੱਖ ਤੋਂ ਵੀ ਵੱਧ ਵਾਹਨ ਸੜਕਾਂ 'ਤੇ ਹਾਰਨ ਵਜਾਉਂਦੇ ਫਿਰਦੇ ਹਨ, ਉਥੇ ਸਮਾਜਿਕ ਹਾਲਤ ਇਹ ਹੈ ਕਿ ਨਿਯਮਾਂ ਪ੍ਰਤੀ ਅਨਪੜ੍ਹ ਕਿਸਮ ਦੇ ਡਰਾਇਵਰਾਂ ਦੀ ਵੀ ਵੱਡੀ ਫੌਜ ਆਪਹੁਦਰੀਆਂ 'ਚ ਲੀਨ ਹੈ।ਗਲਤ ਪਾਸਿਓਂ ਦੀ ਓਵਰ ਟੇਕ ਕਰਨਾ, ਸ਼ਰਾਬੀ ਹਾਲਤ 'ਚ ਗੱਡੀ ਚਲਾਉਣੀ, ਵਾਹਨ ਚਲਾਉਂਦਿਆਂ ਮੋਬਾਇਲ ਸੁਣਨਾ, ਤੇਜ਼ ਰਫਤਾਰ ਦੇ ਸ਼ੌਕ ਪਾਲਣੇ, ਪ੍ਰੈਸ਼ਰ ਹਾਰਨ ਵਜਾਉਣਾ ਇੰਨਾ ਆਮ ਹੋ ਗਿਆ ਹੈ ਕਿ ਸੜਕਾਂ 'ਤੇ ਮੌਤ ਨੂੰ ਮਜ਼ਾਕ ਕਰਨ ਵਾਲੀ ਗੱਲ ਬਣਦੀ ਜਾ ਰਹੀ ਹੈ।ਵਾਹਨਾਂ ਦੀ ਗਿਣਤੀ ਭਾਵੇਂ ਬੇਤਹਾਸ਼ਾ ਵਧੀ ਹੈ ਪਰ ਸੜਕਾਂ ਦਾ ਮਿਆਰ ਅਤੇ ਚੌੜਾਈ ਉਸ ਰਫਤਾਰ ਨਾਲ ਨਹੀਂ ਵਧੀ। **ਪੜ੍ਹੇ-ਲਿਖੇ ਲੋਕਾਂ 'ਚ ਵੀ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਦੀ ਘਾਟ :** ਜ਼ਿਕਰਯੋਗ ਹੈ ਕਿ ਆਵਾਜਾਈ ਨਿਯਮਾਂ ਪ੍ਰਤੀ ਜਾਗਰੂਕਤਾ ਤਾਂ ਏਨੀ ਘੱਟ ਹੈ ਕਿ ਕਈ ਪੜ੍ਹੇ ਲਿਖੇ ਲੋਕਾਂ ਨੂੰ ਵੀ ਸੜਕ ਪਾਰ ਕਰਨੀ ਜਾਂ ਵਾਹਨਾਂ ਦੀ ਸਹੀ ਪਾਰਕਿੰਗ ਕਰਨੀ ਹੀ ਨਹੀਂ ਆਉਂਦੀ।

ਅਨੇਕਾਂ ਵਿੱਦਿਅਕ ਸੰਸਥਾਵਾਂ 'ਚ ਅਜਿਹੀ ਕੋਈ ਵਿਵਸਥਾ ਜਾਂ ਵਿਸ਼ਾ ਜ਼ਰੂਰੀ ਪੜ੍ਹਾਈ ਦਾ ਅੰਗ ਹੀ ਨਹੀਂ ਬਣਾਇਆ ਜਾ ਸਕਿਆ, ਭਾਵੇਂ ਕਿ ਲਾਇਸੈਂਸਿੰਗ ਪ੍ਰਕਿਰਿਆ 'ਚ ਰਾਜ ਸਰਕਾਰ ਵੱਲੋਂ ਕਾਫੀ ਵੱਡੇ ਪੱਧਰ 'ਤੇ ਸੁਧਾਰ ਕੀਤੇ ਜਾ ਚੁੱਕੇ ਹਨ ਅਤੇ ਇਸ ਦਾ ਕੰਪਿਊਟਰੀਕਰਨ ਤਾਂ ਪਹਿਲਾਂ ਹੀ ਹੋ ਚੁੱਕਿਆ ਹੈ, ਪਰੰਤੂ ਜਾਅਲੀ ਲਾਇਸੈਂਸਾਂ ਦੀ ਭਰਮਾਰ ਹਾਲੇ ਵੀ ਵੱਡਾ ਸਵਾਲ ਖੜ੍ਹਾ ਕਰੀ ਬੈਠੀ ਹੈ।ਟ੍ਰੈਫਿਕ ਵਿੰਗ ਦੀ ਰਿਪੋਰਟ ਮੁਤਾਬਕ ਪੰਜਾਬ ਟ੍ਰੈਫਿਕ ਪੁਲਸ ਵੱਲੋਂ ਸੂਬਾ ਸਰਕਾਰ ਨੂੰ ਕਈ ਜ਼ਿਲਿਆਂ 'ਚ ਟ੍ਰੈਫਿਕ ਪਾਰਕ ਬਣਾਉਣ, ਸੜਕਾਂ ਚੌੜੀਆਂ ਕਰਨ, ਟ੍ਰੈਫਿਕ ਲਾਇਟਾਂ ਅਤੇ ਟ੍ਰੈਫਿਕ ਪੁਆਇੰਟ ਬਣਾਉਣ, ਸੜਕਾਂ 'ਤੇ ਪੱਟੀਆਂ ਬਣਾਉਣ ਸਮੇਤ ਲੋਕਾਂ 'ਚ ਡਰਾਈਵਿੰਗ ਸਬੰਧੀ ਜਾਗਰੂਕਤਾ ਲਿਆਉਣ ਬਾਰੇ ਕਈ ਵਾਰ ਸ਼ਿਫਾਰਸਾਂ ਕੀਤੀਆਂ ਜਾ ਚੁੱਕੀਆਂ ਹਨ, ਪਰੰਤੂ ਸੂਬਾ ਸਰਕਾਰ ਇਨ੍ਹਾਂ ਸ਼ਿਫਾਰਸਾਂ ਤੋਂ ਅਵੇਸਲੀ ਹੋਈ ਬੈਠੀ ਹੈ।ਉਕਤ ਉਣਤਾਈਆਂ 'ਤੇ ਕਾਬੂ ਪਾਉਣ ਲਈ ਪ੍ਰਸ਼ਾਸਨਿਕ ਗਤੀਸ਼ੀਲਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਟ੍ਰੈਫਿਕ ਸੁਧਾਰਾਂ ਸਬੰਧੀ ਬਣੀ ਸੂਬਾ ਪੱਧਰੀ ਉਚ ਕਮੇਟੀ ਦੀ ਸਾਲ-ਸਾਲ ਮੀਟਿੰਗ ਹੀ ਨਹੀਂ ਹੁੰਦੀ।ਜ਼ਿਕਰਯੋਗ ਹੈ ਕਿ ਉਕਤ ਕਮੇਟੀ ਸਮੁੱਚੇ ਟ੍ਰੈਫਿਕ ਸਿਸਟਮ ਅਤੇ ਸੜਕੀ ਸਿਸਟਮ 'ਚ ਸੁਧਾਰਾਂ ਸਬੰਧੀ ਸਰਕਾਰ ਨੂੰ ਜਵਾਬਦੇਹ ਬਣਾਉਂਦੀ ਹੈ।ਇੱਕ ਰਿਪੋਰਟ ਮੁਤਾਬਕ ਸਰਕਾਰੀ ਖਜ਼ਾਨੇ ਦਾ ਕਰੋੜਾਂ ਰੁਪਿਆ ਤਾਂ ਸੜਕ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਨੂੰ ਮੁਆਵਜ਼ੇ ਵੱਜੋਂ ਹੀ ਚਲਾ ਜਾਂਦਾ ਹੈ।

## ਭਾਰਤ 'ਚ 64 ਕਰੋੜ ਲੀਟਰ ਦੁੱਧ ਦੀ ਰੋਜ਼ਾਨਾਂ ਵਿਕਰੀ 'ਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ : ਵਿਸ਼ਵ ਸਿਹਤ ਸੰਗਠਨ

# ਦੁੱਧ 'ਚ ਮਿਲਾਇਆ ਜਾ ਰਿਹੈ ਮਿਲਕ ਪਾਊਡਰ, ਅਰਾਰੋਟ, ਗਲੂਕੋਜ਼ ਅਤੇ ਕੱਪੜੇ ਧੋਣ ਵਾਲਾ ਪਾਊਡਰ

## ਲੋਕਾਂ ਨੇ ਫੂਡ ਸੇਫਟੀ ਵਿਭਾਗ ਦੀ ਕਾਰਗੁਜ਼ਾਰੀ 'ਤੇ ਖੜ੍ਹੇ ਕੀਤੇ ਸਵਾਲ





ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਨਕਲੀ ਅਤੇ ਮਿਲਾਵਟੀ ਦੁੱਧ ਦੇ ਕਾਰੋਬਾਰੀ ਮਨੁੱਖੀ ਸਿਹਤ ਨਾਲ ਖਿਲਵਾੜ ਕਰ ਰਹੇ ਹਨ।ਵਿਸ਼ਵ ਸਿਹਤ ਸੰਗਠਨ ਦੀ ਰਿਪੋਰਟ ਅਨੁਸਾਰ ਭਾਰਤ 'ਚ ਰੋਜ਼ਾਨਾਂ 64 ਕਰੋੜ ਲੀਟਰ ਦੁੱਧ ਦੀ ਵਿੱਕਰੀ ਹੁੰਦੀ ਹੈ, ਜਿਸ 'ਚੋਂ 50 ਕਰੋੜ ਲੀਟਰ ਮਿਲਾਵਟੀ ਤੇ ਨਕਲੀ ਹੋਣ ਦਾ ਖਦਸ਼ਾ ਹੈ।ਏਧਰ 6 ਕਰੋੜ ਲੀਟਰ ਡੱਬਾ ਬੰਦ ਦੁੱਧ ਲੋਕ ਰੋਜ਼ਾਨਾਂ ਪੀਂਦੇ ਹਨ।ਵਿਸ਼ਵ ਸਿਹਤ ਸੰਗਠਨ ਨੇ ਭਾਰਤ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਮਿਲਾਵਟੀ ਤੇ ਨਕਲੀ ਦੁੱਧ ਦੇ ਕਾਰੋਬਾਰ ਨੂੰ ਨਾ ਰੋਕਿਆ ਗਿਆ ਤਾਂ ਭਾਰਤੀ ਲੋਕ ਕੈਂਸਰ ਵਰਗੀ ਭਿਆਨਕ ਬੀਮਾਰੀ ਤੋਂ ਪੀੜਤ ਹੋ ਜਾਣਗੇ। ਇਕ ਜਾਣਕਾਰੀ ਅਨੁਸਾਰ ਪੰਜਾਬ ਅੰਦਰ 25 ਲੱਖ ਗਊਆਂ ਅਤੇ 40 ਲੱਖ ਮੱਝਾਂ ਹੋਣ ਦੇ ਸਰਕਾਰੀ ਅੰਕੜੇ ਹਨ ਪਰ ਦੁੱਧ ਦੇਣ ਵਾਲੇ ਪਸ਼ੂਆਂ ਦੀ ਗਿਣਤੀ ਬਹੁਤ ਘੱਟ ਦੱਸੀ ਜਾਂਦੀ ਹੈ।ਪੰਜਾਬ ਅੰਦਰ ਰੋਜ਼ਾਨਾਂ 16 ਲੱਖ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਹੈ।ਸੂਬੇ ਅੰਦਰ ਦੁੱਧ ਦੇ ਕੁੱਲ ਉਤਪਾਦਨ ਦਾ 60 ਫੀਸਦੀ ਹਿੱਸਾ ਲੋਕਾਂ ਦੁਆਰਾ ਵਰਤ ਲਿਆ ਜਾਂਦਾ ਹੈ ਅਤੇ 40 ਫੀਸਦੀ ਦੁੱਧ ਮੱਖਣ, ਦਹੀ, ਪਨੀਰ, ਸੁੱਕਾ ਦੁੱਧ, ਡੱਬਾ ਬੰਦ ਦੁੱਧ ਬਣਾਉਣ ਲਈ ਵਰਤਿਆ ਜਾਂਦਾ ਹੈ।ਫੂਡ ਸੇਫਟੀ ਅਤੇ ਸਟੈਂਡਰਡ ਅਥਾਰਟੀ ਆਫ ਇੰਡੀਆਂ ਵੱਲੋਂ ਕਰਵਾਏ ਗਏ ਇਕ ਸਰਵੇ ਅਨੁਸਾਰ ਸੂਬੇ 'ਚ ਦੁੱਧ ਦੇ 37 ਫੀਸਦੀ ਨਮੂਨੇ ਜਾਂਚ ਦੌਰਾਨ ਫੇਲ ਪਾਏ ਗਏ ਸਨ। ਇਕ ਹੋਰ ਰਿਪੋਰਟ ਅਨੁਸਾਰ ਸਾਲ 2011 'ਚ ਦੇਸ਼ ਭਰ 'ਚੋਂ ਭਰੇ ਗਏ ਦੁੱਧ ਦੇ ਸੈਂਪਲਾਂ 'ਚੋਂ 70 ਫੀਸਦੀ ਸੈਂਪਲ ਸਹੀ ਨਹੀਂ ਸਨ।ਅੱਜ 2026 'ਚ ਇਹ ਕਾਰੋਬਾਰ ਇਨਾਂ ਅੰਕੜਿਆਂ ਤੋਂ ਕਿਤੇ ਅੱਗੇ ਨਿੱਕਲ ਚੁੱਕਾ ਹੈ।ਮਾਹਿਰਾਂ ਅਨੁਸਾਰ ਦੁੱਧ ਦੀ ਮਾਤਰਾ ਵਧਾਉਣ ਲਈ ਮਿਲਾਇਆ ਜਾਣ ਵਾਲਾ ਪਾਣੀ ਅਕਸਰ ਦੂਸ਼ਿਤ ਹੁੰਦਾ ਹੈ, ਜੋ ਸਿਹਤ ਲਈ ਬੇਹੱਦ ਹਾਨੀਕਾਰਕ ਹੈ। ਪਤਾ ਲੱਗਾ ਹੈ ਕਿ ਜ਼ਿਆਦਾ ਮੁਨਾਫੇ ਦੀ ਆਸ 'ਚ ਸ਼ਹਿਰਾਂ ਸਮੇਤ ਪਿੰਡਾਂ 'ਚ ਵੀ ਨਕਲੀ ਦੁੱਧ ਤਿਆਰ ਕਰਕੇ ਵੇਚਣ ਵਾਲੇ ਡੇਅਰੀ ਸੰਚਾਲਕ ਅਰਾਰੋਟ, ਰੰਗ, ਕੱਪੜੇ ਧੋਣ ਵਾਲਾ ਪਾਊਡਰ, ਗਲੂਕੋਜ਼ ਅਤੇ ਮਿਲਕ ਪਾਊਡਰ ਸਮੇਤ ਅਜਿਹੀਆਂ ਹੋਰ ਚੀਜ਼ਾਂ ਨਾਲ ਗਾੜਾ ਨਕਲੀ ਦੁੱਧ ਤਿਆਰ ਕਰਕੇ ਮਨੁੱਖੀ ਸਿਹਤ ਨਾਲ ਖੇਡ ਰਹੇ ਹਨ।ਨਕਲੀ ਦੁੱਧ ਦੀ ਵੱਧਦੀ ਵਿੱਕਰੀ ਕਾਰਨ ਅਸਲੀ ਦੁੱਧ ਉਤਪਾਦਕ ਕਿਸਾਨਾਂ ਨੂੰ ਪੂਰਾ ਰੇਟ ਨਹੀਂ ਮਿਲਦਾ ਹੈ।ਇਸੇ ਕਾਰਨ ਪਿੰਡਾਂ 'ਚ ਲੋਕ ਪਸ਼ੂਆਂ ਨੂੰ ਵੇਚ ਰਹੇ ਹਨ ਤੇ ਨਕਲੀ ਦੁੱਧ ਦਾ ਕਾਰੋਬਾਰ ਵੱਧਦਾ ਜਾ ਰਿਹਾ ਹੈ।ਨਕਲੀ ਦੁੱਧ ਦੀ ਵੱਧਦੀ ਵਰਤੋਂ ਕਾਰਨ ਲੋਕ ਕੈਂਸਰ, ਸ਼ੂਗਰ, ਬੀ.ਪੀ. ਦਾ ਵੱਧਣਾ, ਡਿਪਰੈਸ਼ਨ, ਥਾਇਰਾਇਡ, ਬੈਚੇਨੀ ਤੇ ਪੇਟ ਦੇ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਬਾਜ਼ਾਰ 'ਚ ਕੁਝ ਅਜਿਹੇ ਦੁੱਧ ਵਿਕੇਰਤਾ ਵੀ ਹਨ,ਜਿਹੜੇ ਆਪਣਾ ਦੁੱਧ ਇਕ ਨੰਬਰ ਹੋਣ ਦਾ ਦਾਅਵਾ ਕਰਦੇ ਹੋਏ 70 ਤੋਂ 75 ਰੁਪਏ ਕਿਲੋ ਤੱਕ ਦੁੱਧ ਵੇਚਦੇ ਹਨ।ਹੁਣ ਇਥੇ ਸਵਾਲ ਇਹ ਖੜ੍ਹਾ ਹੁੰਦਾ ਹੈ ਕਿ ਜੇਕਰ ਉਨ੍ਹਾਂ ਦਾ ਦੁੱਧ ਸਰਕਾਰ ਦੇ ਨਿਰਧਾਰਤ ਮਾਪਦੰਡਾ ਮੁਤਾਬਕ ਇਕ ਨੰਬਰ ਹੈ, ਫਿਰ ਜਿਹੜੇ ਲੋਕ ਦੁੱਧ 70 ਰੁਪਏ ਤੋਂ ਘੱਟ ਰੇਟ 'ਤੇ ਵੇਚਦੇ ਹਨ, ਉਨ੍ਹਾਂ ਦਾ ਦੁੱਧ ਤਾਂ ਖਰਾ ਨਾ ਹੋ ਕੇ ਘਟੀਆ ਹੋਵੇਗਾ, ਬਲਕਿ ਇਸ ਦੇ ਜਵਾਬ 'ਚ ਦੁੱਧ ਵਿਕੇਰਤਾ ਆਪੋ-ਆਪਣੇ ਤਰਕ ਦੇ ਰਹੇ ਹਨ ਪਰ ਸਪੱਸ਼ਟ ਜਵਾਬ ਕਿਸੇ ਕੋਲ ਵੀ ਨਹੀਂ।ਮਿਲਾਵਟੀ ਦੁੱਧ ਵੇਚ ਕੇ ਲੋਕਾਂ ਦੀਆਂ ਜਿੰਦਗੀਆਂ ਨਾਲ ਕੀਤਾ ਜਾ ਰਿਹਾ ਖਿਲਵਾੜਮਿਲਾਵਟੀ ਦੁੱਧ ਵੇਚ ਕੇ ਲੋਕਾਂ ਦੀਆਂ ਜਿੰਦਗੀਆਂ ਨਾਲ ਖਿਲਵਾੜ ਕਰਨ ਵਾਲੇ ਡੇਅਰੀ ਫਾਰਮਰਾਂ ਬਾਰੇ ਕੁਝ ਲੋਕਾਂ ਦਾ ਤਾਂ ਇਥੋਂ ਤੱਕ ਵੀ ਕਹਿਣਾ ਹੈ ਕਿ ਇਨ੍ਹਾਂ ਦੇ ਨਾਪਤੋਲ ਵਾਲੇ ਕੰਡੇ ਅਤੇ ਦੁੱਧ ਮਾਪਣ ਵਾਲਾ ਡੱਬਾ ਵੀ ਇਕ ਕਿਲੋ ਜਾਂ ਇਕ ਲੀਟਰ ਦੀ ਬਜਾਏ ਕਥਿਤ ਘੱਟ ਹੁੰਦਾ ਹੈ।ਇਹ ਵੀ ਪਤਾ ਚੱਲਿਆ ਹੈ ਕਿ ਡੇਅਰੀ ਫਾਰਮਰਾਂ ਦੇ ਮਾਲਕ ਇਲਾਕੇ 'ਚ ਗਾਊ ਪਾਲਕਾਂ ਤੋਂ 35 ਰੁਪਏ ਪ੍ਰਤੀ ਕਿਲੋ ਦੇ ਹਿਸਾਬ ਨਾਲ ਦੁੱਧ ਖ੍ਰੀਦਣ ਉਪਰੰਤ ਉਕਤ ਦੁੱਧ 'ਚ ਮਿਕਸਿੰਗ ਕਰਕੇ ਉਹੀ ਦੁੱਧ ਖਪਤਕਾਰਾਂ ਨੂੰ 65 ਤੋਂ 70 ਰੁਪਏ ਕਿਲੋ ਤੱਕ ਵੇਚਦੇ ਹਨ। ਸ਼ਹਿਰ ਅੰਦਰ ਵੱਡੀ ਮਾਤਰਾ 'ਚ ਸੁੱਕਾ ਦੁੱਧ ਪਾਊਡਰ ਵੀ ਆਉਂਦਾ ਹੈ ਤੇ ਇਸ ਦਾ ਭਾਅ 200 ਰੁਪਏ ਪ੍ਰਤੀ ਕਿਲੋ ਦੱਸਿਆ ਜਾਂਦਾ ਹੈ।ਇਕ ਕਿਲੋ ਪਾਊਡਰ ਨਾਲ 10 ਕਿਲੋ ਦੁੱਧ ਬਣਦਾ ਹੈ, ਜੋ ਕਿ 20 ਰੁਪਏ ਕਿਲੋ ਪੈਂਦਾ ਹੈ।ਦੁੱਧ ਦੀ ਪੈਦਾਵਾਰ ਘੱਟ ਤੇ ਖਪਤ ਵੱਧ ਹੋਣ ਕਾਰਨ ਡੇਅਰੀ ਮਾਲਕ ਸੁੱਕੇ ਦੁੱਧ ਤੋਂ ਅੱਗੇ ਹੀ ਹੋਰ ਖਾਣ-ਪੀਣ ਵਾਲੀਆਂ ਵਸਤੂਆਂ ਬਣਾਈ ਜਾਂਦੇ ਹਨ।ਸਮਾਜ ਸੇਵੀ ਲੋਕਾਂ ਨੇ ਮਿਲਾਵਟਖੋਰਾਂ ਖਿਲਾਫ ਸਖਤ ਕਾਰਵਾਈ ਦੀ ਕੀਤੀ ਮੰਗਨਾਮਵਰ ਉਦਯੋਗਪਤੀ ਗਰਾਫਟੈਕਸ ਦੇ ਐੱਮ.ਡੀ. ਮੁਹੰਮਦ ਖਾਲਿਦ, ਸਮਾਜ ਸੇਵਕ ਮੁਹੰਮਦ ਸ਼ਮਸਾਦ ਝੋਕ, ਐਡਵੋਕੇਟ ਜਾਹਿਦ ਜੱਜੀ, ਇੰਡਸਟਰੀਲਿਸਟ ਮੁਹੰਮਦ ਗੁਲਜ਼ਾਰ, ਮੁਹੰਮਦ ਖਾਲਿਦ ਲਾਲ ਅਤੇ ਪੱਤਰਕਾਰ ਸ਼ਾਹਿਦ ਜ਼ੁਬੈਰੀ ਨੇ ਮਿਲਾਵਟੀ ਤੇ ਨਕਲੀ ਦੁੱਧ, ਦੇਸੀ ਘਿਓ ਬਣਾਉਣ ਵਾਲਿਆਂ ਨੂੰ ਸਖਤੀ ਨਾਲ ਰੋਕੇ ਜਾਣ ਦੀ ਮੰਗ ਕਰਦਿਆਂ ਪੰਜਾਬ ਸਰਕਾਰ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਮਿਲਾਵਟਖੋਰਾਂ ਵਿਰੁੱਧ ਸਖਤ ਕਾਰਵਾਈ ਕਰਦੇ ਹੋਏ ਇਰਾਦਾ ਕਤਲ ਦਾ ਪਰਚਾ ਦਰਜ ਕਰਨ ਦਾ ਕਾਨੂੰਨ ਬਣਾਇਆ ਜਾਵੇ ਕਿਉਂਕਿ ਇਹ ਖਾਣ ਪੀਣ ਵਾਲੀਆਂ ਚੀਜ਼ਾਂ 'ਚ ਮਿਲਾਵਟਖੋਰੀ ਕਰਨ ਵਾਲੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਦੇ ਹੋਏ ਆਮ ਲੋਕਾਂ ਨੂੰ ਕੈਂਸਰ ਵਰਗੀਆਂ ਮੌਤ ਰੂਪੀ ਬਿਮਾਰੀਆਂ ਦੇ ਸ਼ਿਕਾਰ ਬਣਾ ਰਹੇ ਹਨ।ਉਨ੍ਹਾਂ ਸਿਹਤ ਵਿਭਾਗ ਨੂੰ ਕਿਹਾ ਕਿ ਸਿਰਫ ਤਿਉਹਾਰਾਂ 'ਤੇ ਹੀ ਨਹੀਂ, ਸਗੋਂ ਆਮ ਦਿਨਾਂ 'ਚ ਵੀ ਸਮੇਂ-ਸਮੇਂ 'ਤੇ ਚੈਕਿੰਗ ਮੁਹਿੰਮ ਚਲਾਈ ਜਾਵੇ। ਲੋਕਾਂ ਨੇ ਸਬੰਧਤ ਫੂਡ ਸੇਫਟੀ ਵਿਭਾਗ ਦੀ ਕਾਰਗੁਜ਼ਾਰੀ 'ਤੇ ਵੀ ਕਈ ਤਰ੍ਹਾਂ ਦੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਵਿਭਾਗੀ ਅਧਿਕਾਰੀ ਵੀ ਇਨ੍ਹਾਂ ਮਿਲਾਵਟਖੋਰਾਂ ਨੂੰ ਕਥਿਤ ਨੱਥ ਪਾਉਣ ਦੀ ਬਜਾਏ ਆਪਣੇ ਏਅਰਕੰਡੀਸ਼ਨ ਦਫਤਰਾਂ 'ਚ ਖਾਨਾ ਪੁਰਤੀ ਸਮਾਂ ਗੁਜ਼ਾਰ ਕੇ ਸ਼ਾਮੀ ਵਾਪਸ ਘਰਾਂ ਨੂੰ ਮੁੜ ਜਾਂਦੇ ਹਨ।

# ਕੈਟਰਿੰਗ 'ਚ ਕਈ ਮੈਰਿਜ ਪੈਲੇਸ, ਹੋਟਲ ਤੇ ਰਿਜ਼ੋਰਟ ਕਰ ਰਹੇ ਜੀ.ਐੱਸ.ਟੀ. ਦੀ ਚੋਰੀ

## ਵੱਡੀ ਗਿਣਤੀ ਪ੍ਰੋਗਰਾਮਾਂ 'ਚ ਨਹੀਂ ਦਿਖਾਈ ਜਾਂਦੀ ਕੈਟਰਿੰਗ

ਮਾਲੇਰਕੋਟਲਾ, 23 ਮਈ (ਸ਼ਹਾਬੂਦੀਨ) ਜੀ.ਐੱਸ.ਟੀ. ਵਿਭਾਗ ਵੱਲੋਂ ਟੈਕਸ ਚੋਰੀ ਨੂੰ ਰੋਕਣ ਲਈ ਤਰ੍ਹਾਂ-ਤਰ੍ਹਾਂ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।ਇਸ ਪ੍ਰਕਿਰਿਆ 'ਚ ਜੀ.ਐੱਸ.ਟੀ. ਅਤੇ ਮੋਬਾਈਲ ਵਿੰਗ ਦੀਆਂ ਟੀਮਾਂ ਦਿਨ ਰਾਤ ਸੜਕਾਂ 'ਤੇ ਹੁੰਦੀਆਂ ਹਨ।ਉਥੇ ਹੀ ਦੂਜੇ ਪਾਸੇ ਹੁਣ ਵੀ ਕਈ ਅਜਿਹੇ ਕਾਰੋਬਾਰ ਹਨ, ਜੋ ਸਰਕਾਰ ਨੂੰ ਭਾਰੀ ਭਰਕਮ ਟੈਕਸ ਦਾ ਚੂਨਾ ਲਗਾ ਰਹੇ ਹਨ।

ਮੈਰਿਜ਼ ਫੰਕਸ਼ਨਜ਼ ਨੂੰ ਲੈ ਕੇ ਜਿਥੇ ਲੋਕ ਸ਼ਾਨੋ-ਸ਼ੌਕਤ ਵਧਾਉਣ ਲਈ ਦਿਲ ਖੋਲ੍ਹ ਕੇ ਵਿਆਹਾਂ ਦੇ ਪ੍ਰੋਗਰਾਮ 'ਚ ਖਰਚ ਕਰ ਦਿੰਦੇ ਹਨ, ਪਰੰਤੂ ਵਿਭਾਗੀ ਤੌਰ 'ਤੇ ਇਸ ਪਾਸੇ ਕੋਈ ਧਿਆਨ ਨਹੀਂ ਗਿਆ ਕਿ ਅਜਿਹੇ ਸ਼ਾਨਦਾਰ ਫੰਕਸ਼ਨ 'ਤੇ ਖਰਚ ਕੀਤੇ ਗਏ ਪੈਸੇ ਦਾ ਟੈਕਸ ਕਿੱਥੇ ਜਾਂਦਾ ਹੈ।

ਜਾਣਕਾਰੀ ਮੁਤਾਬਕ ਮਾਲੇਰਕੋਟਲਾ ਜ਼ਿਲੇ ਸਮੇਤ ਆਲੇ-ਦੁਆਲੇ ਦੇ ਖੇਤਰਾਂ 'ਚ ਕਈ ਅਜਿਹੇ ਹੋਟਲ, ਮੈਰਿਜ਼ ਪੈਲੇਸ ਅਤੇ ਰਿਜੋਰਟ ਹਨ ਜੋ ਸਰਕਾਰ ਨੂੰ ਟੈਕਸ ਦਾ ਭਾਰੀ ਨੁਕਸਾਨ ਪਹੁੰਚਾ ਰਹੇ ਹਨ।ਇਸ ਮਾਮਲੇ 'ਚ ਜਾਣਕਾਰ ਲੋਕਾਂ ਅਤੇ ਖੁਦ ਪ੍ਰਮਾਣਿਤ ਤੱਥਾਂ ਦੀ ਮੰਨੀਏ ਤਾਂ ਇਨ੍ਹਾਂ ਪੈਲੇਸਾਂ ਅਤੇ ਰਿਜੋਰਟਸ 'ਚ ਵੱਡੀ ਗਿਣਤੀ ਅਜਿਹੇ ਵਿਆਹ ਅਤੇ ਰਿਸ਼ੈਪਸ਼ਨ ਦੇ ਵੱਡੇ ਫੰਕਸਨ ਹੁੰਦੇ ਹਨ, ਜਿਸ 'ਚ ਕੈਟਰਿੰਗ ਦੇ ਬਾਵਜੂਦ ਸਰਕਾਰ ਨੂੰ ਕੋਈ ਟੈਕਸ ਨਹੀਂ ਦਿੱਤਾ ਜਾਂਦਾ

ਦੱਸਿਆ ਜਾਂਦਾ ਹੈ ਕਿ ਕਿਸੇ ਵੀ ਆਯੋਜਿਤ ਫੰਕਸ਼ਨ ਲਈ ਜਦੋਂ ਮੇਜ਼ਬਾਨ ਬੁਕਿੰਗ ਕਰਵਾਉਂਦਾ ਹੈ ਤਾਂ ਰਿਜੋਰਟਸ ਤੇ ਹੋਰ ਸੰਸਥਾਵਾਂ ਦੇ ਮਾਲਕ ਸਿਰਫ ਪੈਲੇਸ ਦਾ ਕਿਰਾਇਆ ਆਪਣੇ ਰਿਕਾਰਡ 'ਚ ਦਿਖਾਉਂਦੇ ਹਨ।ਜਦਕਿ ਪ੍ਰਤੀ ਵਿਅਕਤੀ ਕੈਟਰਿੰਗ ਦੇ ਸਬੰਧ 'ਚ ਨਾ ਤਾਂ ਕੋਈ ਜੀ.ਐੱਸ.ਟੀ. ਵਿਭਾਗ ਨੂੰ ਜਾਣਕਾਰੀ ਦਿੱਤੀ ਜਾਂਦੀ ਹੈ ਨਾ ਟੈਕਸ ਦਿੱਤਾ ਜਾਂਦਾ।

ਜ਼ਿਆਦਾਤਰ ਇਹ ਲੋਕ ਆਪਣੇ ਰਿਕਾਰਡ 'ਚ ਕੈਟਰਿੰਗ ਦਾ ਜ਼ਿਕਰ ਹੀ ਨਹੀਂ ਕਰਦੇ।ਓਧਰ ਦੂਜੇ ਪਾਸੇ ਜਾਣਕਾਰ ਲੋਕ ਦੱਸਦੇ ਹਨ ਕਿ ਇਨ੍ਹਾਂ ਫੰਕਸ਼ਨਾਂ 'ਚ



ਪਰੋਸੀ ਜਾਣ ਵਾਲੀ ਸ਼ਰਾਬ ਲਈ ਪੈਲੇਸ, ਹੋਟਲ ਅਤੇ ਰਿਜ਼ੋਰਟ ਦੀ ਵਾਧੂ ਫੀਸ ਵੀ ਵਸੂਲੀ ਜਾਂਦੀ ਹੈ ਅਤੇ ਸ਼ਰਾਬ ਸਬੰਧਤ ਠੇਕੇਦਾਰ ਤੋਂ ਨਿਰਧਾਰਤ ਰੇਟ 'ਤੇ ਖ੍ਰੀਦੀ ਜਾਂਦੀ ਹੈ।

ਇਸ ਤੋਂ ਇਲਾਵਾ ਫੰਕਸ਼ਨ ਵਾਲੀ ਥਾਂ 'ਤੇ ਸ਼ਰਾਬ ਦੇ ਵੱਡੇ-ਵੱਡੇ ਸਟਾਲ ਲਾਏ ਜਾਂਦੇ ਹਨ, ਜਿਥੇ ਦਰਜਣ ਦੇ ਕਰੀਬ ਸਟਾਫ ਦੇ ਲੋਕ ਪੈਗ-ਸਰਵਿਸ ਦੇਣ 'ਚ ਲੱਗੇ ਹੁੰਦੇ ਹਨ।ਵਧੇਰੇ ਫੰਕਸ਼ਨ ਖਤਮ ਹੋਣ ਤੋਂ ਬਾਅਦ ਕੈਟਰਿੰਗ ਦਾ ਕੋਈ ਰਿਕਾਰਡ ਨਹੀਂ ਹੁੰਦਾ।ਸਵਾਲ ਇਹ ਹੈ ਕਿ ਹਜ਼ਾਰਾਂ ਦੀ ਗਿਣਤੀ 'ਚ ਆਏ ਮੇਜ਼ਬਾਨ/ਮਹਿਮਾਨ ਕੀ ਬਿਨਾਂ ਕੁਝ ਖਾਣਾ ਖਾਏ ਹੀ ਸ਼ਰਾਬ ਪੀ ਕੇ ਚਲੇ ਜਾਂਦੇ ਹਨ ? ਇਹ ਸਿਸਟਮ ਅੱਜ ਨਵਾਂ ਨਹੀਂ ਦਹਾਕਿਆਂ ਤੋਂ ਚੱਲ ਰਿਹਾ ਹੈ। ਇਸ ਸਬੰਧ 'ਚ ਆਬਕਾਰੀ ਵਿਭਾਗ ਤੋਂ ਪੁੱਛਣ 'ਤੇ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਕੰਮ ਜੀ.ਐੱਸ.ਟੀ. ਵਿਭਾਗ ਦਾ ਹੈ ਪਰ ਅੰਦਾਜ਼ਾ ਲਾਇਆ ਜਾਂਦਾ ਹੈ ਕਿ ਜੀ.ਐੱਸ.ਟੀ. ਵਿਭਾਗ ਨੂੰ ਸ਼ਾਇਦ ਇਸ ਦਾ ਪਤਾ ਹੀ ਨਹੀਂ ਹੈ ਕਿ ਟੈਕਸ ਚੋਰੀ ਕਿਵੇਂ ਹੋ ਰਹੀ ਹੈ? ਕਿਉਂਕਿ ਲੰਬੇਂ ਸਮੇਂ ਤੋਂ ਅਜਿਹੇ ਕਿਸੇ ਆਯੋਜਿਤ ਫੰਕਸ਼ਨ ਦੇ ਸਬੰਧ 'ਚ ਜੀ.ਐੱਸ.ਟੀ. ਵਿਭਾਗ ਵੱਲੋਂ ਚੈਕਿੰਗ ਦੀ ਕੋਈ ਸੂਚਨਾਂ ਨਹੀਂ ਹੈ।

**ਸਭ ਤੋਂ ਵੱਧ ਖਰਚੀਲੀ ਹੁੰਦੀ ਹੈ ਕੈਟਰਿੰਗ!**

ਵਿਆਹ ਸ਼ਾਦੀ ਦੇ ਫੰਕਸ਼ਨ 'ਚ ਸਭ ਤੋਂ ਵਧੇਰੇ ਖਰਚੀਲਾ ਪ੍ਰੋਗਰਾਮ ਕੈਟਰਿੰਗ ਦਾ ਹੀ ਹੁੰਦਾ ਹੈ।ਜਿਸ 'ਚ ਪਰਿਵਾਰ ਦੀ ਪੂਰੀ ਜਿੰਦਗੀ ਦੀ ਕਮਾਈ ਦਾ ਔਸਤ ਇੱਕ ਹਿੱਸਾ ਖਰਚ ਹੋ ਜਾਂਦਾ ਹੈ।ਵਧੇਰੇ ਫੰਕਸ਼ਨਾਂ 'ਚ ਗਿਣਤੀ 500 ਤੋਂ 700 ਦੇ ਲੱਗਭਗ ਹੁੰਦੀ ਹੈ ਅਤੇ ਵੱਡੇ ਫੰਕਸ਼ਨਜ਼ 1 ਹਜ਼ਾਰ ਤੋਂ ਲੈ ਕੇ ਅਨਲਿਮਟਿਡ ਮਹਿਮਾਨ ਵੀ ਹੁੰਦੇ ਹਨ।ਓਧਰ ਪ੍ਰਤੀ ਵਿਅਕਤੀ ਪਲੇਟ 1 ਹਜ਼ਾਰ ਰੁਪਏ ਤੋਂ ਸ਼ੁਰੂ ਹੋ ਕੇ 4 ਹਜ਼ਾਰ ਰੁਪਏ ਤੱਕ ਹੁੰਦੀ ਹੈ।ਕਈ ਫੰਕਸ਼ਨਜ਼ 'ਚ ਕੈਟਰਿੰਗ ਪ੍ਰਤੀ ਪਲੇਟ ਅਤੇ ਕਈ ਫੰਕਸ਼ਨਜ਼ 'ਚ ਵਧੇਰੇ ਗਿਣਤੀ ਹੋਣ 'ਤੇ ਭਾਰੀ ਭਰਕਰਮ ਠੇਕਾ ਵੀ ਹੋ ਜਾਂਦਾ ਹੈ।ਜੇਕਰ ਸਰਕਾਰ ਕੋਈ ਸਕ੍ਰੂਟਨਿੰਗ ਟੀਮ ਗਠਿਤ ਕਰਕੇ ਇਸ ਦਾ ਹਿਸਾਬ ਕਰੇ ਤਾਂ ਪਿਛਲੇ ਸਮੇਂ 'ਚ ਹਜ਼ਾਰਾਂ ਦੀ ਗਿਣਤੀ 'ਚ ਅਜਿਹੇ ਫੰਕਸ਼ਨ ਹੋਣਗੇ, ਜਿਸ 'ਚ ਸਰਕਾਰ ਨੂੰ ਕੋਈ ਟੈਕਸ ਨਹੀਂ ਮਿਲਿਆ।

**ਬੂਕਿੰਗ ਸਮੇਂ ਪੈਲੇਸ/ਰਿਜੋਰਟ ਦੇ ਪ੍ਰਬੰਧਕ ਹੀ ਕਰਦੇ ਹਨ ਡੀਲ!**

ਦੱਸਣਾ ਜ਼ਰੂਰੀ ਹੈ ਕਿ ਜਿਸ ਸਮੇਂ ਮੇਜ਼ਬਾਨ ਆਪਣਾ ਫੰਕਸ਼ਨ ਅਰੇਂਜ ਕਰਨ ਲਈ ਕਿਸੇ ਪੈਲੇਸ, ਹੋਟਲ ਅਤੇ ਰਿਜੋਰਟਸ ਕੋਲ ਐਡਵਾਂਸ ਬੁਕਿੰਗ ਕਰਨ ਲਈ ਜਾਂਦਾ ਹੈ ਤਾਂ ਸਾਰੀ ਡੀਲਿੰਗ ਪ੍ਰਬੰਧਕ ਖੁਦ ਕਰਦੇ ਹਨ ਅਤੇ ਕੈਟਰਿੰਗ ਦਾ ਰੇਟ ਵੀ ਉਹੀ ਤੈਅ ਕਰਦੇ ਹਨ।ਬਾਅਦ 'ਚ ਕੈਟਰਿੰਗ ਨੂੰ ਕਿਤਾਬਾਂ ਤੋਂ ਦੂਰ ਰੱਖਿਆ ਜਾਂਦਾ ਹੈ ਅਤੇ ਸਰਕਾਰ ਦਾ ਟੈਕਸ ਹਵਾ 'ਚ ਉੱਡ ਜਾਂਦਾ ਹੈ।

**ਟੈਕਸ ਚੋਰੀ 'ਤੇ ਕੀਤੀ ਜਾਵੇਗੀ ਸਖਤ ਕਾਰਵਾਈ : ਵਿਭਾਗੀ ਅਧਿਕਾਰੀ**

ਇਸ ਸਬੰਧੀ ਜਦੋਂ ਜੀ.ਐੱਸ.ਟੀ. ਵਿਭਾਗ ਦੇ ਇੱਕ ਅਧਿਕਾਰੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਕਿਸੇ ਵੀ ਤਰ੍ਹਾਂ ਨਾਲ ਹੋ ਰਹੀ ਟੈਕਸ ਚੋਰੀ ਨੂੰ ਰੋਕਿਆ ਜਾਵੇਗਾ ਅਤੇ ਇਸ ਤਰ੍ਹਾਂ ਦੇ ਲੋਕਾਂ 'ਤੇ ਸਖਤ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਇਹ ਗੰਭੀਰ ਵਿਸ਼ਾ ਹੈ ਕਿ ਇਕ ਹੀ ਫੰਕਸ਼ਨ 'ਚ ਲੱਖਾਂ ਰੁਪਏ ਦੀ ਟੈਕਸ ਚੋਰੀ ਹੋ ਰਹੀ ਹੈ, ਇਸ ਪਾਸੇ ਕਾਰਵਾਈ ਕਰਨ ਲਈ ਵਿਸ਼ੇਸ਼ ਟੀਮਾਂ ਗਠਿਤ ਕੀਤੀਆਂ ਜਾਣਗੀਆਂ।

# ਸਰਕਾਰੀ ਤਨਖਾਹ ਲੈਣ ਵਾਲਿਆਂ ਲਈ ਸਿਰਫ ਸਰਕਾਰੀ ਸਹੂਲਤਾਂ ਹੋਣ ਲਾਜ਼ਮੀ, ਮਾਲੇਰਕੋਟਲਾ ਦੇ ਲੋਕਾਂ ਨੇ ਚੁੱਕੀ ਮੰਗ

ਮਾਲੇਰਕੋਟਲਾ, 23 ਮਈ ਅਨਸਬ: ਦੇਸ਼ ਅਤੇ ਸੂਬੇ 'ਚ ਸਰਕਾਰੀ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਲਈ ਇੱਕ ਮਹੱਤਵਪੂਰਨ ਮੰਗ ਤੇਜ਼ੀ ਨਾਲ ਉੱਠ ਰਹੀ ਹੈ ਕਿ ਸਰਕਾਰੀ ਖਜ਼ਾਨੇ 'ਚੋਂ ਤਨਖਾਹਾਂ ਲੈਣ ਵਾਲੇ ਹਰ ਵਿਅਕਤੀ ਲਈ ਸਿਰਫ ਸਿਰਫ ਸਰਕਾਰੀ ਸਹੂਲਤਾਂ ਦੀ ਵਰਤੋਂ ਕਰਨਾ ਲਾਜ਼ਮੀ ਕੀਤਾ ਜਾਵੇ।ਸਮਾਜ ਦੇ ਵੱਖ-ਵੱਖ ਵਰਗਾਂ ਦਾ ਮੰਨਣਾ ਹੈ ਕਿ ਚਾਹੇ ਕੋਈ ਸਿਆਸੀ ਆਗੂ ਵਿਧਾਇਕ, ਸੰਸਦ ਮੈਂਬਰ, ਮੰਤਰੀ, ਮੁੱਖ ਮੰਤਰੀ, ਪ੍ਰਧਾਨ ਮੰਤਰੀ ਜਾਂ ਕੋਈ ਉਚ ਸਰਕਾਰੀ ਅਧਿਕਾਰੀ ਹੋਵੇ, ਉਨ੍ਹਾਂ ਨੂੰ ਆਪਣਾ ਇਲਾਜ਼ ਸਿਰਫ ਸਰਕਾਰੀ ਹਸਪਤਾਲਾਂ 'ਚ ਕਰਵਾਉਣਾ ਚਾਹੀਦਾ ਹੈ। ਇਸ ਮੰਗ ਦੇ ਹੱਕ 'ਚ ਤਰਕ ਦਿੱਤਾ ਜਾ ਰਿਹਾ ਹੈ ਕਿ ਇਨ੍ਹਾਂ ਸਾਰੇ ਪ੍ਰਭਾਵਸ਼ਾਲੀ ਲੋਕਾਂ ਦੇ ਬੱਚਿਆਂ ਦੀ ਪੜ੍ਹਾਈ ਵੀ ਸਰਕਾਰੀ ਸਕੂਲਾਂ 'ਚ ਹੋਣੀ ਚਾਹੀਦੀ ਹੈ ਅਤੇ ਉਨ੍ਹਾਂ ਦੇ ਬੈਂਕ ਖਾਤੇ ਵੀ ਸਰਕਾਰੀ ਬੈਂਕਾਂ 'ਚ ਹੀ ਹੋਣੇ ਚਾਹੀਦੇ ਹਨ।ਲੋਕਾਂ ਦਾ ਕਹਿਣਾ ਹੈ ਕਿ ਅੱਜ ਕੱਲ ਜ਼ਿਆਦਾਤਰ ਨੇਤਾ ਅਤੇ ਵੱਡੇ ਅਫਸਰ ਪ੍ਰਾਈਵੇਟ ਹਸਪਤਾਲਾਂ ਅਤੇ ਸਕੂਲਾਂ ਦੀ ਵਰਤੋਂ ਕਰਦੇ ਹਨ, ਜਿਸ ਕਾਰਨ ਸਰਕਾਰੀ ਸੰਸਥਾਵਾਂ ਦੀ ਅਸਲ ਹਾਲਤ ਉਨ੍ਹਾਂ ਤੱਕ ਨਹੀਂ ਪਹੁੰਚਦੀ।ਜੇਕਰ ਇਹ ਸਾਰੇ ਲੋਕ ਸਰਕਾਰੀ ਸੰਸਥਾਵਾਂ 'ਤੇ ਨਿਰਭਰ ਹੋਣਗੇ ਤਾਂ ਉਨ੍ਹਾਂ ਨੂੰ ਆਮ ਲੋਕਾਂ ਦੀਆਂ ਦਰਪੇਸ਼ ਮੁਸ਼ਕਿਲਾਂ ਦਾ ਖੁਦ ਹੀ ਅਹਿਸਾਸ ਹੋਵੇਗਾ।

ਇਸ ਪ੍ਰਣਾਲੀ ਦੇ ਲਾਗੂ ਹੋਣ ਨਾਲ ਨਾ ਸਿਰਫ ਸਰਕਾਰੀ ਸੰਸਥਾਵਾਂ ਦੀ ਗੁਣਵੱਤਾ 'ਚ ਸੁਧਾਰ ਆਵੇਗਾ, ਬਲਕਿ ਸਰਕਾਰਾਂ ਨੂੰ ਹਸਪਤਾਲਾਂ ਦੇ ਇਲਾਜ਼ ਦੇ ਮਿਆਰ, ਸਕੂਲਾਂ ਦੀ ਸਿੱਖਿਆ ਅਤੇ ਬੈਂਕਾਂ ਦੇ ਵਤੀਰੇ ਬਾਰੇ ਪੁਖਤਾ ਜਾਣਕਾਰੀ ਮਿਲੇਗੀ।ਸਮਾਜਿਕ ਵਿਸ਼ਲੇਸ਼ਕਾਂ ਅਨੁਸਾਰ ਇਸ ਕਦਮ ਨਾਲ ਸਰਕਾਰ ਦੇ ਖਰਚਿਆਂ 'ਚ ਵੀ ਵੱਡੀ ਕਮੀ ਆਵੇਗੀ ਕਿਉਂਕਿ ਪ੍ਰਾਈਵੇਟ ਸਹੂਲਤਾਂ ਲਈ ਦਿੱਤੇ ਜਾਂਦੇ ਭਾਰੀ ਭੱਤੇ ਅਤੇ ਰੀਇੰਬਰਸਮੈਂਟ ਘਟ ਜਾਣਗੇ।ਇਹ ਨੀਤੀ ਸਰਕਾਰੀ ਪ੍ਰਣਾਲੀ 'ਚ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਵਧਾਉਣ 'ਚ ਮਦਦਗਾਰ ਸਾਬਤ ਹੋਵੇਗੀ ਅਤੇ ਜਦੋਂ ਜ਼ਿੰਮੇਵਾਰ ਲੋਕ ਖੁਦ ਇਹ ਸਹੂਲਤਾਂ ਵਰਤਣਗੇ ਤਾਂ ਉਹ ਸੁਧਾਰ ਕਰਨ ਲਈ ਵੀ ਮਜ਼ਬੂਰ ਹੋਣਗੇ।

**ਸਰਕਾਰੀ ਪ੍ਰਣਾਲੀ 'ਚ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਵਧੇਗੀ : ਜਮਾਲੀ**



ਸਮਾਜ ਸੇਵਕ ਸ਼ਰੀਫ ਜਮਾਲੀ ਨੇ ਕਿਹਾ ਕਿ ਇਹ ਪ੍ਰਣਾਲੀ ਲਾਗੂ ਹੋਣ ਨਾਲ ਸਰਕਾਰੀ ਸੰਸਥਾਵਾਂ 'ਚ ਪਾਰਦਰਸ਼ਤਾ ਅਤੇ ਜ਼ਿੰਮੇਵਾਰੀ ਦੋਵੇਂ ਵਧਣਗੇ।ਉਨ੍ਹਾਂ ਕਿਹਾ ਕਿ ਜਦੋਂ ਸਰਕਾਰੀ ਮੁਲਾਜ਼ਮ ਆਪਣੇ ਕੰਮਾਂ ਲਈ ਸਰਕਾਰੀ ਹਸਪਤਾਲਾਂ, ਸਕੂਲਾਂ ਅਤੇ ਬੈਂਕਾਂ 'ਤੇ ਨਿਰਭਰ ਹੋਣਗੇ ਤਾਂ ਉਨ੍ਹਾਂ ਦੀ ਕਾਰਗੁਜ਼ਾਰੀ 'ਚ ਵੀ ਸੁਧਾਰ ਆਵੇਗਾ।ਇਸ ਨਾਲ ਲੋਕਾਂ ਦਾ ਸਰਕਾਰੀ ਸੰਸਥਾਵਾਂ 'ਤੇ ਭਰੋਸਾ ਵੀ ਵਧੇਗਾ ਅਤੇ ਦੇਸ਼ ਦੀ ਪ੍ਰਸ਼ਾਸਨਿਕ ਪ੍ਰਣਾਲੀ ਹੋਰ ਮਜ਼ਬੂਤ ਬਣੇਗੀ।

**ਸਰਕਾਰੀ ਪ੍ਰਣਾਲੀ ਮਜ਼ਬੂਤ ਕਰਨ ਲਈ ਜ਼ਰੂਰੀ ਕਦਮ : ਸ਼ਮਾ ਫਾਰੂਕੀ**



ਸਾਬਕਾ ਕੌਂਸਲਰ ਸ਼ਮਾ ਫਾਰੂਕੀ ਨੇ ਕਿਹਾ ਕਿ ਦੇਸ਼ ਦੀ ਸਰਕਾਰੀ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇਹ ਬਹੁਤ ਜ਼ਰੂਰੀ ਹੈ ਕਿ ਜੋ ਵਿਅਕਤੀ ਸਰਕਾਰ ਤੋਂ ਤਨਖਾਹ ਲੈਂਦਾ ਹੈ, ਉਹ ਸਰਕਾਰੀ ਸਹੂਲਤਾਂ ਦੀ ਵਰਤੋਂ ਕਰੇ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ 'ਚ ਆਮ ਲੋਕ ਸਰਕਾਰੀ ਹਸਪਤਾਲਾਂ ਅਤੇ ਸਕੂਲਾਂ 'ਤੇ ਨਿਰਭਰ ਹਨ ਪਰ ਵੱਡੇ ਅਧਿਕਾਰੀ ਅਤੇ ਨੇਤਾ ਪ੍ਰਾਈਵੇਟ ਸੰਸਥਾਵਾਂ ਵੱਲ ਰੁਖ ਕਰਦੇ ਹਨ।

**ਸਰਕਾਰੀ ਸਕੂਲਾਂ ਅਤੇ ਹਸਪਤਾਲਾਂ ਦੀ ਗੁਣਵੱਤਾ ਵਧੇਗੀ : ਕਾਮਰੇਡ ਸੱਤਾਰ**



ਸੀਟੂ ਦੇ ਮਾਲੇਰਕੋਟਲਾ ਜ਼ਿਲਾ ਪ੍ਰਧਾਨ ਕਾਮਰੇਡ ਅਬਦੁੱਲ ਸੱਤਾਰ ਨੇ ਕਿਹਾ ਕਿ ਜੇਕਰ ਸਾਰੇ ਸਰਕਾਰੀ ਕਰਮਚਾਰੀ ਅਤੇ ਨੇਤਾ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ 'ਚ ਪੜ੍ਹਾਉਣ ਤਾਂ ਸਰਕਾਰੀ ਸਿੱਖਿਆ ਪ੍ਰਣਾਲੀ 'ਚ ਵੱਡਾ ਸੁਧਾਰ ਆ ਸਕਦਾ ਹੈ।ਉਨ੍ਹਾਂ ਕਿਹਾ ਕਿ ਜਦੋਂ ਸਮਾਜ ਦੇ ਪ੍ਰਭਾਵਸ਼ਾਲੀ ਲੋਕ ਸਰਕਾਰੀ ਸਕੂਲਾਂ ਨਾਲ ਜੁੜਨਗੇ ਤਾਂ ਸਕੂਲਾਂ ਦੀਆਂ ਸੁਵਿਧਾਵਾਂ ਅਤੇ ਪੜ੍ਹਾਈ ਦੇ ਮਿਆਰ ਨੂੰ ਸੁਧਾਰਨ ਲਈ ਵੀ ਵਧੇਰੇ ਧਿਆਨ ਦਿੱਤਾ ਜਾਵੇਗਾ।

**ਆਮ ਲੋਕਾਂ ਦੀਆਂ ਸਮੱਸਿਆਵਾਂ ਦੀ ਅਸਲੀ ਜਾਣਕਾਰੀ ਮਿਲੇਗੀ : ਰਾਜੇਸ਼**



ਐਡਵੋਕੇਟ ਰਾਜੇਸ਼ ਸ਼ਰਮਾਂ ਨੇ ਕਿਹਾ ਕਿ ਜੇ ਸਰਕਾਰੀ ਅਧਿਕਾਰੀ ਅਤੇ ਨੇਤਾ ਖੁਦ ਸਰਕਾਰੀ ਹਸਪਤਾਲਾਂ ਅਤੇ ਬੈਂਕਾਂ ਦੀ ਵਰਤੋਂ ਕਰਨਗੇ, ਤਾਂ ਉਨ੍ਹਾਂ ਨੂੰ ਆਮ ਲੋਕਾਂ ਦੀਆਂ ਮੁਸ਼ਕਿਲਾਂ ਦੀ ਅਸਲੀ ਜਾਣਕਾਰੀ ਮਿਲੇਗੀ।ਉਨ੍ਹਾਂ ਕਿਹਾ ਕਿ ਕਈ ਵਾਰ ਕਾਗਜ਼ਾਂ 'ਚ ਸਭ ਕੁਝ ਠੀਕ ਦਿਖਾਇਆ ਜਾਂਦਾ ਹੈ ਪਰ ਜ਼ਮੀਨੀ ਹਕੀਕਤ ਕੁਝ ਹੋਰ ਹੁੰਦੀ ਹੈ।















**ਅਦਾਰਾ ਪੰਜਾਬੀ ਰੰਗ ਦੇ ਸਮੂਹ ਪਰਿਵਾਰ ਵੱਲੋਂ ਈਦ ਉਲ ਅਜ਼ਹਾ ਦੀਆ ਲੱਖ-ਲੱਖ ਵਧਾਈਆ**



ਸ਼ਹਾਬੁਦੀਨ
ਮੁੱਖ ਸੰਪਾਦਕ



ਸਲਾਮਦੀਨ
ਇੰਡਸਟਰੀ ਲਿਸਟ



ਮੁਹੰਮਦ ਦਾਨਿਸ਼
ਇੰਡਸਟਰੀ ਲਿਸਟ



ਮੁਹੰਮਦ ਅਨਸਬ
ਸਹਾਇਕ ਇੰਚਾਰਜ ਪੰਜਾਬੀ ਰੰਗ



ਮੁਹੰਮਦ ਅਜ਼ਹਾਨ



ਅਲੀਸ਼ਾ

# ਪੰਜਾਬ 2027 : ਛੇ ਕੋਨੀ ਸਿਆਸੀ ਜੰਗ ਦੀ ਤਿਆਰੀ ਲਈ ਮੈਦਾਨ ਭਖਣਾ ਸ਼ੁਰੂ

## ਭਾਜਪਾ ਦੀਆਂ ਵੱਡੀਆਂ ਦਾਅਵੇਦਾਰੀਆਂ, ਪਰ ਪੰਜਾਬ ਦੀ ਹਕੀਕਤ ਵੱਖਰੀ ਗਠਜੋੜ ਬਣ ਸਕਦੇ ਨੇ ਚੋਣਾਂ ਦੇ ਫੈਸਲਾਕੁੰਨ ਤੱਤ



ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪੰਜਾਬ 'ਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਸਿਆਸੀ ਸਰਗਰਮੀਆਂ ਹੁਣੇ ਤੋਂ ਹੀ ਚਰਮ 'ਤੇ ਪਹੁੰਚਦੀਆਂ ਨਜ਼ਰ ਆ ਰਹੀਆਂ ਹਨ।ਸੂਬੇ ਦੀਆਂ ਮੁੱਖ ਅਤੇ ਛੋਟੀਆਂ ਪਾਰਟੀਆਂ ਆਪਣੇ-ਆਪਣੇ ਪੱਖ ਨੂੰ ਮਜ਼ਬੂਤ ਕਰਨ ਅਤੇ ਵੋਟਰਾਂ ਨਾਲ ਸਿੱਧਾ ਸੰਪਰਕ ਬਣਾਉਣ 'ਚ ਜੁਟੀਆਂ ਹੋਈਆਂ ਹਨ।ਇਸ ਵਾਰ ਦੀ ਸਿਆਸੀ ਜੰਗ ਸਿਰਫ ਰਵਾਇਤੀ ਪਾਰਟੀਆਂ ਤੱਕ ਸੀਮਿਤ ਨਹੀਂ ਰਹੇਗੀ, ਸਗੋਂ ਨਵੇਂ ਧੜਿਆਂ ਅਤੇ ਆਜ਼ਾਦ ਰਾਜਨੀਤਿਕ ਧਿਰਾਂ ਦੀ ਭੂਮਿਕਾ ਵੀ ਕਾਫੀ ਅਹਿਮ ਰਹਿਣ ਦੀ ਸੰਭਾਵਨਾਂ ਹੈ।ਭਾਵੇਂ ਪੱਛਮੀ ਬੰਗਾਲ ਸੂਬਾ ਭੂਗੋਲਿਕ ਤੌਰ 'ਤੇ ਪੰਜਾਬ ਤੋਂ ਕਾਫੀ ਦੂਰ ਹੈ, ਪਰ ਉਥੋਂ ਦੇ ਹਾਲੀਆਂ ਵਿਧਾਨ ਸਭਾ ਨਤੀਜ਼ਿਆਂ ਨੇ ਸਾਰੇ ਦੇਸ਼ ਦੀ ਰਾਜਨੀਤੀ ਨੂੰ ਨਵੀਂ ਦਿਸ਼ਾ ਦਿੱਤੀ ਹੈ। ਮਮਤਾ ਬੈਨਰਜ਼ੀ ਦੀ ਲੰਬੇ ਸਮੇਂ ਤੱਕ ਚੱਲੀ ਸਰਕਾਰ ਨੂੰ ਹਟਾਉਣ ਵਾਲੀ ਭਾਜਪਾ ਹੁਣ ਇਸੇ ਮਾਡਲ ਨੂੰ ਪੰਜਾਬ 'ਚ ਲਾਗੂ ਕਰਨ ਦੇ ਸੁਪਨੇ ਦੇਖ ਰਹੀ ਹੈ।ਹਾਲਾਂਕਿ ਪੰਜਾਬ ਦੇ ਰਾਜਨੀਤਿਕ ਹਾਲਾਤ ਬੰਗਾਲ ਨਾਲੋਂ ਬਿਲਕੁਲ ਵੱਖਰੇ ਹਨ, ਜਿਥੇ ਜਾਤੀ ਧਾਰਮਿਕ ਅਤੇ ਖੇਤਰੀ ਸਮੀਕਰਨ ਵੱਖਰੀ ਤਰ੍ਹਾਂ ਕੰਮ ਕਰਦੇ ਹਨ।ਪੰਜਾਬ 'ਚ ਇਸ ਸਮੇਂ ਸਿਆਸੀ ਮੈਦਾਨ ਕਾਫੀ ਵੰਡਿਆਂ ਹੋਇਆ ਦਿਖਾਈ ਦੇ ਰਿਹਾ ਹੈ। ਕਾਂਗਰਸ, ਆਮ ਆਦਮੀ ਪਾਰਟੀ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਵਰਗੀਆਂ ਵੱਡੀਆਂ ਪਾਰਟੀਆਂ ਦੇ ਨਾਲ-ਨਾਲ, ਵਾਰਸ ਪੰਜਾਬ ਦੇ, ਅਕਾਲੀ ਦਲ (ਪੁਨਰ ਸੁਰਜੀਤ), ਅਕਾਲੀ ਦਲ (ਅੰਮ੍ਰਿਤਸਰ) ਅਤੇ ਬਸਪਾ ਵਰਗੀਆਂ ਧਿਰਾਂ ਵੀ ਕਾਫੀ ਸਰਗਰਮ ਹਨ।ਇਸ ਸਥਿਤੀ ਨੂੰ ਦੇਖਦਿਆਂ ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ 2027 'ਚ ਘੱਟੋ-ਘੱਟ 6 ਕੋਨਾ ਮੁਕਾਬਲਾ ਦੇਖਣ ਨੂੰ ਮਿਲ ਸਕਦਾ ਹੈ, ਜੋ ਸਿਆਸੀ ਮਾਹੌਲ ਨੂੰ ਕਾਫੀ ਗੁੰਝਲਦਾਰ ਬਣਾ ਸਕਦਾ ਹੈ।

### ਗੱਠਜੋੜਾਂ ਦੀ ਸੰਭਾਵਨਾ

**ਗਠਜੋੜ ਦੀ ਸੰਭਾਵਨਾਂ**

ਚੋਣਾਂ ਦੇ ਨੇੜੇ ਆਉਂਦਿਆਂ ਹੀ ਗਠਜੋੜ ਸਿਆਸਤ ਮੁੜ ਕੇਂਦਰ 'ਚ ਆ ਸਕਦੀ ਹੈ।ਭਾਜਪਾ ਵੱਲੋਂ ਕਿਸੇ ਅਕਾਲੀ ਧੜੇ ਨਾਲ ਕਥਿਤ ਹੱਥ ਮਿਲਾਉਣ ਦੀ ਇੱਛਾ ਜ਼ਾਹਿਰ ਕੀਤੀ ਜਾ ਰਹੀ ਹੈ।ਹੁਣ ਭਾਜਪਾ ਦਾ ਧਿਆਨ ਪੰਜਾਬ ਅੰਦਰਲੇ ਸਰਗਰਮ ਅਕਾਲੀ ਧੜਿਆਂ ਦੀ ਲੋਕਪ੍ਰਿਯਤਾ ਨੂੰ ਭਾਂਪਣ ਵੱਲ ਲੱਗਾ ਹੋਇਆ ਹੈ।ਚੋਣਾਂ ਦੇ ਨੇੜੇ ਜਾ ਕੇ ਭਾਜਪਾ ਆਪਣਾ ਪੈਮਾਨਾਂ ਲਾਵੇਗੀ ਕਿ ਕਿਹੜੇ ਅਕਾਲੀ ਧੜੇ ਵੱਲ ਸਿੱਖ ਵੋਟਰਾਂ ਦਾ ਜ਼ਿਆਦਾ ਝੁਕਾਅ ਹੈ, ਉਸੇ ਧੜੇ ਵੱਲ ਹੀ ਭਾਜਪਾ ਆਪਣਾ ਹੱਥ ਵਧਾਏਗੀ।ਰਾਜਨੀਤਿਕ ਦ੍ਰਿਸ਼ ਇਸ਼ਾਰਾ ਕਰਦੇ ਹਨ ਕਿ ਵੋਟਾਂ ਦੀ ਵੰਡ ਇਸ ਵਾਰ ਹੋਰ ਵੀ ਜ਼ਿਆਦਾ ਟੁਕੜਿਆਂ 'ਚ ਹੋ ਸਕਦੀ ਹੈ।

ਮੌਜ਼ੂਦਾ ਸਮੇਂ 'ਚ ਜੇਕਰ ਇਹ ਕਹਿ ਲਿਆ ਜਾਵੇ ਕਿ ਪੰਜਾਬ ਦੀ ਰਾਜਨੀਤੀ ਇਸ ਵੇਲੇ ਇਕ ਅਜਿਹੇ ਮੋੜ 'ਤੇ ਖੜ੍ਹੀ ਹੈ ਜਿਥੇ ਕੋਈ ਵੀ ਪਾਰਟੀ ਆਸਾਨੀ ਨਾਲ ਜਿੱਤ ਦਾ ਦਾਅਵਾ ਨਹੀਂ ਕਰ ਸਕਦੀ, ਅਤਿ ਕਥਨੀ ਨਹੀਂ ਹੋਵੇਗੀ।ਬਹੁਕੋਨੀ ਮੁਕਾਬਲੇ ਕਾਰਨ ਵੋਟਾਂ ਦੀ ਵੰਡ ਹੋਵੇਗੀ ਅਤੇ ਛੋਟੀਆਂ ਪਾਰਟੀਆਂ ਜਾਂ ਗਠਜੋੜ ਵੀ "ਕਿੰਗਮੇਕਰ" ਦੀ ਭੂਮਿਕਾ ਨਿਭਾਅ ਸਕਦੇ ਹਨ।ਜੇਕਰ ਕਿਸੇ ਨਵੀਂ ਰਾਜਨੀਤਿਕ ਧਿਰ ਨੇ ਅਚਾਨਕ ਮੈਦਾਨ 'ਚ ਦਸਤਕ ਦਿੱਤੀ, ਤਾਂ ਇਹ ਸਿਆਸੀ ਯੁੱਧ ਹੋਰ ਵੀ ਰੌਚਕ ਅਤੇ ਅਣਕਿਆਸਿਆ ਹੋ ਸਕਦਾ ਹੈ।

# ਮਾਹਿਰਾਂ ਨੇ ਖੋਲ੍ਹਿਆਂ ਰਾਜ਼ : ਭੁੱਖ ਲੱਗਦਿਆਂ ਹੀ ਬਦਲ ਜਾਂਦਾ ਹੈ ਇਨਸਾਨ ਦਾ ਮਿਜ਼ਾਜ, ਖਾਲੀ ਪੇਟ ਵਿਗੜਦੈ ਦਿਮਾਗ ਦਾ ਸੰਤੁਲਨ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਅਕਸਰ ਦੇਖਿਆ ਜਾਂਦਾ ਹੈ ਕਿ ਜਦੋਂ ਕਿਸੇ ਵਿਅਕਤੀ ਨੂੰ ਜ਼ਿਆਦਾ ਭੁੱਖ ਲੱਗਦੀ ਹੈ ਤਾਂ ਉਸਦਾ ਸੁਭਾਅ ਅਚਾਨਕ ਬਦਲ ਜਾਂਦਾ ਹੈ।ਛੋਟੀਆਂ-ਛੋਟੀਆਂ ਗੱਲਾਂ 'ਤੇ ਚਿੜਚਿੜਾਪਨ, ਬੇਵਜ੍ਹਾ ਗੁੱਸਾ ਅਤੇ ਦੂਜਿਆਂ ਨਾਲ ਉਲਝਣ ਦੀ ਪ੍ਰਵਿਰਤੀ ਵੱਧ ਜਾਂਦੀ ਹੈ।ਮਾਹਿਰਾਂ ਦਾ ਕਹਿਣਾ ਹੈ ਕਿ ਇਹ ਕੋਈ ਮਾਨਸਿਕ ਸਮੱਸਿਆ ਨਹੀਂ, ਸਗੋਂ ਸਰੀਰ ਨਾਲ ਜੁੜਿਆ ਇਕ ਵਿਗਿਆਨਕ ਕਾਰਨ ਹੈ, ਜਿਸਨੂੰ ਨਜ਼ਰ ਅੰਦਾਜ਼ ਕਰਨਾ ਠੀਕ ਨਹੀਂ। ਡਾਕਟਰਾਂ ਮੁਤਾਬਕ ਲੰਬੇਂ ਸਮੇਂ ਤੱਕ ਕੁਝ ਨਾ ਖਾਣ 'ਤੇ ਖੂਨ 'ਚ ਮੌਜੂਦ ਸ਼ੂਗਰ ਯਾਨੀ ਗੁਲੂਕੋਜ਼ ਦਾ ਪੱਧਰ ਤੇਜ਼ੀ ਨਾਲ ਡਿੱਗਣ ਲੱਗਦਾ ਹੈ।ਗੁਲੂਕੋਜ਼ ਦਿਮਾਗ ਦੀ ਮੁੱਖ ਉਰਜਾ ਹੈ।ਜਿਵੇਂ ਹੀ ਇਸ ਦਾ ਪੱਧਰ ਘੱਟਦਾ ਹੈ, ਦਿਮਾਗ ਦੀ ਕਾਰਜ਼ਕੁਸ਼ਲਤਾ ਪ੍ਰਭਾਵਿਤ ਹੋਣ ਲੱਗਦੀ ਹੈ ਅਤੇ ਵਿਅਕਤੀ ਆਪਣੇ ਵਿਵਹਾਰ 'ਤੇ ਕੰਟਰੌਲ ਖੋਹ ਬੈਠਦਾ ਹੈ।ਦਿਮਾਗ ਤੇ ਭਾਵਨਾਵਾਂ 'ਤੇ ਸਿੱਧਾ ਅਸਰਮਾਹਿਰ ਦੱਸਦੇ ਹਨ ਕਿ ਘੱਟ ਗੁਲੂਕੋਜ਼ ਦਾ ਅਸਰ ਸਿਰਫ ਸਰੀਰਕ ਕਮਜ਼ੋਰੀ ਤੱਕ ਸੀਮਤ ਨਹੀਂ ਰਹਿੰਦਾ, ਸਗੋਂ ਇਹ ਭਾਵਨਾਵਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ।ਅਜਿਹੇ 'ਚ ਵਿਅਕਤੀ ਨੂੰ ਗੁੱਸਾ ਜਲਦੀ ਆਉਂਦਾ ਹੈ, ਸਬਰ ਘੱਟ ਹੋ ਜਾਂਦਾ ਹੈ ਅਤੇ ਛੋਟੀ ਗੱਲ ਵੀ ਵੱਡੀ ਲੱਗਣ ਲਗਦੀ ਹੈ।ਇਹੀ ਕਾਰਨ ਹੈ ਕਿ ਭੁੱਖ ਦੇ ਨਾਲ ਹਮਲਾਵਰਤਾ ਅਤੇ ਬੇਚੈਨੀ ਵਧਦੀ ਦਿਖਾਈ ਦਿੰਦੀ



ਹੈ।ਇਸ ਹਾਲਤ 'ਚ ਵਿਅਕਤੀ ਨੂੰ ਬਹੁਤ ਜ਼ਿਆਦਾ ਥਕਾਵਟ ਮਹਿਸੂਸ ਹੁੰਦੀ ਹੈ, ਨੀਂਦ ਆਉਣ ਲੱਗਦੀ ਹੈ ਅਤੇ ਕਿਸੇ ਕੰਮ 'ਤੇ ਧਿਆਨ ਕੇਂਦਰਿਤ ਕਰਨਾ ਮੁਸ਼ਕਿਲ ਹੋ ਜਾਂਦਾ ਹੈ।ਸਰੀਰ ਦਾ ਸੰਤੁਲਨ ਵਿਗੜ ਸਕਦਾ ਹੈ ਅਤੇ ਰੋਜ਼ਾਨਾਂ ਦੇ ਕੰਮਾਂ 'ਚ ਗਲਤੀਆਂ ਹੋਣ ਦੀ ਸੰਭਾਵਨਾਂ ਵੀ ਵੱਧ ਜਾਂਦੀ ਹੈ।ਵਿਗਿਆਨਕ ਅਧਿਐਨ ਤੋਂ ਹੋਇਆ ਖੁਲਾਸਾਜਰਮਨੀ ਦੀਆਂ ਕਈ ਯੂਨੀਵਰਸਿਟੀ ਵੱਲੋਂ ਕੀਤੇ ਗਏ ਸਾਂਝੇ ਅਧਿਐਨ 'ਚ ਸਾਹਮਣੇ ਆਇਆ ਹੈ ਕਿ ਭੁੱਖ ਲੱਗਣ 'ਤੇ ਸਰੀਰ 'ਚ ਤਣਾਅ ਅਤੇ ਖਤਰੇ ਨਾਲ ਜੁੜੇ ਹਾਰਮੋਨਜ਼ ਸਰਗਰਮ ਹੋ ਜਾਂਦੇ ਹਨ।ਇਨਾਂ ਹਾਰਮੋਨਜ਼ ਦਾ ਕੰਮ ਖੂਨ 'ਚ ਗੁਲੂਕੋਜ਼ ਦੇ ਪੱਧਰ ਨੂੰ ਫਿਰ ਸੰਤੁਲਿਤ ਕਰਨਾ ਹੁੰਦਾ ਹੈ ਪਰ ਇਸੇ ਪ੍ਰਕਿਰਿਆ 'ਚ ਕੁਝ ਲੋਕਾਂ ਅੰਦਰ ਗੁੱਸੇ ਅਤੇ ਹਮਲਾਵਰਤਾ ਦੀ ਪ੍ਰਵਿਰਤੀ ਵੱਧ ਸਕਦੀ ਹੈ।

ਡਾਕਟਰਾਂ ਦਾ ਕਹਿਣਾ ਹੈ ਕਿ ਹਰ ਵਿਅਕਤੀ 'ਤੇ ਭੁੱਖ ਦਾ ਅਸਰ ਇਕੋ ਜਿਹਾ ਨਹੀਂ ਹੁੰਦਾ।ਜਿਹੜੇ ਲੋਕਾਂ ਨੂੰ ਪਹਿਲਾਂ ਹੀ ਸ਼ੂਗਰ, ਕਮਜ਼ੋਰੀ ਜਾਂ ਹੋਰ ਬੀਮਾਰੀਆਂ ਹਨ, ਉਨ੍ਹਾਂ 'ਚ ਇਹ ਸਮੱਸਿਆ ਜ਼ਿਆਦਾ ਗੰਭੀਰ ਰੂਪ ਲੈ ਸਕਦੀ ਹੈ।ਇਸ ਤੋਂ ਇਲਾਵਾ ਜਿਹੜੇ ਲੋਕ ਲੰਬੇ ਸਮੇਂ ਤੱਕ ਖਾਲੀ ਪੇਟ ਰਹਿੰਦੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਸਾਵਧਾਨੀ ਵਰਤਣੀ ਚਾਹੀਦੀ ਹੈ।ਸੰਤੁਲਿਤ ਭੋਜਨ ਨਾਲ ਸੁਧਰਦਾ ਹੈ ਵਿਵਹਾਰਡਾਕਟਰ ਸਲਾਹ ਦਿੰਦੇ ਹਨ ਕਿ ਸਾਰੇ ਦਿਨ ਦੇ ਕੰਮ ਦੌਰਾਨ ਹਲਕਾ ਅਤੇ ਪੋਸ਼ਟਿਕ ਆਹਾਰ ਲੈਂਦੇ ਰਹਿਣਾ ਚਾਹੀਦਾ ਹੈ।ਨਾਸ਼ਤਾ, ਦੁਪਹਿਰ ਅਤੇ ਰਾਤ ਦੇ ਭੋਜਨ ਦਾ ਸਮਾਂ ਤੈਅ ਰੱਖੋ।ਬਹੁਤ ਜ਼ਿਆਦਾ ਤਲਿਆ-ਭੁੰਨਿਆਂ, ਮਿੱਠਾ ਅਤੇ ਜੰਕ ਫੂਡ ਖਾਣ ਤੋਂ ਬਚੋ ਕਿਉਂਕਿ ਇਸ ਨਾਲ ਸ਼ੁਗਰ ਲੈਬਲ 'ਚ ਅਚਾਨਕ ਉਤਾਰ-ਚੜ੍ਹਾਅ ਹੋ ਸਕਦਾ ਹੈ।ਮਾਹਿਰਾਂ ਦਾ ਕਹਿਣਾ ਹੈ ਕਿ ਨਿਯਮਿਤ ਅਤੇ ਸੰਤੁਲਿਤ ਖਾਣ-ਪੀਣ ਨਾਲ ਨਾ ਸਿਰਫ ਸਰੀਰ ਤੰਦਰੁਸਤ ਰਹਿੰਦਾ ਹੈ, ਸਗੋਂ ਮਾਨਸਿਕ ਸੰਤੁਲਨ ਵੀ ਬਣਿਆ ਰਹਿੰਦਾ ਹੈ।ਸਮੇਂ ਸਿਰ ਭੋਜਨ ਕਰਨ ਨਾਲ ਗੁੱਸਾ, ਚਿੜਚਿੜਾਪਨ ਅਤੇ ਵਿਵਹਾਰ 'ਚ ਆਉਣ ਵਾਲੇ ਬਦਲਾਅ ਤੋਂ ਕਾਫੀ ਹੱਦ ਤੱਕ ਬਚਿਆ ਜਾ ਸਕਦਾ ਹੈ

# ਪੁੱਛਿਆ ਦੇਣ ਵਾਲੇ ਅਖੌਤੀ ਬਾਬੇ ਤੇ ਸਿਆਣੇ, ਦੁੱਖਾਂ ਦੇ ਸਤਾਏ ਭੋਲੇ-ਭਾਲੇ ਲੋਕਾਂ ਦੀ ਦੋਵੇਂ ਹੱਥੀ ਕਰਦੇ ਹਨ ਭਾਰੀ ਆਰਥਿਕ ਲੁੱਟ

## ਬੇ-ਔਲਾਦੇ ਲੋਕਾਂ ਨੂੰ ਮੁੰਡੇ ਵੰਡਣ ਵਾਲੇ ਕੁਝ ਅਖੌਤੀ ਸਾਧੂ ਲੋਕਾਂ ਤੋਂ ਭਰਾਉਂਦੇ ਨੇ ਚੌਂਕੀਆਂ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਪੰਜਾਬ ਦੇ ਪਿੰਡਾਂ ਕਸਬਿਆਂ ਅਤੇ ਸ਼ਹਿਰਾਂ 'ਚ ਲਗਾਤਾਰ ਅਖੌਤੀ ਬਾਬਿਆਂ, ਤਾਂਤਰਿਕਾ ਅਤੇ ਪੁੱਛਿਆ ਦੇਣ ਵਾਲੇ ਅਖੌਤੀ ਸਿਆਣਿਆਂ ਆਦਿ ਕੁਝ ਚਲਾਕ ਕਿਸਮ ਦੇ ਲੋਕਾਂ ਵੱਲੋਂ ਭੋਲੀ-ਭਾਲੀ ਜਨਤਾ ਨੂੰ ਪੂਜਾ, ਭਗਤੀਆਂ, ਭੇਟਾਂ, ਚੌਂਕੀਆਂ, ਚਮਤਕਾਰਾਂ ਆਦਿ ਦੇ ਚੱਕਰ 'ਚ ਪਾ ਕੇ ਆਪਣਾ ਚੰਗਾ ਤੋਰੀ ਫੁਲਕਾ ਚਲਾਇਆ ਹੋਇਆ ਹੈ।ਪੰਜਾਬ 'ਚ ਤਾਂਤਰਿਕਾਂ ਜੋਤਸ਼ੀਆਂ ਅਤੇ ਅਖੌਤੀ ਬਾਬਿਆਂ ਦੇ ਡੇਰਿਆਂ ਵੱਲੋਂ ਫੈਲਾਏ ਜਾ ਰਹੇ ਅੰਧ ਵਿਸ਼ਵਾਸਾਂ ਦੇ ਜਾਲ 'ਚ ਬਹੁਗਿਣਤੀ ਲੀਡਰ, ਵਪਾਰੀ ਅਤੇ ਆਮ ਵਿਅਕਤੀ ਫਸਿਆ ਹੋਇਆ ਨਜ਼ਰ ਆਉਂਦਾ ਹੈ। ਆਮ ਤੌਰ 'ਤੇ ਕਈ ਤਾਂ ਘਰੋਂ ਭੁੱਖੇ ਮਰਦੇ ਆਪਣੀ ਰੋਟੀ-ਟੁੱਕ ਦਾ ਜੁਗਾੜ ਕਰਨ ਲਈ ਕਿਸੇ ਨਾ ਕਿਸੇ ਡੇਰੇ ਦੇ ਮੁਖੀ ਬਣ ਕੇ ਲੋਕਾਂ ਨੂੰ ਮੂਰਖ ਬਣਾ ਰਹੇ ਹਨ, ਪਰ ਅੱਜ-ਕੱਲ ਬੇਰੁਜ਼ਗਾਰੀ ਤੇ ਨਸ਼ਿਆਂ ਦੇ ਭੰਨੇ ਹੋਏ ਪੜ੍ਹੇ-ਲਿਖੇ ਵਿਗੜੇ ਕਾਕੇ ਵੀ ਭਗਵੇਂ ਕੱਪੜੇ ਪਾ ਕੇ ਆਪਣੇ ਆਪ ਨੂੰ ਪਹੁੰਚੇ ਹੋਏ ਸੰਤ-ਬਾਬੇ ਸਥਾਪਿਤ ਕਰਨ ਲਈ ਹੱਥ-ਪੈਰ ਮਾਰ ਰਹੇ ਹਨ ਤੇ ਦਿਨੋ-ਦਿਨ ਇਨ੍ਹਾਂ ਦੀ ਗਿਣਤੀ ਵੱਧਦੀ ਜਾ ਰਹੀ ਹੈ।ਪੰਜਾਬ ਦੇ ਮੀਡੀਆ ਖੇਤਰ ਅਤੇ ਸਮਾਜ 'ਚ ਤਾਂਤਰਿਕਾਂ ਅਤੇ ਜੋਤਸ਼ੀਆਂ ਦੀ ਇਸ਼ਤਿਹਾਰਬਾਜ਼ੀ ਦਾ ਸਲਾਨਾਂ ਬਜਟ ਮੱਧ ਵਰਗੀ ਫੈਕਟਰੀਆਂ ਦੇ ਮਾਲਕਾਂ ਵੱਲੋਂ ਕੀਤੀ ਜਾ ਰਹੀ ਇਸ਼ਤਿਹਾਰਬਾਜ਼ੀ ਤੋਂ ਵੀ ਵੱਧ ਹੈ।ਲੁਧਿਆਣਾ ਵਰਗੇ ਵੱਡੇ ਸ਼ਹਿਰ 'ਚ ਤਾਂ ਇਨ੍ਹਾਂ ਅਖੌਤੀ ਬਾਬਿਆਂ ਵੱਲੋਂ ਲੋਕਾਂ ਦੀ ਆਰਥਿਕ ਲੁੱਟ ਕਰਨ ਲਈ ਮੁੱਖ ਚੌਂਕਾਂ 'ਚ ਆਪਣੇ ਦਫਤਰ ਖੋਲ੍ਹ ਕੇ ਵੱਡੇ-ਵੱਡੇ ਫਲੈਕਸ ਬੋਰਡ ਤੱਕ ਲਗਾ ਰੱਖੇ ਹਨ।

ਇਨ੍ਹਾਂ ਅਖੌਤੀ ਬਾਬਿਆਂ ਬਾਰੇ ਇੱਕਤਰ ਕੀਤੀ ਜਾਣਕਾਰੀ ਨਾਲ ਹੈਰਾਨੀਜਨਕ ਅਤੇ ਦਿਲਚਸਪ ਤੱਥ ਵੀ ਉਭਰ ਕੇ ਸਾਹਮਣੇ ਆਏ ਹਨ।ਇਹ ਭੇਖੀ ਸਾਧ ਨਾ ਸਿਰਫ ਲੋਕਾਂ ਦਾ ਮਾਨਸਿਕ ਸੋਸ਼ਣ ਕਰਦੇ ਹਨ, ਸਗੋਂ ਭਾਰੀ ਆਰਥਿਕ ਲੁੱਟ ਵੀ ਕਰਦੇ ਹਨ।ਭੋਲੀ-ਭਾਲੀ ਗਰੀਬ ਜਨਤਾ ਦਾ ਇਨ੍ਹਾਂ ਦੇ ਜਾਲ 'ਚ ਸੱਭ ਤੋਂ ਵੱਧ ਫਸਣ ਦਾ ਕਾਰਨ ਆਰਥਿਕ ਕਮਜ਼ੋਰੀਆਂ ਤੇ ਮਹਿੰਗੇ ਡਾਕਟਰੀ ਇਲਾਜ਼ ਨਾ ਕਰਵਾ ਸਕਣਾ ਵੀ ਮੁੱਖ ਹਨ।ਧਰਮ ਪ੍ਰਚਾਰ ਦੇ ਨਾਂ 'ਤੇ ਇਨ੍ਹਾਂ ਅਖੌਤੀ ਬਾਬਿਆਂ ਵੱਲੋਂ ਬਹੁਤ ਸਾਰੇ ਡੇਰੇ ਸਥਪਿਤ ਕੀਤੇ ਜਾ ਰਹੇ ਹਨ। ਇਨ੍ਹਾਂ ਡੇਰਿਆਂ ਦਾ ਖਤਰਨਾਕ ਪਹਿਲੂ ਇਹ ਹੈ ਕਿ ਇਨ੍ਹਾਂ ਲਈ ਜਗ੍ਹਾ ਦੀ ਚੋਣ ਵਧੇਰੇ ਕਰਕੇ ਇਤਿਹਾਸਕ ਮਹੱਤਤਾ ਵਾਲੇ



ਧਾਰਮਿਕ ਸਥਾਨਾਂ ਦੇ ਨੇੜੇ-ਤੇੜੇ ਕੀਤੀ ਜਾਂਦੀ ਹੈ।ਜਿਥੇ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਆਪਣੀ ਹਾਜ਼ਰੀ ਲਵਾਉਂਦੇ ਹਨ।ਇਨਾਂ ਸ਼ਰਧਾਲੂਆਂ ਨੂੰ ਆਪਣੇ ਵੱਲ ਆਕਰਸ਼ਿਤ ਕਰਨਾ ਹੀ ਇਨ੍ਹਾਂ ਡੇਰਿਆਂ 'ਤੇ ਬੈਠੇ ਅਖੌਤੀ ਸਾਧੂਆਂ ਦਾ ਮੁੱਖ ਮਕਸਦ ਹੁੰਦਾ ਹੈ।

ਕੁਝ ਸਮਾਂ ਪਹਿਲਾਂ ਪ੍ਰਸਿੱਧੀ ਹਾਸਲ ਕਰਨ ਵਾਲੇ ਕੁਝ ਅਖੋਤੀ ਬਾਬਿਆਂ ਦੇ ਜੀਵਨ ਪਿਛੋਕੜ ਬਾਰੇ ਪਤਾ ਕਰਨ 'ਤੇ ਸਾਹਮਣੇ ਆਇਆ ਕਿ ਇਸ ਗੋਰਖ ਧੰਦੇ ਵਾਲੇ ਪਾਸੇ ਆਉਣ ਤੋਂ ਪਹਿਲਾਂ ਉਨ੍ਹਾਂ ਦਾ ਜੀਵਨ ਰੁਤਬਾ ਬਹੁਤਾ ਚੰਗਾ ਨਹੀਂ ਸੀ, ਸਗੋਂ ਕਈ ਬਾਬੇ ਤਾਂ ਬੇਰੁਜ਼ਗਾਰੀ ਨੇ ਇਸ ਕਦਰ ਸਤਾਏ ਹੋਏ ਸਨ ਕਿ ਉਨ੍ਹਾਂ ਨੂੰ ਕੋਈ ਦਿਹਾੜੀ ਮਜ਼ਦੂਰੀ ਲਈ ਵੀ ਨਹੀਂ ਸੀ ਲਿਜਾਂਦਾ ਪਰ ਹੁਣ ਅਖੌਤੀ ਸੰਤ ਬਣਕੇ ਸੰਗਤਾਂ ਨੂੰ ਪ੍ਰਵਚਨ ਕਰ ਰਹੇ ਹਨ ਤੇ ਵਧੀਆ ਠਾਠ-ਬਾਠ ਦੀ ਜ਼ਿੰਦਗੀ ਜਿਉਂਦੇ ਹੋਏ ਹਰ ਸਮੇਂ ਆਪਣੇ ਸੱਤ ਸੰਗੀਆਂ ਤੋਂ ਗੋਡੇ ਘੁਟਵਾਉਂਦੇ ਹੋਏ ਨਜ਼ਰੀ ਆਉਂਦੇ ਹਨ।

ਇਨ੍ਹਾਂ 'ਚੋਂ ਕਈ ਬਾਬਿਆਂ ਵੱਲੋਂ ਵੱਖ-ਵੱਖ ਬੀਮਾਰੀਆਂ ਦੇ ਪੁੱਠੇ-ਸਿੱਧੇ ਇਲਾਜ ਵੀ ਕੀਤੇ ਜਾ ਰਹੇ ਹਨ।ਬੇ-ਔਲਾਦੇ ਲੋਕਾਂ ਨੂੰ ਮੁੰਡੇ ਵੰਡਣ ਵਾਲੇ ਕੁਝ ਅਖੌਤੀ ਸਾਧੂਆਂ ਵੱਲੋਂ ਚੌਂਕੀਆਂ ਭਰਵਾਉਣ ਤੋਂ ਇਲਾਵਾ ਗਰਭਵਤੀ ਔਰਤਾਂ ਨੂੰ ਸਵਾਹ-ਖੇਹ ਪੀਸ-ਪੀਸ ਕੇ ਦਵਾਈਆਂ ਦੀਆਂ ਪੂੜੀਆਂ ਵੀ ਦਿੱਤੀਆਂ ਜਾਂਦੀਆਂ ਹਨ ਤੇ ਨੌਜਵਾਨਾਂ ਨੂੰ ਆਪਣੇ ਪਿੱਛੇ ਲਾਉਣ ਲਈ ਮਰਦਾਨਾਂ ਤਾਕਤ ਵਧਾਉਣ ਵਾਲੇ ਆਪ ਹੀ ਤਿਆਰ ਕੀਤੇ ਨਸ਼ਿਆਂ ਦੇ ਭਰੇ ਕੈਪਸੂਲ ਦੇ ਕੇ ਉਨ੍ਹਾਂ ਦੀ ਜਵਾਨੀ ਨੂੰ ਨਸ਼ਿਆਂ 'ਤੇ ਲਾ ਕੇ ਬਰਬਾਦ ਕੀਤਾ ਜਾ ਰਿਹਾ ਹੈ।

ਕੁਝ ਦਿਨਾਂ ਤੋਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਵੀਡੀਓ 'ਚ ਇੱਕ ਲੜਕੀ ਅਜਿਹੇ ਅਖੋਤੀ ਬਾਬੇ ਦੀਆਂ ਕਰਤੂਤਾਂ ਦਾ ਖੁਲਾਸਾ ਕਰਦੇ ਹੋਏ ਦੱਸ ਰਹੀ ਹੈ ਕਿ ਕਿਸ ਤਰ੍ਹਾਂ ਬਾਬੇ ਨੇ ਮੁੰਡਾ ਹੋਣ ਦੀ ਇੱਛਾ ਪੂਰਤੀ ਲਈ ਲੜਕੀ ਨੂੰ ਪੰਜ ਇਸਨਾਨ ਕਰਨ ਦਾ ਝਾਂਸਾ ਦਿੰਦਿਆਂ ਇੱਕ ਦਿਨ ਕੋਈ ਨਸ਼ੀਲੀ ਦਵਾਈ ਨਾਲ ਬੇਹੋਸ਼ ਕਰਕੇ ਲੜਕੀ ਦੀ ਇੱਜ਼ਤ ਨੂੰ ਤਾਰ-ਤਾਰ ਕੀਤਾ ਸੀ।ਅਜਿਹੇ ਹੋਰ ਪਤਾ ਨਹੀਂ ਕਿੰਨੇ ਕਾਰਨਾਮੇ ਇਨ੍ਹਾਂ ਬਾਬਿਆਂ ਬਾਰੇ ਸੁਣੇ ਜਾਂਦੇ ਹਨ।ਇਸ ਇਲਾਕੇ ਦੀ ਵਸੋਂ ਦਾ ਵੀ ਇੱਕ ਵੱਡਾ ਹਿੱਸਾ ਇਨ੍ਹਾਂ ਬਾਬਿਆਂ ਦੇ ਚੱਕਰ 'ਚ ਫਸਿਆ ਹੋਇਆ ਹੈ ਤੇ ਹਰ ਸਮੇਂ ਸੜਕਾਂ ਉੱਪਰ ਡਬਲ ਛੱਤਾਂ ਬਣਾ-ਬਣਾ ਕੇ ਸ਼ਰਧਾਲੂਆਂ ਦੇ ਭਰੇ ਟਰੱਕ ਇਨ੍ਹਾਂ ਡੇਰਿਆਂ ਵੱਲ ਜਾਂਦੇ ਆਮ ਦੇਖਣ ਨੂੰ ਮਿਲਦੇ ਹਨ।

**ਮਾਲੇਰਕੋਟਲਾ ਦੇ ਹਰੇਕ ਚੌਂਕ-ਚੁਰਾਹੇ 'ਤੇ ਬੈਠੇ ਨੇ ਅਖੌਤੀ ਬਾਬੇ**

ਪੰਜਾਬ ਦੇ ਰਿਆਸਤੀ ਸ਼ਹਿਰ ਮਾਲੇਰਕੋਟਲਾ ਦੇ ਤਕਰੀਬਨ ਹਰੇਕ ਚੌਂਕ-ਚੁਰਾਹੇ 'ਤੇ ਅਜਿਹਾ ਬਾਬਾ ਬੈਠਾ ਹੈ।ਜਿੰਨ੍ਹਾਂ ਕੋਲ ਪੰਜਾਬ ਭਰ ਤੋਂ ਪੜ੍ਹੇ-ਲਿਖੇ ਅਮੀਰ ਲੋਕ ਮਹਿੰਗੀਆਂ ਲਗਜ਼ਰੀ ਗੱਡੀਆਂ 'ਚ ਸਵਾਰ ਹੋ ਕੇ ਆਪਣੇ ਦੁੱਖਾਂ-ਕਸ਼ਟਾਂ ਦਾ ਇਲਾਜ਼ ਕਰਵਾਉਣ ਲਈ ਆਉਂਦੇ ਅਕਸਰ ਦੇਖੇ ਜਾਂਦੇ ਹਨ।

ਮਾਲੇਰਕੋਟਲਾ 'ਚ ਅਖੌਤੀ ਸਿਆਣੇ ਬਾਬਿਆਂ ਦੀ ਭਰਮਾਰ ਦਾ ਅੰਦਾਜ਼ਾ ਉਸ ਸਮੇਂ ਸਹਿਜ਼ੇ ਹੀ ਲੱਗ ਜਾਂਦਾ ਹੈ ਜਦੋਂ ਅਸੀਂ ਅਕਸਰ ਦੇਖਦੇ ਹਾਂ ਕਿ ਘਰੇਲੂ ਪਰਿਵਾਰਕ ਕਲੇਸ਼ਾਂ, ਮੰਦੇ ਕਾਰੋਬਾਰਾਂ ਅਤੇ ਬੀਮਾਰੀਆਂ ਦੇ ਸਤਾਏ ਹੋਏ ਪੰਜਾਬ ਦੇ ਵੱਖ-ਵੱਖ ਜ਼ਿਲਿਆਂ ਨਾਲ ਸਬੰਧਤ ਭੋਲੇ-ਭਾਲੇ ਲੋਕ ਇਥੋਂ ਤੱਕ ਕਿ ਕਈ ਚੰਗੇ ਪੜ੍ਹੇ-ਲਿਖੇ ਪਰਿਵਾਰਾਂ ਵਾਲੇ ਵੀ ਮਾਲੇਰਕੋਟਲਾ ਅੰਦਰ ਰਹਿੰਦੇ ਆਪਣੇ ਜਾਣਕਾਰ ਲੋਕਾਂ ਨੂੰ ਫੋਨ ਕਰਕੇ ਆਪਣੀ ਸਮੱਸਿਆ ਬਾਰੇ ਦੱਸਦੇ ਹੋਏ ਪੁੱਛਦੇ ਹਨ ਕਿ ਤੁਹਾਡੀ ਨਜ਼ਰ 'ਚ ਕੋਈ ਵਧੀਆ ਸਿਆਣਾ ਹੈ ਜੋ ਆਪਣੀ ਸਿਆਣਪ ਤੇ ਜਾਦੂ-ਟੂਣੇ ਨਾਲ ਉਨ੍ਹਾਂ ਦੀ ਸਮੱਸਿਆ ਦਾ ਪੱਕਾ ਹੱਲ ਕਰ ਦੇਵੇ।ਜ਼ਿਕਰਯੋਗ ਹੈ ਕਿ ਮਾਲੇਰਕੋਟਲਾ ਸ਼ਹਿਰ ਅਖੌਤੀ ਬਾਬਿਆਂ ਅਤੇ ਸਿਆਣਿਆਂ ਵੱਜੋਂ ਪੰਜਾਬ ਭਰ ਅੰਦਰ ਖੂਬ ਪ੍ਰਸਿੱਧੀ ਖੱਟ ਚੁੱਕਾ ਹੈ।

# ਬਿਹਾਰ 'ਚ ਯੂ.ਪੀ. ਵਾਲੀ ਖੇਡ ਕਿਉਂ ਨਹੀਂ ਚੱਲਦੀ ?

## ਆਖਰ ਕਿਉਂ ਆਪਣੇ ਦਮ 'ਤੇ ਸਫਲ ਨਹੀਂ ਹੋ ਰਹੀ ਭਾਜਪਾ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਉੱਤਰ ਪ੍ਰਦੇਸ਼ ਦੇ ਮੁਕਾਬਲੇ ਬਿਹਾਰ ਦਾ ਸਿਆਸੀ ਮਾਹੌਲ ਕਿਤੇ ਜ਼ਿਆਦਾ ਗੁੰਝਲਦਾਰ ਤੇ ਪਰਤਦਾਰ ਹੈ।ਇਹੀ ਕਾਰਨ ਹੈ ਕਿ ਭਾਜਪਾ ਜੋ ਯੂ.ਪੀ. 'ਚ ਜਾਤੀਗਤ ਸਮੀਕਰਨਾਂ ਅਤੇ ਖਾਸ ਸਿਆਸੀ ਧਰੁਵੀਕਰਨ ਦੇ ਸਹਾਰੇ ਵੱਡੇ ਬਹੁਮੱਤ ਤੱਕ ਪਹੁੰਚ ਗਈ, ਉਹੀ ਰਣਨੀਤੀ ਬਿਹਾਰ 'ਚ ਪੂਰੀ ਤਰ੍ਹਾਂ ਸਫਲ ਨਹੀਂ ਹੁੰਦੀ।ਜਾਤੀ ਸਮੀਕਰਨ ਦਾ ਫਰਕਉੱਤਰ ਪਰਦੇਸ਼ 'ਚ ਲੱਗਭਗ 27 ਫੀਸਦੀ ਉੱਚੀਆਂ ਜਾਤੀਆਂ ਵਾਲਾ ਇਕ ਮਜ਼ਬੂਤ ਪ੍ਰੋ-ਬੀ.ਜੇ.ਪੀ. ਆਧਾਰ ਮਿਲਦਾ ਹੈ।ਯਾਦਵ ਤੇ ਜਾਟਵ ਵਰਗੇ ਸਮੂਹ ਵਿਰੋਧੀ ਧਿਰ ਦੀ ਰੀੜ੍ਹ ਬਣਦੇ ਹਨ ਪਰ ਬਿਹਾਰ 'ਚ ਤਸਵੀਰ ਪੁੱਠੀ ਹੈ।ਇਥੇ 36 ਫੀਸਦੀ ਆਬਾਦੀ ਬੇਹੱਦ ਪੱਛੜੀਆਂ ਜਾਤੀਆਂ ਦੀ ਹੈ, 27 ਫੀਸਦੀ ਓ.ਬੀ.ਸੀ. ਤੇ 19 ਫੀਸਦੀ ਦਲਿਤ ਭਾਈਚਾਰਾ ਹੈ।ਵਿਧਾਨ ਸਭਾ ਸੀਟਾਂ ਸਬੰਧੀ ਮੁਹੱਲਿਆਂ ਦੀ ਪੰਚਾਇਤ ਤੱਕ ਸਮੀਕਰਨ ਵੰਨ-ਸੁਵੰਨੇ ਤੇ ਬਿਖਰੇ ਹੋਏ ਹਨ।ਉੱਚੀਆਂ ਜਾਤੀਆਂ ਦਾ ਪ੍ਰੋ-ਬੀ.ਜੇ.ਪੀ. ਝੁਕਾਅ ਤਾਂ ਹੈ ਪਰ ਇਹ ਕੁੱਲ ਹਿੰਦੂ ਵੋਟ ਦਾ ਸਿਰਫ 13 ਫੀਸਦੀ ਹੁੰਦਾ ਹੈ।ਯਾਦਵ ਤੇ ਮੁਸਲਿਮ ਭਾਈਚਾਰੇ ਦਾ ਇਕ ਵੱਡਾ ਹਿੱਸਾ ਰਵਾਇਤੀ ਤੌਰ 'ਤੇ ਆਰ.ਜੇ.ਡੀ. ਦੇ ਨਾਲ ਖੜ੍ਹਾ ਹੁੰਦਾ ਹੈ ਮਤਲਬ ਚੋਣਾਂ ਦੀ ਸ਼ੁਰੂਆਤ ਹੀ ਦੋਵਾਂ ਪਾਰਟੀਆਂ ਲਈ ਵੱਖ-ਵੱਖ ਆਧਾਰ ਤੋਂ ਹੁੰਦੀ ਹੈ।ਗੱਠਜੋੜ ਦੀ ਸਿਆਸਤ ਬਿਹਾਰ ਦੀ ਮਜ਼ਬੂਰੀਬਿਹਾਰ 'ਚ ਸਿਆਸਤ ਦਾ ਇਤਿਹਾਸ ਗੱਠਜੋੜ ਦੀ ਸੱਭਿਅਤਾ ਨਾਲ ਬਣਿਆ ਹੈ।ਇਥੇ ਸ਼ਾਇਦ ਹੀ ਕੋਈ ਪਾਰਟੀ ਇਕੱਲਿਆਂ ਸਰਕਾਰ ਬਣਾਉਂਦੀ ਹੋਵੇ।ਆਰ.ਜੇ.ਡੀ., ਜੇ.ਡੀ.ਯੂ. ਅਤੇ ਐੱਲ.ਜੇ.ਪੀ. ਵਰਗੀਆਂ ਪਾਰਟੀਆਂ ਅਕਸਰ ਸਾਥ ਤੇ ਮੁਕਾਬਲਾ ਬਦਲਦੀਆਂ ਰਹਿੰਦੀਆਂ ਹਨ।ਇਹ ਲਚਕੀਲਾ ਸਮੀਕਰਨ ਉੱਤਰ ਪ੍ਰਦੇਸ਼ ਵਾਂਗ ਸਿੱਧਾ ਦੋ-ਧਰੁਵੀ ਮੁਕਾਬਲਾ ਬਣਨ ਹੀ ਨਹੀਂ ਦਿੰਦਾ।ਲੀਡਰਸ਼ਿੱਪ ਦੇ ਚਿਹਰੇ ਦਾ ਅਸਰਉੱਤਰ ਪ੍ਰਦੇਸ਼ 'ਚ ਭਾਜਪਾ ਨੂੰ ਇਕ ਕ੍ਰਿਸ਼ਮਈ ਚਿਹਰਾ ਮਿਲਿਆ ਯੋਗੀ ਆਦਿੱਤਿਆਨਾਥ ਪਰ ਬਿਹਾਰ 'ਚ ਅਜਿਹੀ ਇਕਮੁਖੀ ਲੀਡਰਸ਼ਿੱਪ ਅਜੇ ਸਪਸ਼ਟ ਨਹੀਂ।ਨਿਤੀਸ਼ ਕੁਮਾਰ ਤੇ ਲਾਲੂ ਯਾਦਵ ਦੇ ਨਾਂ 'ਤੇ ਪ੍ਰਭਾਵ ਡੂੰਘੇ ਹਨ ਪਰ ਯੂਵਾ ਵੋਟ ਹੁਣ ਨਵੇਂ ਚਿਹਰਿਆਂ ਤੇ ਨਵੀਂ ਭਾਸ਼ਾ ਦੀ ਭਾਲ 'ਚ ਹੈ।ਸਮਾਜਿਕ ਤਾਣਾ-ਬਾਣਾ ਜ਼ਿਆਦਾ ਸੰਵੇਦਨਸ਼ੀਲਬਿਹਾਰ 'ਚ ਜਾਤੀ ਸਿਰਫ ਪਛਾਣ ਨਹੀਂ, ਸਗੋਂ ਸਨਮਾਨ ਤੇ ਸੰਘਰਸ਼ ਦੀ ਯਾਦ ਵੀ ਹੈ।ਇਥੋਂ ਦੀ ਸਿਆਸੀ ਜਾਗਰੂਕਤਾ ਦਾ ਪੱਧਰ ਅਜਿਹਾ ਹੈ ਕਿ ਇਕ ਛੋਟੀ ਜਿਹੀ ਸਮਾਜਿਕ ਚੰਗਿਆੜੀ ਵੀ ਤੇਜ਼ ਸਿਆਸੀ ਲਹਿਰ ਬਣ ਜਾਂਦੀ ਹੈ।ਇਸ ਮਾਹੌਲ 'ਚ ਤਿੱਖਾ ਧਰੁਵੀਕਰਨ ਆਸਾਨੀ ਨਾਲ ਸੰਭਵ ਨਹੀਂ ਹੁੰਦਾ।ਤਾਂ ਕੀ ਭਾਜਪਾ ਕਦੇ ਬਿਹਾਰ 'ਚ ਯੂ.ਪੀ. ਵਾਂਗ ਨਹੀਂ ਫੈਲ ਸਕਦੀ ?ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਅਜਿਹਾ ਹੋਣਾ ਸੰਭਵ ਹੈ ਪਰ ਇਸ ਦੇ ਲਈ 2 ਚੀਜ਼ਾਂ ਜ਼ਰੂਰੀ ਹੋਣਗੀਆਂ।ਇਕ ਤਾਂ ਅਜਿਹੀ ਲੀਡਰਸ਼ਿੱਪ ਜੋ ਉੱਚੀਆਂ ਜਾਤੀਆਂ ਤੇ ਗੈਰ-ਯਾਦਵ ਓ.ਵੀ.ਸੀ. 'ਚ ਮਜ਼ਬੂਤ ਵਿਸ਼ਵਾਸ ਬਣਾ ਸਕੇ ਅਤੇ ਦੂਜਾ ਗੱਠਜੋੜ ਆਧਾਰਤ ਤੇ ਫੀਲਡ ਲੈਵਲ ਦਾ ਸੰਗਠਨ, ਜੋ ਸਥਾਨਕ ਸਮੀਕਰਨਾਂ ਨੂੰ

# ਰੋਜ਼ਗਾਰ ਤੇ ਭਵਿੱਖ ਲਈ ਫਿਕਰਮੰਦ ਨੌਜਵਾਨ ਆਪਣਾ ਵਤਨ ਛੱਡਣ ਲਈ ਮਜ਼ਬੂਰ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਸੋਨੇ ਦੀ ਚਿੜੀ ਕਿਹਾ ਜਾਣ ਵਾਲਾ ਭਾਰਤ ਦੇਸ਼ ਕਈ ਦਹਾਕਿਆਂ ਤੱਕ ਗੁਲਾਮੀ ਦੀਆਂ ਜ਼ੰਜ਼ੀਰਾਂ 'ਚ ਜਕੜਿਆਂ ਰਿਹਾ ਹੈ, ਜਿਸਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਭਗਤ ਸਿੰਘ, ਰਾਜਗੁਰੂ, ਸੁਖਦੇਵ, ਚੰਦਰ ਸ਼ੇਖਰ ਆਜ਼ਾਦ ਤੇ ਹੋਰ ਕ੍ਰਾਂਤੀਕਾਰੀ ਸੂਰਮਿਆਂ ਸਹਿਤ ਹਜ਼ਾਰਾਂ ਲੋਕਾਂ ਨੇ ਸ਼ਹੀਦੀ ਦਾ ਜਾਮ ਪੀਤਾ ਤਾਂ ਜੋ ਆਉਣ ਵਾਲੀ ਪੀੜ੍ਹੀ ਖੁੱਲ੍ਹੀ ਫਿਜ਼ਾ 'ਚ ਸਾਹ ਲੈ ਸਕੇ।

ਲੰਬੇ ਸੰਘਰਸ਼ ਉਪਰੰਤ ਬੇਸ਼ੱਕ ਅੱਜ ਦੇਸ਼ ਨੂੰ ਆਜ਼ਾਦ ਹੋਏ ਕਰੀਬ 75 ਸਾਲਾਂ ਦਾ ਸਮਾਂ ਲੰਘ ਚੁੱਕਾ ਹੈ ਪਰ ਸਮੇਂ ਦੀਆਂ ਸਰਕਾਰਾਂ ਦੀ ਅਣਗਹਿਲੀ ਤੇ ਰੋਜ਼ਗਾਰ ਦੇ ਮੌਕੇ ਨਾ ਦੇਣ ਕਾਰਨ ਨੌਜਵਾਨ ਹੁਣ ਖੁਦ ਵਿਦੇਸ਼ਾਂ 'ਚ ਜਾ ਕੇ ਗੁਲਾਮੀ ਕਰਨ ਲਈ ਮਜ਼ਬੂਰ ਹੋ ਰਹੇ ਹਨ।ਬੇਰੋਜ਼ਗਾਰੀ, ਰੋਜ਼ੀ, ਰੋਟੀ ਤੇ ਆਪਣੇ ਭਵਿੱਖ ਲਈ ਫਿਕਰਮੰਦ ਨੌਜਵਾਨ ਨਾ ਚਾਹੁੰਦੇ ਹੋਏ ਵੀ ਆਪਣੇ ਵਤਨ ਨੂੰ ਛੱਡ ਕੇ ਅਪਣਿਆਂ ਤੋਂ ਦੂਰ ਰਹਿਣ ਲਈ ਮਜ਼ਬੂਰ ਹਨ, ਜੋ ਕਿ ਸਰਕਾਰਾਂ ਦੀ ਨਾਕਾਮੀ ਦਾ ਪ੍ਰਤੱਖ ਪ੍ਰਮਾਣ ਹੈ।20 ਲੱਖ ਤੋਂ ਵੱਧ ਨੌਜਵਾਨ ਬੇਰੋਜ਼ਗਾਰਪੰਜਾਬ ਜੋ ਕਿ ਕਿਸੇ ਸਮੇਂ ਇਕ ਖੁਸ਼ਹਾਲ ਸੂਬਾ ਹੁੰਦਾ ਸੀ ਪਰ ਬਰਬਾਦ ਹੋ ਰਹੀ ਕਿਸਾਨੀ, ਠੱਪ ਹੋ ਰਹੇ ਕਾਰੋਬਾਰ ਤੇ ਬੇਰੋਜ਼ਗਾਰੀ ਕਾਰਨ ਅੱਜ ਆਰਥਿਕ ਸੰਕਟ ਤੋਂ ਜੂਝ ਰਿਹਾ ਹੈ।ਹਾਲਾਤ ਹੁਣ ਇਹ ਹਨ ਕਿ ਇਕ ਅਨੁਮਾਨ ਮੁਤਾਬਕ ਪੰਜਾਬ 'ਚ 20 ਲੱਖ ਤੋਂ ਵੱਧ ਨੌਜਵਾਨ ਕਈ ਤਰ੍ਹਾਂ ਦੀਆਂ ਡਿਗਰੀਆਂ ਲੈਣ ਦੇ ਬਾਵਜ਼ੂਦ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ ਅਤੇ ਸਰਕਾਰੀ ਨੌਕਰੀ ਦੀ ਭਾਲ 'ਚ ਉਮਰ ਦੇ ਪੜਾਅ ਵੱਲ ਵੱਧਦੇ ਜਾ ਰਹੇ ਹਨ, ਜਿਸ ਦਾ ਪ੍ਰਮੁੱਖ ਕਾਰਨ ਸਰਕਾਰ ਵੱਲੋਂ ਰੋਜ਼ਗਾਰ ਦੇ ਮੌਕੇ ਮੁਹੱਈਆ ਕਰਵਾਉਣ 'ਚ ਕੋਈ ਖਾਸ ਦਿਲਚਸਪੀ ਨਾ ਦਿਖਾਉਣਾ ਹੈ। ਅਜਿਹੇ ਨੌਜਵਾਨ ਆਪਣੇ ਪਰਿਵਾਰ ਦੇ ਪਾਲਣ-ਪੋਸ਼ਣ ਤੇ ਆਪਣੀ ਆਉਣ ਵਾਲੀ ਪੀੜ੍ਹੀ ਦੇ ਭਵਿੱਖ ਨੂੰ ਲੈ ਕੇ ਨਾ ਚਾਹੁੰਦੇ ਹੋਏ ਵੀ ਵਿਦੇਸ਼ਾਂ 'ਚ ਜਾ ਕੇ ਨੌਕਰੀ ਕਰਨ ਨੂੰ ਤਰਜੀਹ ਦੇ ਰਹੇ ਹਨ।ਮੁੱਖ ਮੰਤਰੀ ਭਗਵੰਤ ਮਾਨ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਪੰਜਾਬ ਦੇ ਪਿੰਡ-ਪਿੰਡ ਜਾ ਕੇ ਜ਼ੋਰ-ਸ਼ੋਰ ਨਾਲ ਹੋਕਾ ਦਿੱਤਾ ਸੀ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ 'ਤੇ ਰੁਜ਼ਗਾਰ ਦੇ ਵੱਡੇ ਸਾਧਨ ਮੁਹੱਈਆ ਕਰਵਾਉਣ ਦੇ ਨਾਲ-ਨਾਲ ਇੰਨੀਆਂ ਕੁ ਨੌਕਰੀਆਂ ਦਿੱਤੀਆਂ ਜਾਣਗੀਆਂ ਕਿ ਪੰਜਾਬ ਦੇ ਨੌਜਵਾਨ ਵਿਦੇਸ਼ਾਂ ਵੱਲ ਮੂੰਹ ਤੱਕ ਨਹੀਂ ਕਰਨਗੇ। ਜਿਸ ਤਰ੍ਹਾਂ ਸਾਡੇ ਪੰਜਾਬੀ ਕੰਮਕਾਰ ਕਰਨ ਲਈ ਅੱਜ ਵਿਦੇਸ਼ਾਂ ਨੂੰ ਜਾ ਰਹੇ ਹਨ ਉਸੇ ਤਰ੍ਹਾਂ ਫਿਰ ਗੋਰੇ ਵਿਦੇਸ਼ਾਂ ਤੋਂ ਕੰਮ ਕਰਨ ਲਈ ਪੰਜਾਬ ਆਇਆ ਕਰਨਗੇ, ਪਰੰਤੂ ਹਾਲੇ ਤੱਕ ਨਾ ਤਾਂ ਕੋਈ ਵਿਦੇਸ਼ੀ ਗੋਰਾ ਕੰਮ ਕਰਨ ਲਈ ਪੰਜਾਬ ਆਇਆ ਹੈ ਅਤੇ ਨਾ ਹੀ ਪੰਜਾਬ ਦੇ ਨੌਜਵਾਨ ਆਪਣੀਆਂ ਜ਼ਮੀਨਾਂ ਵੇਚ ਕੇ ਵਿਦੇਸ਼ ਜਾਣ ਤੋਂ ਰੁਕੇ ਹਨ।ਮੁੱਖ ਮੰਤਰੀ ਭਗਵੰਤ ਮਾਨ ਦੇ ਉਕਤ ਸਾਰੇ ਦਾਅਵੇ ਝੂਠ ਦੀ ਪਟਾਰੀ ਹੀ ਸਾਬਤ ਹੋਏ ਹਨ। ਵਿਦੇਸ਼ਾਂ 'ਚ ਫਸ ਜਾਂਦੇ ਹਨ ਕਈ ਲੋਕਕੁਝ ਨੌਜਵਾਨ ਵਿਦੇਸ਼ ਜਾਣ ਲਈ ਆਪਣੀ ਜ਼ਮੀਨ ਵੇਚ ਕੇ ਜਾਂ ਲੱਖਾਂ ਰੁਪਏ ਦਾ ਕਰਜ਼ਾ ਲੈ ਕੇ ਗਲਤ ਏਜੰਟਾ ਦੇ ਹੱਥੀ ਚੜ੍ਹ ਜਾਂਦੇ ਹਨ ਅਤੇ ਵਿਦੇਸ਼ਾਂ 'ਚ ਜਾ ਕੇ ਫਸ ਜਾਂਦੇ ਹਨ, ਜਿੰਨ੍ਹਾਂ ਨੂੰ ਉਥੋਂ ਦੀ ਪੁਲਿਸ ਵੱਲੋਂ ਜ਼ੇਲ ਦੀਆਂ ਸਲਾਖਾਂ 'ਚ ਪਹੁੰਚਾ ਦਿੱਤਾ ਜਾਂਦਾ ਹੈ ਅਤੇ ਇਥੇ ਉਨ੍ਹਾਂ ਦਾ ਪਰਿਵਾਰ ਇੰਤਜ਼ਾਰ ਕਰਦਾ ਰਹਿੰਦਾ ਹੈ।ਜਦੋਂ ਅਜਿਹੀ ਘਟਨਾਂ ਬਾਰੇ ਉਨ੍ਹਾਂ ਨੂੰ ਪਤਾ ਲੱਗਦਾ ਹੈ ਤਾਂ ਉਹ ਸਰਕਾਰਾਂ ਦੇ ਆਗੂਆਂ ਅੱਗੇ ਕਈ ਸਾਲਾਂ ਤੱਕ ਗੁਹਾਰਾਂ ਲਗਾਉਂਦੇ ਰਹਿੰਦੇ ਹਨ, ਜਿਸ ਤੋਂ ਬਾਅਦ ਕੁਝ ਨੌਜਵਾਨਾਂ ਦੀ ਹੀ ਵਤਨ ਵਾਪਸੀ ਹੁੰਦੀ ਹੈ।

ਇਸ ਤਰ੍ਹਾਂ ਦੇ ਕਈ ਮਾਮਲੇ ਅਕਸਰ ਦੇਖਣ 'ਚ ਆਉਂਦੇ ਹਨ ਪਰ ਇਸ ਦੇ ਬਾਵਜੂਦ ਵੀ ਲੋਕ ਬਾਹਰ ਜਾਣ ਦਾ ਰਿਸਕ ਚੁੱਕ ਰਹੇ ਹਨ, ਜਿਸ ਦਾ ਕਾਰਨ ਰੋਜ਼ੀ-ਰੋਟੀ ਹੀ ਹੈ।ਜੇਕਰ ਸਮੇਂ ਦੀਆਂ ਸਰਕਾਰਾਂ ਚੋਣਾਂ ਦੌਰਾਨ ਬੇਰੁਜ਼ਗਾਰੀ ਦੂਰ ਕਰਨ ਦੇ ਆਪਣੇ ਵਾਅਦੇ 'ਤੇ ਖਰਾ ਉਤਰਦੀਆਂ ਤਾਂ ਅਜਿਹੀਆਂ ਘਟਨਾਵਾਂ ਦੇ ਗ੍ਰਾਫ 'ਚ ਜ਼ਰੂਰ ਕਮੀ ਆਉਣੀ ਸੀ।ਨੌਜਵਾਨ ਵਰਗ ਆਪਣੇ ਸੂਬੇ ਨੂੰ ਛੱਡ ਕੇ ਵਿਦੇਸ਼ਾਂ ਦਾ ਰੁਖ ਕਰ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ।

**ਕੀ ਕਰੇ ਸਰਕਾਰ**

ਨੌਜਵਾਨਾਂ ਲਈ ਰੋਜ਼ਗਾਰ ਦੇ ਵੱਧ ਮੌਕੇ ਮੁਹੱਈਆ ਕਰਵਾਏ ਜਾਣ, ਸਰਕਾਰੀ ਨੌਕਰੀਆਂ ਲਈ ਉਮਰ ਸੀਮਾ ਵਧਾਈ ਜਾਵੇ, ਵੱਖ-ਵੱਖ ਵਿਭਾਗਾਂ 'ਚ ਖਾਲੀ ਪਈਆਂ ਹਜ਼ਾਰਾਂ ਪੋਸਟਾਂ ਨੂੰ ਭਰਿਆ ਜਾਵੇ।ਸਵੈ ਰੋਜ਼ਗਾਰ ਲਈ ਆਰਥਿਕ ਸਹਾਇਤਾ ਪ੍ਰਦਾਨ ਕੀਤੀ ਜਾਵੇ ਅਤੇ ਵਪਾਰ ਨੂੰ ਪ੍ਰਫੁਲਿਤ ਕੀਤਾ ਜਾਵੇ ਤੇ ਰਿਆਇਤਾਂ ਦਿੱਤੀਆਂ ਜਾਣ।

# ਨਸ਼ਿਆਂ ਤੇ ਅਪਰਾਧ ਖਿਲਾਫ ਨਾਅਰੇ ਲਗਾਉਣ ਵਾਲੀ ਆਮ ਆਦਮੀ ਪਾਰਟੀ ਦੀ ਕਾਰਜਪ੍ਰਣਾਲੀ ਲੱਗ ਰਹੀ ਸ਼ੱਕੀ

ਮਾਲੇਰਕੋਟਲਾ, 23 ਮਈ ਅਸ਼ਰਫ ਅਨਸਾਰੀ: ਨਸ਼ੇ ਅਪਰਾਧ ਵਿਰੁੱਧ ਜ਼ੀਰੋ ਟੌਲਰੈਂਸ ਨੀਤੀ ਰੱਖਣ ਦਾ ਦਾਅਵਾ ਕਰਨ ਵਾਲੀ ਆਮ ਆਦਮੀ ਪਾਰਟੀ (ਆਪ) ਦੀ ਸਰਕਾਰ ਹੁਣ ਖੁਦ ਸਵਾਲਾਂ ਦੇ ਘੇਰੇ 'ਚ ਨਜ਼ਰ ਆ ਰਹੀ ਹੈ।ਪਾਰਟੀ ਦੇ ਕੁਝ ਸੀਨੀਅਰ ਆਗੂ ਆਪਣੇ ਰਾਜਨੀਤਿਕ ਸਮਾਗਮਾਂ ਅਤੇ ਮੀਟਿੰਗਾਂ 'ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਅਤੇ ਹੋਰ ਗੰਭੀਰ ਅਪਰਾਧਿਕ ਅਪਰਾਧਾਂ ਦੇ ਦੋਸ਼ੀ ਵਿਅਕਤੀਆਂ ਦੀ ਮੌਜੂਦਗੀ ਨੂੰ ਨਜ਼ਰ ਅੰਦਾਜ਼ ਕਰ ਰਹੇ ਹਨ।ਇਨ੍ਹਾਂ ਦੋਸ਼ਾ ਨੇ ਇਸ ਬਾਰੇ ਬਹਿਸ਼ ਛੇੜ ਦਿੱਤੀ ਹੈ ਕਿ ਕੀ ਸਰਕਾਰ ਅਸਲ 'ਚ ਅਪਰਾਧ ਜਗਤ ਨੂੰ ਖਤਮ ਕਰਨ ਲਈ ਵਚਨਬੱਧ ਹੈ।

ਵਿਰੋਧੀ ਪਾਰਟੀਆਂ ਦਾ ਕਹਿਣਾ ਹੈ ਕਿ ਕਈ ਖੇਤਰਾਂ 'ਚ ਅਪਰਾਧਿਕ ਰਿਕਾਰਡ ਵਾਲੇ ਕਥਿਤ ਗੈਂਗਸ਼ਟਰ ਅਕਸਰ ਪਾਰਟੀ ਮੀਟਿੰਗਾਂ, ਜਨਤਕ ਪਹੁੰਚ ਪ੍ਰੋਗਰਾਮਾਂ ਅਤੇ ਸਥਾਨਕ ਪੱਧਰ ਦੇ ਇੱਕਠਾਂ 'ਚ ਦੇਖੇ ਜਾਂਦੇ ਹਨ।ਇਹ ਵਿਅਕਤੀ ਪਹਿਲਾਂ ਹੀ ਨਸ਼ੀਲੇ ਪਦਾਰਥਾਂ ਦੀ ਤਸਕਰੀ, ਗੈਰ ਕਾਨੂੰਨੀ ਹਥਿਆਰ ਰੱਖਣ, ਹਮਲੇ ਅਤੇ ਧਮਕੀਆਂ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ।ਵਿਰੋਧੀ ਧਿਰ ਦਾ ਦਾਅਵਾ ਹੈ ਕਿ ਰਾਜਨੀਤਿਕ ਸਰਪ੍ਰਸਤੀ ਨੇ ਇਨ੍ਹਾਂ ਵਿਅਕਤੀਆਂ ਨੂੰ ਹੌਂਸਲਾ ਦਿੱਤਾ ਹੈ।

ਇਸ ਵੇਲੇ ਇਹ ਮੁੱਦਾ ਰਾਜਨੀਤਿਕ ਗਲਿਆਰਿਆਂ 'ਚ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ, ਸਵਾਲ ਇਹ ਹੈ ਕਿ ਸਰਕਾਰ ਨਸ਼ਿਆਂ ਅਤੇ ਅਪਰਾਧ ਨੂੰ ਖਤਮ ਕਰਨ ਦੇ ਆਪਣੇ ਦਾਅਵਿਆਂ 'ਤੇ ਕਿੰਨੀ ਕੁ ਖਰੀ ਉੱਤਰੇਗੀ ਅਤੇ ਕੀ ਜਾਂਚ ਅਧੀਨ ਮਾਮਲਿਆਂ ਦੀ ਨਿਰਪੱਖਤਾ ਨਾਲ ਜਾਂਚ ਕੀਤੀ ਜਾਵੇਗੀ।ਜਨਤਾ ਹੁਣ ਸਿਰਫ ਬਿਆਨ ਨਹੀਂ, ਸਗੋਂ ਠੋਸ ਕਾਰਵਾਈ ਅਤੇ ਨਤੀਜ਼ੇ ਚਾਹੁੰਦੀ ਹੈ।

**ਆਉਣ ਵਾਲੇ ਚੋਣ ਮਾਹੌਲ 'ਚ ਤੇਜ਼ ਹੋ ਸਕਦੈ ਇਹ ਵਿਵਾਦ**

ਸੂਤਰਾਂ ਦਾ ਕਹਿਣਾ ਹੈ ਕਿ ਸਰਕਾਰ ਨੇ ਹੁਣ ਤੱਕ ਨਸ਼ਿਆਂ ਦੀ ਸਮੱਗਲਿੰਗ ਵਿਰੁੱਧ ਸਖਤ



ਕਾਰਵਾਈ ਕੀਤੀ ਹੈ, ਜਿਸ 'ਚ ਵੱਡੇ ਪੱਧਰ 'ਤੇ ਗ੍ਰਿਫਤਾਰੀਆਂ, ਜਾਇਦਾਦ ਜ਼ਬਤ ਕਰਨਾ ਅਤੇ ਨਸ਼ਾ ਸਮੱਗਲਰਾਂ ਵਿਰੁੱਧ ਵਿਸ਼ੇਸ਼ ਮੁਹਿੰਮਾਂ ਸ਼ਾਮਲ ਹਨ।ਪਾਰਟੀ ਦਾ ਦਾਅਵਾ ਹੈ ਕਿ ਅਪਰਾਧਿਕ ਪਿਛੋਕੜ ਵਾਲੇ ਕਿਸੇ ਵੀ ਵਿਅਕਤੀ ਨੂੰ ਬਚਾਉਣ ਦਾ ਕੋਈ ਸਵਾਲ ਹੀ ਨਹੀਂ ਹੈ ਅਤੇ ਜੇਕਰ ਸਥਾਨਕ ਪੱਧਰ 'ਤੇ ਕੋਈ ਬੇਨਿਯਮੀਆਂ ਦਾ ਪਤਾ ਲੱਗਦਾ ਹੈ ਤਾਂ ਕਾਰਵਾਈ ਕੀਤੀ ਜਾਂਦੀ ਹੈ।

ਆਉਣ ਵਾਲੇ ਚੋਣ ਮਾਹੌਲ 'ਚ ਇਹ ਵਿਵਾਦ ਹੋਰ ਤੇਜ਼ ਹੋ ਸਕਦਾ ਹੈ।ਲੋਕਾਂ ਦਾ ਮੰਨਣਾ ਹੈ ਕਿ ਨਸ਼ਿਆਂ ਦੀ ਦੁਰਵਰਤੋਂ ਅਤੇ ਅਪਰਾਧ ਵਰਗੇ ਮੁੱਦੇ ਸਿੱਧੇ ਤੌਰ 'ਤੇ ਜਨਤਾ ਨੂੰ ਪ੍ਰਭਾਵਿਤ ਕਰਦੇ ਹਨ, ਇਸ ਲਈ ਦੋਸ਼ ਅਤੇ ਜਵਾਬੀ ਦੋਸ਼ ਵੋਟਰਾਂ ਦੀ ਭਾਵਨਾਂ ਨੂੰ ਪ੍ਰਭਾਵਿਤ ਕਰਦੇ ਹਨ।ਵਿਸ਼ਕੇਸਕਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਲਈ ਤੱਥਾਂ ਨੂੰ ਪਾਰਦਰਸ਼ੀ ਢੰਗ ਨਾਲ ਪੇਸ਼ ਕਰਨਾ ਅਤੇ ਕਿਸੇ ਵੀ ਸ਼ੰਕੇ ਨੂੰ ਦੂਰ ਕਰਨਾ ਮਹੱਤਵਪੂਰਨ ਹੈ।

ਸਮਾਜ ਸੇਵੀਆਂ ਨੇ ਪ੍ਰਗਟਾਈ ਚਿੰਤਾਸਮਾਜ ਸੇਵੀਆਂ ਅਬਦੁੱਲ ਸੱਤਾਰ ਮੁਸ਼ਾਫਿਰ, ਐਡਵੋਕੇਟ ਮੁਹੰਮਦ ਅਸਲਮ, ਸਾਬਕਾ ਕੌਂਸਲਰ ਇਲਿਆਸ ਜ਼ੁਬੈਰੀ, ਐਡਵੋਕੇਟ ਮੁਹੰਮਦ ਇਜ਼ਾਜ ਆਲਮ, ਮੁਹੰਮਦ ਮੁਨੀਰ ਗਨੀ ਨੇ ਵੀ ਇਸ ਮੁੱਦੇ 'ਤੇ ਚਿੰਤਾ ਪ੍ਰਗਟ ਕੀਤੀ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਜੇਕਰ ਰਾਜਨੀਤਿਕ ਪਾਰਟੀਆਂ ਆਪਣੇ ਸਮਾਗਮਾਂ 'ਚ ਅਜਿਹੇ ਸ਼ੱਕੀ ਵਿਅਕਤੀਆਂ ਨੂੰ ਸਟੇਜ਼ ਦੇ ਆਲੇ-ਦੁਆਲੇ ਆਉਣ ਦਿੰਦੀਆਂ ਹਨ ਤਾਂ ਇਹ ਸਮਾਜ ਨੂੰ ਗਲਤ ਸੁਨੇਹਾ ਜਾਂਦਾ ਹੈ।ਇਕ ਸਮਾਜ ਸੇਵੀ ਨੇ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਨਸ਼ਿਆਂ ਦੇ ਖਤਰੇ ਨਾਲ ਲੜਣਾ ਚਾਹੁੰਦੀ ਹੈ ਤਾਂ ਉਸਨੂੰ ਪਹਿਲਾਂ ਅਜਿਹੇ ਅਨਸਰਾਂ ਤੋਂ ਸਪੱਸ਼ਟ ਦੂਰੀ ਬਣਾਈ ਰੱਖਣੀ ਚਾਹੀਦੀ ਹੈ

ਜਨਤਾ ਇਹ ਵੀ ਸਵਾਲ ਕਰਦੀ ਹੈ ਕਿ ਗੰਭੀਰ ਅਪਰਾਧਿਕ ਮਾਮਲਿਆਂ ਵਾਲੇ ਲੋਕ ਰਾਜਨੀਤਿਕ ਗਤੀਵਿਧੀਆਂ 'ਚ ਖੁੱਲ੍ਹ ਕੇ ਕਿਵੇਂ ਹਿੱਸਾ ਲੈ ਰਹੇ ਹਨ।ਕੁਝ ਮਾਮਲਿਆਂ 'ਚ ਸਥਾਨਕ ਪੁਲਸ ਆਪਣੀ ਕਾਰਵਾਈ 'ਚ ਢਿੱਲ ਵਰਤ ਜਾਂਦੀ ਹੈ।ਜਿਸ ਨਾਲ ਸ਼ੱਕ ਹੋਰ ਵੀ ਵਧ ਰਿਹਾ ਹੈ।ਉਨ੍ਹਾਂ ਦਾ ਕਹਿਣਾ ਹੈ ਕਿ ਨਸ਼ਾ ਤਸ਼ਕਰੀ ਦੇ ਨੈੱਟਵਰਕ ਨੂੰ ਖਤਮ ਕਰਨ ਦੀ ਬਜਾਏ, ਉਨ੍ਹਾਂ ਨੂੰ ਰਾਜਨੀਤਿਕ ਲਾਭ ਲਈ ਵਰਤਿਆ ਜਾ ਰਿਹਾ ਹੈ।

# ਕਦੇ 5 ਹਜ਼ਾਰ 'ਚ ਹੋ ਜਾਂਦੀ ਸੀ ਗਰੈਜੁਏਸ਼ਨ, ਹੁਣ ਇਸ ਤੋਂ ਵੱਧ ਖਰਚ ਕੇ ਮਿਲਦੀਆਂ ਹਨ 5ਵੀਂ ਦੀਆਂ ਕਿਤਾਬਾਂ

## ਪ੍ਰਾਈਵੇਟ ਸਕੂਲਾਂ ਦੀਆਂ ਮਨਮਰਜ਼ੀਆਂ ਤੇ ਬੇਲੋੜੇ ਖਰਚਿਆਂ ਨੇ ਮਾਪਿਆਂ ਦੀਆਂ ਜੇਬਾਂ 'ਤੇ ਪਾਇਆਂ ਵਾਧੂ ਬੋਝ

ਮਾਲੇਰਕੋਟਲਾ, 23 ਮਈ (ਸ਼ਹਾਬੁਦੀਨ) ਆਪਣੇ ਬੱਚਿਆਂ ਨੂੰ ਚੰਗੀ ਸਿੱਖਿਆ ਦਿਵਾਉਣਾ ਹਰ ਇਕ ਮਾਤਾ ਪਿਤਾ ਦਾ ਮੁੱਢਲਾ ਫਰਜ਼ ਅਤੇ ਸੁਪਨਾਂ ਹੁੰਦਾ ਹੈ ਪਰ ਅੱਜ ਦੀ ਉਲਝੀ ਸਿੱਖਿਆ ਪ੍ਰਣਾਲੀ ਦੇ ਦੌਰ 'ਚ ਆਪਣੇ ਬੱਚਿਆਂ ਨੂੰ ਅੰਗਰੇਜ਼ੀ ਦੇ ਤੋਤੇ ਬਣਾ ਕੇ ਸਮੇਂ ਦਾ ਹਾਣੀ ਬਣਾਉਣ ਲਈ ਮਹਿੰਗੇ ਪ੍ਰਾਈਵੇਟ ਸਕੂਲਾਂ 'ਚ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਆਪਿਆਂ ਲਈ ਮਜ਼ਬੂਰੀ ਬਣਿਆ ਹੋਇਆ ਹੈ।ਭਾਵੇਂ ਅਮੀਰ ਵਰਗ ਲਈ ਬੱਚਿਆਂ ਨੂੰ ਵੱਡੇ ਸਕੂਲਾਂ 'ਚ ਪੜ੍ਹਾਉਣਾ ਕੋਈ ਔਖੀ ਗੱਲ ਨਹੀਂ ਹੈ ਪਰ ਮੱਧਵਰਗੀ ਤੇ ਗਰੀਬ ਪਰਿਵਾਰਾਂ ਲਈ ਨਿੱਜੀ ਸਕੂਲਾਂ 'ਚ ਬੱਚੇ ਪੜਾਉਣ ਵਾਸਤੇ ਨਿੱਜੀ ਸਕੂਲਾਂ ਦੀਆਂ ਮਨਮਰਜ਼ੀਆਂ ਤੇ ਬੇਲੋੜੇ ਵਾਧੂ ਖਰਚੇ ਨੇ ਆਰਥਿਕ ਪੱਖੋਂ ਕਮਜ਼ੋਰ ਮਾਪਿਆਂ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਨ ਦੇ ਨਾਲ-ਨਾਲ ਉਨ੍ਹਾਂ ਦੀ ਜੇਬ 'ਤੇ ਵੀ ਵਾਧੂ ਬੋਝ ਪਾਇਆ ਹੋਇਆ।


ਅਜਿਹੇ 'ਚ ਜਿਥੇ ਭਾਰੀਆਂ ਦਾਖਲਾ ਫੀਸਾਂ ਨੇ ਮਾਪਿਆਂ ਦਾ ਕਚੂੰਬਰ ਕੱਢਿਆ ਹੋਇਆ ਓਥੇ ਹੀ ਬਹੁਤੇ ਸਕੂਲਾਂ ਵੱਲੋਂ ਅਗੇਤ 'ਚ ਦਾਖਲੇ ਸਮੇਂ ਹੀ ਸਲਾਨਾਂ ਸਮਾਗਮ, ਖੇਡਾਂ, ਬਿਲਡਿੰਗ ਖਰਚ ਆਦਿ ਦੇ ਨਾਂ 'ਤੇ ਮਾਪਿਆਂ ਦੀਆਂ ਜੇਬਾਂ 'ਤੇ ਵਾਧੂ ਭਾਰ ਪਾਇਆ ਜਾ ਰਿਹਾ ਹੈ।ਇਸ ਤੋਂ ਇਲਾਵਾ ਪ੍ਰਾਈਵੇਟ ਸਕੂਲਾਂ ਵੱਲੋਂ ਬੱਚਿਆਂ ਲਈ ਸਕੂਲ ਵਰਦੀ ਤੇ ਕਿਤਾਬਾਂ ਵੀ ਖਾਸ ਦੁਕਾਨਾਂ ਤੋਂ ਹੀ ਲੈਣ ਦੀਆਂ ਅਣਚਾਹੀਆਂ ਹਦਾਇਤਾਂ ਲਾਗੂ ਕੀਤੀਆਂ ਜਾਂਦੀਆਂ ਹਨ।

ਇਸ ਸਾਰੇ ਮਾਫੀਆਂ ਦੀਆਂ ਇਨ੍ਹਾਂ ਚਾਲਾਂ ਨੇ ਅੱਜ ਦੇ ਦੌਰ 'ਚ ਆਮ ਵਰਗ ਨੂੰ ਆਪਣੇ ਬੱਚੇ ਨਿੱਜੀ ਸਕੂਲਾਂ 'ਚ ਪੜ੍ਹਾਉਣ ਲਈ ਆਪਣੀ ਜੇਬ 'ਤੇ ਲੋੜ ਤੋਂ ਵੱਧ ਬੋਝ ਪਾਉਣਾ ਪੈ ਰਿਹਾ ਹੈ।ਇਸ ਦੇ ਲਈ ਮਾਪਿਆਂ ਵੱਲੋਂ ਆਪਣੇ ਅਨੇਕਾਂ ਚਾਵਾਂ ਨੂੰ ਮਾਰ ਕੇ ਬੱਚਿਆਂ ਦੀ ਮੁਢਲੀ ਸਿੱਖਿਆ ਨੂੰ ਚੰਗੇਰਾ ਬਣਾਉਣ ਦੇ ਉਦੇਸ਼ ਨਾਲ ਕਈ ਤਰ੍ਹਾਂ ਦੇ ਸਮਝੌਤੇ ਕਰਨੇ ਪੈ ਰਹੇ ਹਨ।ਪੰਜਾਬ ਸਰਕਾਰ ਤੇ ਮਾਨਯੋਗ ਹਾਈ ਕੋਰਟ ਦੀਆਂ ਵੱਖ-ਵੱਖ ਹਦਾਇਤਾਂ ਦੇ ਬਾਵਜੂਦ ਬਹੁਤੇ ਸਕੂਲਾਂ ਦੀਆਂ ਮਨਮਰਜ਼ੀਆਂ ਜਿਉਂ ਦੀਆਂ ਤਿਉਂ ਜਾਰੀ ਹਨ, ਜਿਸ ਕਾਰਨ ਆਮ ਵਰਗ ਭਾਰੀ ਪ੍ਰੇਸ਼ਾਨ ਹੈ ਪਰ ਨਾ ਤਾਂ ਸਰਕਾਰ 'ਤੇ ਨਾ ਹੀ ਸਿੱਖਿਆ ਵਿਭਾਗ ਇਸ ਮਾਫੀਆ 'ਤੇ ਨੱਥ ਪਾਉਣ ਲਈ ਕੋਈ ਖਾਸ ਕਦਮ ਚੁੱਕ ਰਿਹਾ ਹੈ।ਨਤੀਜ਼ੇ ਵੱਜੋਂ ਆਮ ਵਰਗ ਲਈ ਆਪਣੇ ਬੱਚਿਆਂ ਨੂੰ ਪ੍ਰਾਈਵੇਟ ਸਕੂਲਾਂ 'ਚ ਪੜ੍ਹਾਉਣਾ ਪਹੁੰਚ ਤੋਂ ਬਾਹਰ ਹੁੰਦਾ ਜਾ ਰਿਹਾ ਹੈ।

**ਆਪਣੇ ਬੱਚਿਆਂ ਦੇ ਦਾਖਲੇ ਕਰਾਉਣ ਲਈ ਲੋਕ ਕੱਢਦੇ ਨੇ ਸਕੂਲ ਪ੍ਰਬੰਧਕਾਂ ਦੀ ਲੇਲ੍ਹੜੀਆਂ**

ਇਥੇ ਕੁਝ ਇੱਕ ਅਜਿਹੇ ਪ੍ਰਾਈਵੇਟ ਸਕੂਲ ਵੀ ਹਨ ਜਿਹੜੇ ਆਪਣੇ ਆਪ ਨੂੰ ਕੌਮ ਦੀ ਸੇਵਾ ਕਰਨ ਵਾਲਾ ਅਦਾਰਾ ਕਹਿੰਦੇ ਹਨ ਅਤੇ ਕੌਮ ਦੀ ਭਲਾਈ ਵਾਲੇ ਸਰਕਾਰੀ ਬੋਰਡ ਤੋਂ ਹਰ ਸਾਲ ਮੋਟੀਆਂ ਗਰਾਂਟਾਂ ਵੀ ਲੈ ਰਹੇ ਹਨ।ਲੱਖਾਂ ਰੁਪਏ ਦੀਆਂ ਗਰਾਂਟਾਂ ਲੈਣ ਵਾਲੇ ਇਹ ਸਕੂਲ ਕੀ ਕੌਮ ਨੂੰ ਬਣਦਾ ਹੱਕ ਦੇ ਰਹੇ ਹਨ ਜਾਂ ਨਹੀਂ, ਕੀ ਇਥੇ ਪੇਰੈਂਟਸ ਕਮੇਟੀ ਹੈ ਜਾਂ ਨਹੀਂ, ਇਸ ਬਾਰੇ ਆਮ ਸ਼ਹਿਰੀਆਂ ਦੇ ਨਾਲ-ਨਾਲ ਗਰਾਂਟਾਂ ਦੇਣ ਵਾਲੇ ਬੋਰਡ ਨੂੰ ਵੀ ਦੇਖਣ-ਸੋਚਣ ਦੀ ਲੋੜ ਹੈ।

ਜਦਕਿ ਕੌਮ ਦੇ ਲੋਕ ਤਾਂ ਹਰ ਸਾਲ ਆਪਣੇ ਨਵੇਂ ਬੱਚਿਆਂ ਦਾ ਦਾਖਲਾ ਕਰਵਾਉਣ ਲਈ ਇਨ੍ਹਾਂ ਕੌਮ ਦੇ ਸਕੂਲ ਪ੍ਰਬੰਧਕਾਂ ਦੀਆਂ ਲੇਲ੍ਹੜੀਆਂ ਕੱਢਦੇ ਰਹਿੰਦੇ ਹਨ ਪਰ ਸਕੂਲ ਪ੍ਰਬੰਧਕ ਬਹੁਤੇ ਬੱਚਿਆਂ ਨੂੰ ਦਾਖਲਾ ਦੇਣ ਤੋਂ ਕਥਿਤ ਸਾਫ ਜਵਾਬ ਦੇ ਕੇ ਹਰ ਸਾਲ ਕੌਮ ਦੇ ਸੈਂਕੜੇ ਪਰਿਵਾਰਾਂ ਨੂੰ ਨਿਰਾਸ਼ ਕਰਕੇ ਆਪਣੇ ਬੱਚੇ ਹੋਰਨਾਂ ਨਿੱਜੀ ਸਕੂਲਾਂ 'ਚ ਪੜ੍ਹਾਉਣ ਲਈ ਮਜ਼ਬੂਰ ਕਰਦੇ ਹਨ। ਹਰ ਸਾਲ ਨਵੇਂ ਦਾਖਲਿਆਂ ਦੀਆਂ ਸੀਟਾਂ 'ਚ ਇਹ ਕਥਿਤ ਸਕੂਲ ਟਰੱਸਟੀ ਮੈਂਬਰ ਆਪਣੇ ਕੋਟੇ ਰੱਖ ਕੇ ਬਾਅਦ 'ਚ ਆਪਣੇ ਚਹੇਤਿਆਂ ਦੇ ਬੱਚਿਆਂ ਨੂੰ ਐਡਮਿਸ਼ਨਾਂ ਦਿੰਦੇ ਹਨ।ਅਜਿਹੇ ਹਲਾਤਾਂ ਨੂੰ ਦੇਖ ਕੇ ਇੰਝ ਲੱਗਦਾ ਹੈ ਜਿਵੇਂ ਇਹ ਸਕੂਲ ਇਨ੍ਹਾਂ ਟਰੱਸਟੀ ਮੈਂਬਰਾਂ ਦੀ ਨਿੱਜੀ ਜਾਗੀਰ ਹੋਵੇ।ਇਸ ਸਕੂਲ ਦਾ ਸਿਸਟਮ ਕਿਸ ਤਰ੍ਹਾਂ ਚੱਲ ਰਿਹਾ ਹੈ, ਇਸ ਸਬੰਧੀ ਅਦਾਰਾ ਪੰਜਾਬੀ ਰੰਗ ਵੱਲੋਂ ਪੂਰੀ ਜਾਣਕਾਰੀ ਇੱਕਤਰ ਕੀਤੀ ਜਾ ਰਹੀ ਹੈ ਅਤੇ ਜਲਦੀ ਹੀ ਪੂਰੀ ਰਿਪੋਰਟ ਤਿਆਰ ਕਰਕੇ ਕੌਮ ਦੇ ਸਾਹਮਣੇ ਰੱਖੀ ਜਾਵੇਗੀ।




ਜਿੰਨ੍ਹਾਂ ਮਾਪਿਆਂ ਨੇ ਪਿਛਲੇ ਸਮੇਂ 'ਚ ਕਦੇ ਪੂਰੇ ਪੰਜ ਤੋਂ ਸੱਤ ਹਜ਼ਾਰ ਰੁਪਏ ਦੇ ਵਿਚਕਾਰ ਆਪਣੀ ਗਰੈਜੁਏਸ਼ਨ ਦੀ ਪੜ੍ਹਾਈ ਪੂਰੀ ਕੀਤੀ ਹੋਵੇਗੀ, ਉਨ੍ਹਾਂ ਨੇ ਕਦੇ ਇਹ ਨਹੀਂ ਸੋਚਿਆ ਹੋਵੇਗਾ ਕਿ ਜਦੋਂ ਉਹ ਆਪਣੇ ਬੱਚਿਆਂ ਨੂੰ ਸਕੂਲ 'ਚ ਪੜ੍ਹਾਉਣਗੇ ਤਾਂ ਪਹਿਲੀ ਤੋਂ ਤੀਜੀ ਜਮਾਤ ਦਾ ਬੁੱਕ ਸੈਂਟ ਹੀ 4 ਤੋਂ 5 ਹਜ਼ਾਰ ਰੁਪਏ ਦਾ ਆਵੇਗਾ।ਜੀ ਹਾਂ ਦੇਸ਼ ਭਰ ਦੇ ਸਕੂਲਾਂ 'ਚ ਪੜ੍ਹਦੇ ਬੱਚਿਆਂ ਦੇ ਮਾਪਿਆਂ ਨਾਲ ਇਹੀ ਹੋ ਰਿਹਾ ਹੈ, ਜਿੰਨਾਂ ਨੂੰ ਆਪਣੇ ਬੱਚੇ ਪ੍ਰਾਈਵੇਟ ਸਕੂਲਾਂ 'ਚ ਪੜ੍ਹਾਉਣ ਲਈ ਨਾ ਸਿਰਫ ਮੋਟੀ ਫੀਸ ਅਦਾ ਕਰਨੀ ਪੈ ਰਹੀ ਹੈ, ਸਗੋਂ ਐਨੁਅਲ ਚਾਰਜ (ਸਲਾਨਾਂ ਖਰਚੇ) ਅਤੇ ਮਹਿੰਗੀਆਂ ਕਿਤਾਬਾਂ ਲਈ ਵੀ ਜੇਬ ਢਿੱਲੀ ਕਰਨੀ ਪੈ ਰਹੀ ਹੈ।

**ਐੱਨ.ਸੀ.ਈ.ਆਰ.ਟੀ. ਨੂੰ ਦਰਕਿਨਾਰ ਕਰਕੇ ਪਬਲਿਸ਼ਰਾਂ ਦੀ ਚਾਂਦੀ**

ਕਿਤਾਬਾਂ ਦੇ ਇੰਨੇ ਮਹਿੰਗੇ ਹੋਣ ਪਿੱਛੇ ਅਸਲੀ ਖੇਡ ਪ੍ਰਾਈਵੇਟ ਪਬਲਿਸ਼ਰਾਂ ਤੇ ਸਕੂਲਾਂ ਦੀ ਮਿਲੀਭੁਗਤ ਹੈ।ਹਾਲਾਂਕਿ ਸੀ.ਬੀ.ਐੱਸ.ਈ. ਨੇ ਸਾਫ ਨਿਰਦੇਸ਼ ਦਿੱਤੇ ਹੋਏ ਹਨ ਕਿ ਸਕੂਲਾਂ 'ਚ ਕੇਵਲ ਐੱਨ.ਸੀ.ਈ.ਆਰ.ਟੀ. ਦੀਆਂ ਕਿਤਾਬਾਂ ਹੀ ਲਗਾਈਆਂ ਜਾਣੀਆਂ ਚਾਹੀਦੀਆਂ ਹਨ, ਜਿੰਨ੍ਹਾਂ ਦੀ ਕੀਮਤ ਬਹੁਤ ਘੱਟ ਹੁੰਦੀ ਹੈ।ਇਸ ਦੇ ਬਾਵਜੂਦ ਪ੍ਰਾਈਵੇਟ ਸਕੂਲ ਪ੍ਰਬੰਧਕ ਮੋਟੇ ਕਮਿਸ਼ਨ ਦੇ ਲਾਲਚ 'ਚ ਪ੍ਰਾਈਵੇਟ ਪਬਲਿਸ਼ਰਾਂ ਦੀਆਂ ਕਿਤਾਬਾਂ ਜ਼ਬਰਦਸਤੀ ਲਗਵਾ ਰਹੇ ਹਨ। ਮੁਨਾਫਾਖੋਰੀ ਦੀ ਇਹ ਖੇਡ ਇੰਨੀ ਵਿਵਸਥਿਤ ਹੈ ਕਿ ਹਰ ਸਾਲ ਕਿਤਾਬਾਂ ਦੇ ਐਡੀਸ਼ਨ ਬਦਲ ਦਿੱਤੇ ਜਾਂਦੇ ਹਨ ਤਾਂ ਜੋ ਪੁਰਾਣੇ ਬੱਚਿਆਂ ਦੀਆਂ ਕਿਤਾਬਾਂ ਨਵੇਂ ਬੱਚਿਆਂ ਦੇ ਕੰਮ ਨਾ ਆ ਸਕਣ।ਪਬਲਿਸ਼ਰ ਸਕੂਲਾਂ ਨੂੰ 40 ਤੋਂ 50 ਫੀਸਦੀ ਤੱਕ ਕਮਿਸ਼ਨ ਦੀ ਪੇਸ਼ਕਸ਼ ਕਰਦੇ ਹਨ, ਜਿਸਦਾ ਸਿੱਧਾ ਬੋਝ ਅੰਤ 'ਚ ਮਾਪਿਆਂ ਦੀ ਜੇਬ 'ਤੇ ਪੈਂਦਾ ਹੈ।ਹਰ ਸਾਲ ਮਹਿੰਗੀਆਂ ਕਿਤਾਬਾਂ ਬਦਲਣ ਦੀ ਨੀਤੀ ਨੇ ਮਾਪਿਆਂ ਦੀ ਨੀਂਦ ਉਡਾ ਦਿੱਤੀ ਹੈ।



ਮੁਸਲਿਮ ਫੈਡਰੇਸ਼ਨ ਆਫ ਪੰਜਾਬ ਦੇ ਪ੍ਰਧਾਨ ਐਡਵੋਕੇਟ ਮੂਬੀਨ ਫਾਰੂਕੀ ਨੇ ਕਿਹਾ ਕਿ ਸਿੱਖਿਆ ਹੁਣ ਅਧਿਕਾਰ ਨਹੀਂ ਸਗੋਂ ਇਕ ਲਗਜ਼ਰੀ ਵਸਤੂ ਹੋ ਗਈ ਹੈ, ਜਿਸਨੂੰ ਖ੍ਰੀਦਣਾ ਆਮ ਆਦਮੀ ਦੇ ਵੱਸ ਤੋਂ ਬਾਹਰ ਹੁੰਦਾ ਜਾ ਰਿਹਾ ਹੈ।ਕਿਤਾਬਾਂ ਦੇ ਨਾਲ-ਨਾਲ ਯੂਨੀਫਾਰਮ ਤੇ ਹੋਰ ਖਰਚਿਆਂ ਨੇ ਜਿਉਣਾ ਮੁਹਾਲ ਕਰ ਦਿੱਤਾ ਹੈ।ਜੇਕਰ ਇਹੀ ਹਾਲ ਰਿਹਾ ਤਾਂ ਬਚੇ ਘਰ ਬੈਠਣ ਲਈ ਮਜ਼ਬੂਰ ਹੋਣਗੇ।



ਨਾਮਵਰ ਸਮਾਜ ਸੇਵਕ ਵਸੀਮ ਸ਼ੇਖ ਨੇ ਕਿਹਾ ਕਿ ਪ੍ਰਾਈਵੇਟ ਸਕੂਲਾਂ 'ਤੇ ਨਕੇਲ ਕਸਣ ਲਈ ਕੋਈ ਠੋਸ ਕਾਨੂੰਨ ਨਹੀਂ ਹੈ।ਉਹ ਆਪਣੀ ਮਰਜ਼ੀ ਨਾਲ ਪਬਲਿਸ਼ਰ ਚੁਣਦੇ ਹਨ ਅਤੇ ਸਾਨੂੰ ਲੁੱਟਦੇ ਹਨ।ਇਕੋ ਘਰ 'ਚ ਦੋ ਬੱਚੇ ਹੋਣ 'ਤੇ ਕਿਤਾਬਾਂ ਦਾ ਬੋਝ ਅਸਹਿ ਹੋ ਜਾਂਦਾ ਹੈ।ਸਰਕਾਰ ਨੂੰ ਤੁਰੰਤ ਇਸ ਮਾਮਲੇ 'ਚ ਦਖਲ ਦੇਣਾ ਚਾਹੀਦਾ ਹੈ।

ਵਿਸ਼ੇਸ਼ ਤੌਰ 'ਤੇ ਉਨ੍ਹਾਂ ਪਰਿਵਾਰਾਂ ਲਈ ਇਹ ਸਥਿਤੀ ਬੇਹੱਦ ਕਸ਼ਟਦਾਇਕ ਹੋ ਗਈ ਹੈ, ਜਿੰਨ੍ਹਾਂ ਦੇ ਘਰ 'ਚ ਦੋ ਜਾਂ ਉਸ ਤੋਂ ਵੱਧ ਬੱਚੇ ਪੜ੍ਹ ਰਹੇ ਹਨ।ਪਹਿਲਾਂ ਦੇ ਸਮੇਂ 'ਚ ਵੱਡੇ ਭੈਣ-ਭਰਾ ਦੀਆਂ ਕਿਤਾਬਾਂ ਛੋਟੇ ਬੱਚਿਆਂ ਦੇ ਕੰਮ ਆ ਜਾਂਦੀਆਂ ਸਨ, ਜਿਸ ਨਾਲ ਮੱਧਵਰਗੀ ਪਰਿਵਾਰਾਂ ਨੂੰ ਵੱਡੀ ਰਾਹਤ ਮਿਲਦੀ ਸੀ, ਪਰ ਸਕੂਲ ਪ੍ਰਬੰਧਕਾਂ ਤੇ ਪਬਲਿਸ਼ਰਾਂ ਦੀ ਮਿਲੀਭੁਗਤ ਕਾਰਨ ਹਰ ਸਾਲ ਕਿਤਾਬਾਂ ਦੇ ਐਡੀਸ਼ਨ ਜਾਂ ਕਵਰ ਬਦਲ ਦਿੱਤੇ ਜਾਂਦੇ ਹਨ।

ਮਾਪਿਆਂ ਦਾ ਕਹਿਣਾ ਹੈ ਕਿ ਸਿਲੇਬਸ 'ਚ ਕੋਈ ਵੱਡਾ ਬਦਲਾਅ ਨਾ ਹੋਣ ਦੇ ਬਾਵਜੂਦ ਕੇਵਲ ਚੈਪਟਰਾਂ ਦਾ ਕ੍ਰਮ ਜਾਂ ਕੁਝ ਪੰਨੇ ਬਦਲਕੇ ਨਵੀਆਂ ਕਿਤਾਬਾਂ ਬਾਜ਼ਾਰ 'ਚ ਉਤਾਰ ਦਿੱਤੀਆਂ ਜਾਂਦੀਆਂ ਹਨ।ਜਿੰਨ੍ਹਾਂ ਦੇ ਦੋ ਬੱਚੇ ਸਕੂਲ ਜਾ ਰਹੇ ਹਨ, ਉਨ੍ਹਾਂ ਲਈ ਇਹ ਦੋਹਰਾ ਆਰਥਿਕ ਬੋਝ ਬਣ ਚੁੱਕਾ ਹੈ।ਪ੍ਰਾਈਵੇਟ ਸਕੂਲਾਂ 'ਚ ਅਜਿਹੇ ਹਲਾਤਾਂ ਦੇ ਚੱਲਦਿਆਂ ਮੱਧਵਰਗੀ ਪਰਿਵਾਰਾਂ ਦੀ ਸਰਕਾਰ ਤੋਂ ਮੰਗ ਹੈ ਕਿ ਮਨਮਰਜ਼ੀਆਂ ਕਰਨ ਵਾਲੇ ਨਿੱਜੀ ਸਕੂਲਾਂ 'ਤੇ ਤੁਰੰਤ ਸਖਤ ਕਾਰਵਾਈ ਕੀਤੀ ਜਾਵੇ, ਤਾਂ ਜੋ ਮੱਧਵਰਗੀ ਤੇ ਗਰੀਬ ਪਰਿਵਾਰ ਵੀ ਆਪਣੇ ਬੱਚਿਆਂ ਨੂੰ ਨਿੱਜੀ ਸਕੂਲਾਂ 'ਚ ਸਿੱਖਿਆ ਦਿਵਾ ਸਕਣ।

ਲੋਕ ਇਹ ਵੀ ਮੰਗ ਕਰ ਰਹੇ ਹਨ ਕਿ ਘੱਟੋ-ਘੱਟ ਤਿੰਨ ਤੋਂ ਪੰਜ ਸਾਲ ਤੱਕ ਇਕ ਹੀ ਸਿਲੇਬਸ ਲਾਗੂ ਰੱਖਣ ਦਾ ਨਿਯਮ ਬਣਾਇਆ ਜਾਵੇ।ਜੇਕਰ ਇਸ ਲੁੱਟ 'ਤੇ ਨਕੇਲ ਨਾ ਕਸੀ ਗਈ ਤਾਂ ਦੋ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਚੁੱਕਣਾ ਇਕ ਸਧਾਰਨ ਵਿਅਕਤੀ ਦੇ ਵੱਸ ਤੋਂ ਬਾਹਰ ਹੋ ਜਾਵੇਗਾ।













# ਮੁਸਲਿਮ ਬਲੱਡ ਬੈਂਕ ਦੀ 'ਸਬ ਕੀ ਈਦ, ਸਬ ਕੇ ਸਾਥ' ਮੁਹਿੰਮ ਮੁੜ ਹੋਈ ਸਰਗਰਮ

## ਕੁਰਬਾਨੀ ਦਾ ਹੱਕ ਹੱਕਦਾਰਾਂ ਤੱਕ ਪਹੁੰਚਾਉਣ ਲਈ ਸੰਸਥਾ ਵਚਨਬੱਧ- ਚੌਧਰੀ ਮੁਹੰਮਦ ਰਮਜ਼ਾਨ



ਮਾਲੇਰਕੋਟਲਾ, 23 ਮਈ ਅਨਸਬ: ਮਨੁੱਖਤਾ ਦੀ ਸੇਵਾ ਅਤੇ ਲੋੜਵੰਦਾਂ ਦੀ ਮਦਦ ਲਈ ਹਮੇਸ਼ਾ ਅੱਗੇ ਰਹਿਣ ਵਾਲੀ ਮੁਸਲਿਮ ਬਲੱਡ ਬੈਂਕ ਐਂਡ ਵੈਲਫੇਅਰ ਸੋਸਾਇਟੀ (ਰਜਿ:) ਮਾਲੇਰਕੋਟਲਾ ਵੱਲੋਂ ਈਦ-ਉਲ-ਅਜ਼ਹਾ ਦੇ ਮੌਕੇ 'ਸਬ ਕੀ ਈਦ, ਸਬ ਕੇ ਸਾਥ' ਮੁਹਿੰਮ ਤਹਿਤ ਇੱਕ ਵਾਰ ਫਿਰ ਵਿਸ਼ੇਸ਼ ਉਪਰਾਲਾ ਸ਼ੁਰੂ ਕੀਤਾ ਗਿਆ ਹੈ। ਪਿਛਲੇ ਤਿੰਨ ਸਾਲਾਂ ਤੋਂ ਚੱਲ ਰਹੀ ਇਸ ਮੁਹਿੰਮ ਦਾ ਮੁੱਖ ਉਦੇਸ਼ ਕੁਰਬਾਨੀ ਦੇ ਗੋਸ਼ਤ ਨੂੰ ਇਕੱਠਾ ਕਰਕੇ ਗਰੀਬ ਅਤੇ ਹੱਕਦਾਰ ਪਰਿਵਾਰਾਂ ਤੱਕ ਪਹੁੰਚਾਉਣਾ ਹੈ, ਤਾਂ ਜੋ ਈਦ ਦੀਆਂ ਖੁਸ਼ੀਆਂ ਹਰ ਵਰਗ ਤੱਕ ਪਹੁੰਚ ਸਕਣ। ਸੰਸਥਾ ਵੱਲੋਂ ਜਾਰੀ ਕੀਤੇ ਗਏ ਪੋਸਟਰ ਰਾਹੀਂ ਇਲਾਕਾ ਨਿਵਾਸੀਆਂ ਨੂੰ ਜਾਗਰੂਕ ਕਰਦਿਆਂ ਅਪੀਲ ਕੀਤੀ ਗਈ ਹੈ ਕਿ ਈਦ-ਉਲ-ਅਜ਼ਹਾ ਦਾ ਤਿਉਹਾਰ ਆਪਸੀ ਭਾਈਚਾਰੇ, ਸਫਾਈ ਅਤੇ ਸਮਾਜਿਕ ਜ਼ਿੰਮੇਵਾਰੀ ਨਾਲ ਮਨਾਇਆ ਜਾਵੇ। ਇਸ ਮੌਕੇ ਸੰਸਥਾ ਦੇ ਪ੍ਰਧਾਨ ਡਾ. ਮੁਹੰਮਦ ਰਮਜ਼ਾਨ ਨੇ ਦੱਸਿਆ ਕਿ ਪਿਛਲੇ ਸਾਲਾਂ ਦੌਰਾਨ 18 ਤੋਂ 22 ਕੁਇੰਟਲ ਤੱਕ ਗੋਸ਼ਤ ਇਕੱਠਾ ਕਰਕੇ ਸ਼ਹਿਰ ਅਤੇ ਨੇੜਲੇ ਪਿੰਡਾਂ ਦੇ ਲੋੜਵੰਦ ਪਰਿਵਾਰਾਂ ਤੱਕ ਪਹੁੰਚਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਵਾਰ ਵੀ ਸੰਸਥਾ ਦੇ ਵਲੰਟੀਅਰ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਆਪਣੀ ਸੇਵਾ ਨਿਭਾਉਣਗੇ। ਮੁਹਿੰਮ ਦੇ ਕਨਵੀਨਰ ਮੁਹੰਮਦ ਹਬੀਬ ਕੋਚ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਵਾਰ ਕਲੈਕਸ਼ਨ ਸੈਂਟਰ ਸੁਨਾਮੀ ਗੇਟ ਅੰਦਰ ਮਹਿਤਿਆਂ ਵਾਲੀ ਮਸਜਿਦ ਦੇ ਨਾਲ ਸਥਿਤ ਧਰਮਸ਼ਾਲਾ ਵਿਖੇ ਬਣਾਇਆ ਗਿਆ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਬਣਦਾ ਹੱਕ ਖੁਦ ਕਲੈਕਸ਼ਨ ਸੈਂਟਰ ਤੱਕ ਪਹੁੰਚਾਉਣ, ਕਿਉਂਕਿ ਸੰਸਥਾ ਦੇ ਵਲੰਟੀਅਰ ਘਰ-ਘਰ ਜਾ ਕੇ ਗੋਸ਼ਤ ਇਕੱਠਾ ਨਹੀਂ ਕਰਨਗੇ। ਉਨ੍ਹਾਂ ਭਰੋਸਾ ਦਿਵਾਇਆ ਕਿ ਹਰ ਹੱਕਦਾਰ ਤੱਕ ਉਸਦਾ ਹੱਕ ਪੂਰੀ ਇਮਾਨਦਾਰੀ ਨਾਲ ਪਹੁੰਚਾਇਆ ਜਾਵੇਗਾ। ਇਸ ਮੌਕੇ ਮਾਸਟਰ ਅਬਦੁਲ ਹਮੀਦ ਨੇ ਸ਼ਹਿਰ ਨਿਵਾਸੀਆਂ ਨੂੰ ਸਫਾਈ ਪ੍ਰਤੀ ਜਾਗਰੂਕ ਕਰਦਿਆਂ ਕਿਹਾ ਕਿ ਸੰਸਥਾ ਵੱਲੋਂ ਹਮੇਸ਼ਾਂ ਦੀ ਤਰ੍ਹਾਂ ਮਸਜਿਦਾਂ ਵਿੱਚ ਲਿਫਾਫੇ ਅਤੇ ਬੈਗ ਮੁਹੱਈਆ ਕਰਵਾਏ ਜਾਣਗੇ, ਤਾਂ ਜੋ ਕੁਰਬਾਨੀ ਦੇ ਵੇਸਟ ਮਟੀਰੀਅਲ ਨੂੰ ਸੁਰੱਖਿਅਤ ਢੰਗ ਨਾਲ ਇਕੱਠਾ ਕਰਕੇ ਪ੍ਰਸ਼ਾਸਨ ਵੱਲੋਂ ਲਗਾਈਆਂ ਟਰਾਲੀਆਂ ਵਿੱਚ ਪਾਇਆ ਜਾ ਸਕੇ ਅਤੇ ਸ਼ਹਿਰ ਦੀ ਸਫਾਈ ਬਣਾਈ ਰੱਖੀ ਜਾ ਸਕੇ।

ਇਸ ਮੌਕੇ ਹੈੱਡ ਬਾਡੀ ਮੈਂਬਰ ਮੁਹੰਮਦ ਨਸੀਰ, ਕਲੀਮ ਅਹਿਮਦ, ਕਮਾਲ-ਉਦ-ਦੀਨ, ਮਾਸਟਰ ਮੁਹੰਮਦ ਮੁਸ਼ਤਾਕ, ਮੁਹੰਮਦ ਹਨੀਫ਼ ਦੇ ਨਾਲ ਐਗਜ਼ੀਕਿਊਟਿਵ ਮੈਂਬਰ ਮੁਹੰਮਦ ਸਦੀਕ, ਮੁਹੰਮਦ ਜਾਵੇਦ ਨਜ਼ੀਰ, ਸੈਫ਼ ਅਲੀ ਖ਼ਾਨ, ਡਾ. ਸ਼ਫੀਕ ਥਿੰਦ ਅਤੇ ਮੁਹੰਮਦ ਹਮਜ਼ਾ ਵੀ ਮੌਜੂਦ ਸਨ।

# ਨਸ਼ਿਆਂ ਕਾਰਨ ਕਈ ਘਰਾਂ ਦੇ ਬੁੱਝ ਚੁੱਕੇ ਹਨ ਚਿਰਾਗ, ਬੁੱਢੇ ਮਾਪਿਆਂ ਦਾ ਨਹੀਂ ਰਿਹਾ ਕੋਈ ਸਹਾਰਾ

## ਕਈ ਖੇਤਰਾਂ 'ਚ ਔਰਤਾਂ ਵੱਲੋਂ ਵੀ ਚਿੱਟੇ ਦੀਆਂ ਪੁੜੀਆਂ ਵੇਚਣ ਦੇ ਚਰਚੇ ਜ਼ੋਰਾਂ 'ਤੇ

## ਕਾਨੂੰਨ ਦੇ ਲੰਬੇਂ ਹੱਥ ਵੱਡੇ ਹੋਲ-ਸੇਲਰ ਚਿੱਟਾ ਸਮੱਗਲਰਾਂ ਤੋਂ ਕਿਉਂ ਹਨ ਦੂਰ ?

ਮਾਲੇਰਕੋਟਲਾ, 23 ਮਈ (ਸ਼ਹਾਬੁਦੀਨ) ਦੋ ਕੁ ਦਹਾਕੇ ਪਹਿਲਾਂ ਇਸ ਇਲਾਕੇ ਦੇ ਲੋਕਾਂ ਨੂੰ ਸਮੈਕ, ਹੈਰੋਇਨ ਅਤੇ ਚਿੱਟੇ ਵਰਗੇ ਭਿਆਨਕ ਤੇ ਮਹਿੰਗੇ ਨਸ਼ਿਆਂ ਬਾਰੇ ਕੋਈ ਬਹੁਤੀ ਜਾਣਕਾਰੀ ਨਹੀਂ ਸੀ ਹੁੰਦੀ ਪਰ ਪਿਛਲੇ ਕੁਝ ਸਾਲਾਂ 'ਚ ਹੀ ਸਮੈਕ, ਹੈਰੋਇਨ ਤੇ ਚਿੱਟਾ ਆਦਿ ਭਿਆਨਕ ਨਸ਼ਿਆਂ ਨੇ ਇਸ ਇਲਾਕੇ 'ਚ ਆਪਣਾ ਪੂਰਾ ਜੋਰ ਫੜ੍ਹ ਰੱਖਿਆ ਹੈ।ਇਸ ਚਿੱਟੇ ਦੇ ਨਸ਼ੇ ਦਾ ਧੰਦਾ ਕਰਨ ਵਾਲਿਆਂ ਨੇ ਸਭ ਤੋਂ ਪਹਿਲਾਂ ਨੌਜਵਾਨ ਵਰਗ ਨੂੰ ਹੀ ਸਮੈਕ, ਹੈਰੋਇਨ ਤੇ ਚਿੱਟੇ ਦਾ ਨਸ਼ਾ ਕਰਨ ਦੇ ਆਦਿ ਬਣਾਇਆ ਹੈ।

ਜ਼ਿਕਰਯੋਗ ਹੈ ਕਿ ਬੇਰੋਜ਼ਗਾਰੀ ਦੇ ਸਤਾਏ ਇਹ ਨੌਜਵਾਨ ਬੇਸ਼ੱਕ ਪਹਿਲਾਂ ਤਾਂ ਸ਼ੌਂਕ-ਸ਼ੌਂਕ 'ਚ ਇਸ ਚਿੱਟੇ ਵਰਗੇ ਭਿਆਨਕ ਨਸ਼ੇ ਦਾ ਮਜ਼ਾ ਲੈਂਦੇ ਹਨ ਪਰ ਫਿਰ ਹੌਲੀ-ਹੌਲੀ ਇਸ ਨਸ਼ੇ ਦੇ ਆਦੀ ਹੋ ਜਾਣ 'ਤੇ ਜਦੋਂ ਹਜ਼ਾਰਾਂ ਰੁਪਏ ਪ੍ਰਤੀ ਗ੍ਰਾਮ ਮਿਲਣ ਵਾਲੇ ਇਸ ਚਿੱਟੇ ਪਾਊਡਰ ਰੂਪੀ ਨਸ਼ੇ ਨੂੰ ਖ੍ਰੀਦਣ ਲਈ ਉਨ੍ਹਾਂ ਦੀ ਸਮਰੱਥਾ ਨਹੀਂ ਰਹਿੰਦੀ ਤਾਂ ਆਖਿਰ ਇਹ ਨਸ਼ੇੜੀ ਨੌਜਵਾਨ ਮਜ਼ਬੂਰ ਹੋ ਕੇ ਇਹ ਭਿਆਨਕ ਚਿੱਟੇ ਦਾ ਨਸ਼ਾ ਅੱਗੇ ਵੇਚਣ ਦਾ ਧੰਦਾ ਕਰਨ ਲੱਗ ਪੈਂਦੇ ਹਨ ਜਾਂ ਫਿਰ ਮੋਟਰਸਾਇਕਲਾਂ 'ਤੇ ਸਵਾਰ ਹੋ ਕੇ ਔਰਤਾਂ ਦੇ ਗਹਿਣਿਆਂ ਦੀ ਝਪਟ ਬਾਜ਼ੀ ਤੇ ਚੋਰੀਆਂ ਦੀਆਂ ਵਾਰਦਾਤਾਂ ਕਰਕੇ ਇਸ ਮਹਿੰਗੇ ਨਸ਼ੇ ਦਾ ਭੁਸ ਪੂਰਦੇ ਹਨ। ਜ਼ਿਕਰਯੋਗ ਹੈ ਕਿ ਹੁਣ ਇਸ ਇਲਾਕੇ 'ਚ ਇਹ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਇਨੀ ਵਧ ਚੁੱਕੀ ਹੈ ਕਿ ਇਲਾਕੇ ਦੀ ਹਰ ਗਲੀ ਮੋੜ 'ਤੇ ਇਹ ਨਸ਼ਾ ਵੇਚਣ ਵਾਲੇ ਬਿਨਾਂ ਕਿਸੇ ਡਰ ਖੌਫ ਦੇ ਆਪੋ-ਆਪਣੇ ਵਾਹਨਾਂ 'ਤੇ ਇਹ ਨਸ਼ੇ ਦੀਆਂ ਪੁੜੀਆਂ ਦੀ ਸਪਲਾਈ ਕਰਦੇ ਆਮ ਦੇਖੇ ਜਾ ਸਕਦੇ ਹਨ।ਕੁਝ ਪਤਵੰਤੇ ਸ਼ਹਿਰੀਆਂ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਕਈ ਨਸ਼ਾ ਤਸ਼ਕਰਾਂ ਨੇ ਸ਼ਹਿਰ ਅੰਦਰ ਹਜ਼ਾਰਾਂ ਦੀ ਤਦਾਦ 'ਚ ਘੁੰਮਦੇ ਈ-ਰਿਕਸ਼ਿਆਂ ਨੂੰ ਆਪਣੇ ਸਪਲਾਈ ਦੇ ਸਾਧਨ ਬਣਾ ਰੱਖਿਆ ਹੈ।ਇਨ੍ਹਾਂ ਤਸ਼ਕਰਾਂ ਨੇ ਕੁਝ ਚੁਣੀਦੇ ਈ-ਰਿਕਸ਼ਾ ਚਾਲਕਾਂ ਨਾਲ ਆਪਣੀ ਗੰਢ-ਤੁੱਪ ਕੀਤੀ ਹੋਈ ਹੈ।

ਜਿੰਨ੍ਹਾਂ ਨੂੰ ਬਦਲੇ 'ਚ ਮੋਟੇ ਪੈਸੇ ਦਿੱਤੇ ਜਾਂਦੇ ਹਨ।ਇਹ ਤਸ਼ੱਕਰ ਈ-ਰਿਕਸ਼ਾ 'ਚ ਬੈਠ ਕੇ ਆਪਣੇ ਗ੍ਰਾਹਕ ਨੂੰ ਫੋਨ 'ਤੇ ਰਿਕਸ਼ੇ ਦੀ ਨਿਸ਼ਾਨੀ ਤੇ ਏਰੀਆ ਦੱਸ ਦਿੰਦੇ ਹਨ।ਅੱਗੇ ਜਾ ਕੇ ਗ੍ਰਾਹਕ ਵੀ ਈ-ਰਿਕਸ਼ੇ 'ਚ ਸਵਾਰ ਹੋ ਜਾਂਦਾ ਹੈ।ਦੋਵੇਂ ਲੈਣ ਦੇਣ ਕਰਨ ਉਪਰੰਤ ਆਪੋ-ਆਪਣੇ ਰਸਤੇ ਨਿੱਕਲ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਜਦੋਂ ਇਹ ਤਸ਼ਕਰ ਰਿਕਸ਼ੇ 'ਚ ਬੈਠੇ ਹੁੰਦੇ ਹਨ ਉਸ ਸਮੇਂ ਈ-ਰਿਕਸ਼ਾ ਚਾਲਕ ਹੋਰ ਕਿਸੇ ਵੀ ਸਵਾਰੀ ਨੂੰ ਨਹੀਂ ਬਿਠਾਉਂਦੇ।

ਜ਼ਿਕਰਯੋਗ ਹੈ ਕਿ ਇਹ ਮੌਤ ਰੂਪੀ ਚਿੱਟੇ ਦਾ ਕਾਰੋਬਾਰ ਇਸ ਹੱਦ ਤੱਕ ਪਹੁੰਚ ਚੁੱਕਾ ਹੈ ਕਿ ਚਿੱਟੇ ਦੀ ਸਪਲਾਈ ਕਰਨ ਲਈ ਕੁਝ ਵੱਡੇ ਸ਼ਹਿਰਾਂ, ਪਿੰਡਾਂ ਤੇ ਇਲਾਕੇ ਦੀਆਂ ਕੁਝ ਹਾਈ ਪ੍ਰੋਫਾਈ ਦੇਹ ਵਪਾਰ ਔਰਤਾਂ ਤੇ ਲੜਕੀਆਂ ਵੀ ਇਸ ਕੰਮ 'ਚ ਆਪਣਾ ਪੂਰਾ ਯੋਗਦਾਨ ਪਾ ਰਹੀਆਂ ਹਨ।ਆਪਣਾ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਇਕ ਕਲਪਨਿਕ ਨਾਂ ਰਿੰਪੀ ਨਾਮ ਦੀ ਔਰਤ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਪਿਛਲੇ ਕੁਝ ਸਮੇਂ ਤੋਂ ਇਸ ਨਸ਼ੇ ਵੇਚਣ ਦੇ ਧੰਦੇ ਨਾਲ ਜੁੜਕੇ ਸਾਨੂੰ ਡਬਲ ਕਮਾਈ ਹੋ ਰਹੀ ਹੈ। ਉਸਦਾ ਕਹਿਣਾ ਹੈ ਕਿ ਇਹ ਦੋਵੇਂ ਹੀ ਅਪਰਾਧਿਕ ਮੰਨੇ ਜਾਂਦੇ ਧੰਦੇ ਅਸੀਂ ਆਮ ਹੀ ਸਮਾਜ ਦੀ ਅੱਖ ਤੋਂ ਓਹਲੇ ਹੋ ਕੇ ਕਰਦੀਆਂ ਹਾਂ।

ਜਿਸ ਕਰਕੇ ਕਈ ਸਰਦੇ ਪੁੱਜਦੇ ਸਾਡੇ ਇਹ ਨਸ਼ੇੜੀ ਗਾਹਕ ਪਹਿਲਾਂ ਕੁਝ ਕੁ ਸਮਾਂ ਰੁਪਏ ਪੈਸੇ ਦੇ ਖਰਚੇ ਦੀ ਪ੍ਰਵਾਹ ਕੀਤੇ ਬਗੈਰ ਖੁੱਲ੍ਹੀ ਮੌਜ਼ ਉਡਾਉਂਦੇ ਹਨ ਪਰ ਥੋੜੇ ਹੀ ਸਮੇਂ ਬਾਅਦ ਸਿਹਤ ਪੱਖੋਂ ਕਮਜ਼ੋਰ ਹੋਏ ਇਹ ਨਸ਼ੇੜੀ ਆਪਣੇ ਆਪ ਹੀ ਸਾਡੇ ਪਿੱਛੋਂ ਲੱਥ ਜਾਂਦੇ ਹਨ ਤੇ ਅਸੀਂ ਹੋਰ ਨਵੇਂ ਗਾਹਕ ਤਲਾਸ਼ ਲਈਦੇ ਹਨ। ਉਨ੍ਹਾਂ ਦੱਸਿਆ ਕਿ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਅੰਦਰ ਘਰਾਂ 'ਚ ਬੈਠੀਆਂ ਕਈ ਔਰਤਾਂ ਵੀ ਇਹ ਚਿੱਟੇ ਦਾ ਕਾਰੋਬਾਰ ਬੇਖੌਫ ਕਰ ਰਹੀਆਂ ਹਨ।ਇਨ੍ਹਾਂ ਨੇ ਆਪਣੇ ਆਲੇ-ਦੁਆਲੇ ਦੇ ਲੋਕਾਂ 'ਚ ਇਨੀ ਦਹਿਸ਼ਤ ਪੈਦਾ ਕਰ ਰੱਖੀ ਹੈ ਕਿ ਕੋਈ ਵੀ ਇਲਾਕਾ ਵਾਸੀ ਇਨ੍ਹਾਂ ਦੇ ਖਿਲਾਫ ਬੋਲਣ ਦੀ ਹਿੰਮਤ ਨਹੀਂ ਕਰਦਾ। ਇਹ ਚਿੱਟੇ ਦੇ ਵੱਡੇ ਸਰਗਰਮ ਤਸ਼ਕਰ ਪੁਲਿਸ ਦੀ ਗ੍ਰਿਫਤ 'ਚ ਕਿਉਂ ਨਹੀਂ ਆਉਂਦੇ।

ਪੁਲਿਸ ਨੇ ਹੁਣ ਤੱਕ ਜਿੰਨ੍ਹੇ ਵੀ ਨੌਜਵਾਨ ਚਿੱਟਾ ਤਸ਼ਕਰੀ 'ਚ ਫੜ੍ਹ ਕੇ ਜ਼ੇਲਾਂ 'ਚ ਸੁੱਟੇ ਹਨ ਉਨ੍ਹਾਂ 'ਚ ਜ਼ਿਆਦਾਤਰ ਕਥਿਤ ਨਸ਼ੇੜੀ ਕਿਸਮ ਦੇ ਉਹ ਨੌਜਵਾਨ ਦੱਸੇ ਜਾਂਦੇ ਹਨ, ਜੋ ਆਪਣੇ ਨਸ਼ੇ ਦੀ ਪੂਰਤੀ ਦਾ ਖਰਚਾ ਕੱਢਣ ਲਈ ਦੋ-ਚਾਰ ਗਰਾਮੀਆਂ ਦੀਆਂ ਪੁੜੀਆਂ ਲੈ ਕੇ ਅੱਗੇ ਵੇਚਦੇ ਹਨ।ਪੁਲਿਸ ਦੇ ਉਹ ਲੰਬੇ ਕਹੇ ਜਾਣ ਵਾਲੇ ਹੱਥ ਉਨ੍ਹਾਂ ਸਮੱਗਲਰਾਂ ਤੱਕ ਕਿਉਂ ਨਹੀਂ ਪੁੱਜਦੇ ਜਿੰਨ੍ਹਾਂ ਦੇ ਗਡਾਉਨਾਂ 'ਚੋਂ ਇਹ ਇੱਕ-ਇੱਕ-ਦੋ-ਦੋ ਗ੍ਰਾਮ ਦੀਆਂ ਪੁੜੀਆਂ ਤਿਆਰ ਹੋ ਕੇ ਬਾਹਰ ਨਿੱਕਲਦੀਆਂ ਹਨ।ਇਨ੍ਹਾਂ ਵੱਡੇ ਸਮੱਗਲਰਾਂ ਦੇ ਸਿਰ 'ਤੇ ਕਿਹੜੀ ਪਾਵਰ ਦਾ ਹੱਥ ਹੈ।ਇਸ ਬਾਰੇ ਸ਼ਹਿਰ 'ਚ ਤਰ੍ਹਾਂ-ਤਰ੍ਹਾਂ ਲੋਕ ਚਰਚੇ ਆਮ ਸੁਣੇ ਜਾਂਦੇ ਹਨ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਚਾਰ-ਪੰਜ ਸਾਲਾਂ 'ਚ ਮਾਲੇਰਕੋਟਲੇ ਹਲਕੇ ਦਾ ਕੋਈ ਗਲੀ ਮੁਹੱਲਾ ਜਾਂ ਪਿੰਡ ਅਜਿਹਾ ਨਹੀਂ ਬਚਿਆ ਜਿਥੋਂ ਦੇ ਇੱਕ ਜਾਂ ਦੋ ਨੌਜਵਾਨ ਇਸ ਨਸ਼ੇ ਦੀ ਭੇਟ ਚੜ੍ਹ ਕੇ ਮੌਤ ਦੇ ਮੂੰਹ 'ਚ ਨਾ ਗਏ ਹੋਣ।

ਦੱਸਣਯੋਗ ਹੈ ਕਿ ਪਿਛਲੇ ਕੁਝ ਹੀ ਸਮੇਂ ਦੌਰਾਨ ਇਕੱਲੇ ਮਾਲੇਰਕੋਟਲਾ ਅੰਦਰ ਇਸ ਤਰ੍ਹਾਂ ਨਸ਼ਿਆਂ ਦੀ ਲਪੇਟ 'ਚ ਆ ਕੇ ਮਰਨ ਵਾਲਿਆਂ ਦੀ ਗਿਣਤੀ ਕਈ ਦਰਜਣਾਂ ਟੱਪ ਚੁੱਕੀ ਹੈ ਤੇ ਉਨ੍ਹਾਂ ਦੇ ਬਜ਼ੁਰਗ ਮਾਪਿਆਂ ਦਾ ਬੁਢਾਪੇ ਦਾ ਇਕੋ-ਇਕ ਸਹਾਰਾ ਸਦਾ ਲਈ ਤੁਰ ਜਾਣ ਕਾਰਨ ਉਨ੍ਹਾਂ ਦੀ ਸਮਝੋ ਕਮਰ ਹੀ ਟੁੱਟ ਗਈ ਹੈ।

ਨਸ਼ਿਆਂ ਕਾਰਨ ਗਹਿਰੀ ਚਿੰਤਾ 'ਚ ਡੁੱਬੇ ਹੋਰਨਾਂ ਨੌਜਵਾਨ ਬੱਚਿਆਂ ਦੇ ਮਾਪਿਆਂ ਨੇ ਕਿਹਾ ਕਿ ਨਸ਼ਿਆਂ ਦੀ ਇਹ ਚੱਲ ਰਹੀ ਹਨ੍ਹੇਰੀ ਅੱਤਵਾਦ ਦੇ ਕਾਲੇ ਸਮੇਂ ਤੋਂ ਵੀ ਭਿਆਨਕ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੀਆਂ ਘਰ ਬੈਠੀਆਂ ਨੂੰਹਾਂ, ਧੀਆਂ ਨਾਲੋਂ ਜ਼ਿਆਦਾ ਬਾਹਰ ਮੁੰਡਿਆਂ ਦੀ ਢਾਣੀ 'ਚ ਬੈਠਦੇ ਨੌਜਵਾਨ ਲੜਕਿਆਂ ਨੂੰ ਨਸ਼ਿਆਂ ਤੋਂ ਬਚਾਉਣ ਦਾ ਫਿਕਰ ਵੱਢ-ਵੱਢ ਖਾਈ ਜਾ ਰਿਹਾ ਹੈ।ਇਲਾਕੇ ਦੀਆਂ ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਧਾਰਮਿਕ ਜਥੇਬੰਦੀਆਂ ਤੇ ਹੋਰ ਲੋਕਾਂ ਨੇ ਵੀ ਸਰਕਾਰ ਤੋਂ ਇਨ੍ਹਾਂ ਮੌਤ ਰੂਪੀ ਚਿੱਟੇ ਵਰਗੇ ਨਸ਼ਿਆਂ ਨੂੰ ਤੁਰੰਤ ਬੰਦ ਕੀਤੇ ਜਾਣ ਦੀ ਪੁਰਜ਼ੋਰ ਮੰਗ ਕੀਤੀ ਹੈ।

# ਦੇਸ਼ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ 'ਚ ਵੱਧ ਰਿਹਾ ਭੀਖ ਮੰਗਣ ਦਾ ਰੁਝਾਨ

## ਭਾਰਤ ਅੰਦਰ ਹਜ਼ਾਰਾਂ ਦੀ ਗਿਣਤੀ ਭਿਖਾਰੀ 12ਵੀਂ ਪਾਸ ਤੇ ਕਈਆਂ ਕੋਲ ਨੇ ਪ੍ਰੋਫੈਸ਼ਨਲ ਗਿਡਰੀਆਂ

## ਦੇਸ਼ ਨੂੰ ਭਿਖਾਰੀ ਮੁਕਤ ਦੇਸ਼ ਬਣਾਉਣ ਲਈ ਸਰਕਾਰਾਂ ਉਠਾਉਣ ਉਚਿਤ ਕਦਮ

ਮਾਲੇਰਕੋਟਲਾ, 23 ਮਈ (ਪੰਜਾਬੀ ਰੰਗ ਬਿਓਰੋ) ਭਾਵੇਂ ਕਿ ਸਾਡੇ ਭਾਰਤ ਦੇਸ਼ ਅੰਦਰ ਪਹਿਲਾਂ ਹੀ ਲੱਖਾਂ ਦੀ ਗਿਣਤੀ ਭਿਖਾਰੀਆਂ ਦੀ ਮੌਜੂਦ ਹੈ ਪਰ ਹੁਣ ਬੇਰੁਜ਼ਗਾਰੀ ਦੇ ਝੰਬੇ ਦੇਸ਼ ਦੇ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਅੰਦਰ ਵੀ ਭੀਖ ਮੰਗਣ ਦਾ ਰਸਤਾ ਅਖਤਿਆਰ ਕਰਨ ਦਾ ਦਿਨੋ-ਦਿਨ ਵੱਧ ਰਿਹਾ ਰੁਝਾਨ ਜਿਥੇ ਸਾਡੇ ਲਈ ਇੱਕ ਵੱਡੀ ਚਿੰਤਾਂ ਦਾ ਵਿਸ਼ਾ ਹੈ ਉਥੇ ਇਹ ਸਾਡੇ ਵਿਕਾਸਸ਼ੀਲ ਦੇਸ਼ ਦੇ ਮੱਥੇ 'ਤੇ ਇੱਕ ਵੱਡਾ ਕਲੰਕ-ਨੁਮਾ ਦਾਗ ਹੈ।ਜੇਕਰ ਸਾਡੀਆਂ ਸਰਕਾਰਾਂ ਨੇ ਸਮਾਂ ਰਹਿੰਦਿਆਂ ਨੌਜਵਾਨ ਵਰਗ ਲਈ ਯੋਗ ਰੁਜ਼ਗਾਰਾਂ ਦੇ ਪ੍ਰਬੰਧ ਨਾ ਕੀਤੇ ਤਾਂ ਪਰਿਵਾਰਾਂ ਦੀ ਆਰਥਿਕ ਤੰਗੀ ਦਾ ਸ਼ਿਕਾਰ ਹੋਇਆ ਨੌਜਵਾਨ ਵਰਗ ਕੁਰਾਹੇ ਪੈ ਕੇ ਗੈਰ-ਕਾਨੂੰਨੀ ਰਸਤੇ ਅਖਤਿਆਰ ਕਰੇਗਾ, ਜਿਸ ਦੇ ਨਿੱਕਲਣ ਵਾਲੇ ਗੰਭੀਰ ਸਿੱਟੇ ਭਵਿੱਖ 'ਚ ਪੂਰੇ ਦੇਸ਼ ਨੂੰ ਭੁਗਤਣੇ ਪੈ ਸਕਦੇ ਹਨ। ਤੁਹਾਨੂੰ ਇਹ ਜਾਣ ਕੇ ਬੜੀ ਹੈਰਾਨੀ ਹੋਵੇਗੀ ਕਿ ਸਾਲ 2011 ਦੀ ਜਨਗਣਨਾਂ ਰਿਪੋਰਟ ਮੁਤਾਬਕ ਭਾਰਤ ਦੇਸ਼ ਦੇ ਕੁੱਲ ਤਿੰਨ ਲੱਖ 72 ਹਜ਼ਾਰ ਭਿਖਾਰੀਆਂ ਵਿਚੋਂ 75 ਹਜ਼ਾਰ ਭਿਖਾਰੀ 12 ਵੀਂ ਕਲਾਸ ਪਾਸ ਕਰ ਚੁੱਕੇ ਹਨ, ਜੇਕਰ ਗੈਰ ਸਰਕਾਰੀ ਅੰਕੜਿਆਂ ਦੀ ਰਿਪੋਰਟ ਵੱਲ ਝਾਤੀ ਮਾਰੀਏ ਤਾਂ ਦੇਸ਼ ਅੰਦਰ ਭਿਖਾਰੀਆਂ ਦੀ ਗਿਣਤੀ ਲਿਸਟ ਕਈ ਗੁਣਾ ਲੰਬੀਂ ਹੈ। ਇਸ ਤੋਂ ਵੀ ਵੱਡੀ ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਦੇਸ਼ ਦੇ ਤਿੰਨ ਹਜ਼ਾਰ ਤੋਂ ਵੱਧ ਭਿਖਾਰੀਆਂ ਕੋਲ ਪ੍ਰੋਫੈਸ਼ਨਲ ਡਿਪਲੋਮੇ ਜਾਂ ਡਿਗਰੀਆਂ ਸਮੇਤ ਸਰਟੀਫਿਕੇਟ ਕੋਰਸ ਹਨ। ਇਥੋਂ ਤੱਕ ਕਿ ਕੁਝ ਭਿਖਾਰੀ ਗਰੇਜੂਏਟ ਅਤੇ ਪੋਸਟ ਗਰੈਜੂਏਟ ਵੀ ਪਾਸ ਕਰ ਚੁੱਕੇ ਹਨ, ਪਰੰਤੂ ਇਹ ਡਿਗਰੀਆਂ ਹੋਣ ਦੇ ਬਾਵਜੂਦ ਚੰਗੀਆਂ ਨੌਕਰੀਆਂ ਨਾ ਮਿਲਣ ਕਾਰਨ ਇਹ ਪੜ੍ਹੇ-ਲਿਖੇ ਭਿਖਾਰੀ ਸੜਕਾਂ 'ਤੇ ਲੋਕਾਂ ਸਾਹਮਣੇ ਹੱਥ ਫੈਲਾਉਣ ਲਈ ਮਜ਼ਬੂਰ ਹਨ।ਪੜ੍ਹੇ-ਲਿਖੇ ਭਿਖਾਰੀਆਂ ਸਬੰਧੀ ਵੱਖ-ਵੱਖ ਇਲਾਕਿਆਂ ਤੋਂ ਇਕੱਤਰ ਕੀਤੇ ਅੰਕੜਿਆਂ ਤਹਿਤ 12 ਵੀਂ ਪਾਸ 40 ਵਰ੍ਹਿਆਂ ਦੇ ਇੱਕ ਦਿਨੇਸ਼ ਕੁਮਾਰ ਨਾਮੀ ਭਿਖਾਰੀ ਅਨੁਸਾਰ ਉਹ ਗਰੀਬ ਪਰ ਇਮਾਨਦਾਰ ਹੈ।ਭੀਖ ਉਹ ਇਸ ਲਈ ਮੰਗ ਰਿਹਾ ਹੈ ਕਿ ਨੌਕਰੀ ਨਾਲੋਂ ਜ਼ਿਆਦਾ ਪ੍ਰਤੀ ਦਿਨ 700 ਤੋਂ 800 ਰੁਪਏ ਉਹ ਭੀਖ ਮੰਗ ਕੇ ਇਕੱਠੇ ਕਰ ਲੈਂਦਾ ਹੈ ਜਦ ਕਿ ਇੱਕ ਹਸਪਤਾਲ 'ਚ ਵਾਰਡ ਬੋਆਏ ਦੀ ਨੌਕਰੀ ਦੌਰਾਨ ਉਸਨੂੰ ਇੱਕ ਦਿਨ 'ਚ ਸਿਰਫ 400 ਰੁਪਏ ਹੀ ਮਿਲਦੇ ਸਨ। ਇੱਕ ਹੋਰ 50 ਵਰ੍ਹਿਆਂ ਦੇ ਸੁਧੀਰ ਬਾਬੂਲਾਲ ਅਨੁਸਾਰ ਉਹ ਬੀ.ਕਾਮ ਤੀਜਾ ਸਾਲ 'ਚ ਫੇਲ੍ਹ ਹੋ ਗਿਆ ਸੀ, ਜੋ ਇੱਕ ਬਿੱਹਤਰ ਜਿੰਦਗੀ ਦੇ ਸੁਪਨੇ ਲੈ ਕੇ ਅਹਿਮਦਾਬਾਦ ਗਿਆ ਸੀ ਪਰ ਉਥੇ 10 ਘੰਟਿਆਂ ਦੀ ਸ਼ਿਫਟ ਵਾਲੀ ਨੌਕਰੀ 'ਚ ਉਸਨੂੰ ਕੇਵਲ 12 ਹਜ਼ਾਰ ਰੁਪਏ ਮਹੀਨਾਂ ਹੀ ਮਿਲਦੇ ਸਨ ਜਦ ਕਿ ਭੀਖ ਮੰਗਦਿਆਂ ਉਹ ਮਹੀਨੇ 'ਚ ਦੁੱਗਣੇ ਇਕੱਠੇ ਕਰ ਲੈਂਦਾ ਹੈ। ਇਸੇ ਤਰ੍ਹਾਂ 45 ਸਾਲਾਂ ਦਸ਼ਰਥ ਪੁਆਰ ਅਨੁਸਾਰ ਉਸ ਕੋਲ ਗੁਜ਼ਰਾਤ ਦੇ ਇਕ ਕਾਲਜ ਦੀ ਗਰੈਜੂਏਸ਼ਨ ਦੀ ਡਿਗਰੀ ਹੈ ਪਰੰਤੂ ਗਰੀਬੀ ਕਾਰਨ ਭੀਖ ਮੰਗਣ ਲਈ ਮਜ਼ਬੂਰ ਹੈ। ਇੱਕ ਰਿਪੋਰਟ ਮੁਤਾਬਕ ਪੰਜਾਬ 'ਚ ਵੀ ਕਈ ਮੰਗਤੇ ਅਜਿਹੇ ਹਨ ਜੋ 10ਵੀਂ-12ਵੀਂ ਕਲਾਸ ਪਾਸ ਹਨ, ਪਰੰਤੂ ਚੱਜ ਦੀ ਨੌਕਰੀ ਨਾ ਮਿਲਣ ਕਾਰਨ ਉਨ੍ਹਾਂ ਨੇ ਭੀਖ ਮੰਗਣ ਦਾ ਰਸਤਾ ਅਪਣਾ ਲਿਆ ਹੈ, ਜੋ ਉਨ੍ਹਾਂ ਨੂੰ ਅਸਾਨ ਲੱਗਦਾ ਹੈ।ਜਦੋਂ ਇਸ ਸਬੰਧੀ ਉਘੇ ਵਿਦਵਾਨ ਪ੍ਰਿੰਸੀਪਲ ਕਮਲਜੀਤ ਸਿੰਘ ਟਿੱਬਾ ਸਮੇਤ ਹੋਰ ਸਮਾਜ ਸੇਵਕਾਂ ਨਾਲ ਗੱਲ ਕੀਤੀ ਤਾਂ ਉਨ੍ਹਾਂ ਇਸ ਲਈ ਸਰਕਾਰ ਦੇ ਨਾਲ-ਨਾਲ ਉਨ੍ਹਾਂ ਅਦਾਰਿਆਂ ਤੇ ਕੰਪਨੀਆਂ ਨੂੰ ਵੀ ਜਿੰਮੇਵਾਰ ਠਹਿਰਾਇਆ ਜੋ ਨੌਜਵਾਨਾਂ ਨੂੰ ਉਨ੍ਹਾਂ ਦੀ ਕਾਬਲੀਅਤ ਦੇ ਮੁਤਾਬਕ ਨੌਕਰੀਆਂ ਅਤੇ ਤਨਖਾਹਾਂ ਨਹੀਂ ਦਿੰਦੀਆਂ। ਜਿਸ ਕਾਰਨ ਉਹ ਵਿਚਾਰੇ ਪਰਿਵਾਰ ਚਲਾਉਣ ਲਈ ਮੰਗਤੇ ਬਣ ਜਾਂਦੇ ਹਨ। ਉਨ੍ਹਾਂ ਕਿਹਾ ਕਿ ਮਾਰਕੀਟ 'ਚ ਕੰਮ ਕਰਦੀਆਂ ਕੰਪਨੀਆਂ ਤੇ ਹੋਰ ਕਾਰੋਬਾਰੀ ਅਦਾਰਿਆਂ ਵੱਲੋਂ ਆਪਣੇ ਵਰਕਰਾਂ ਨੂੰ ਦਿੱਤੀਆਂ ਜਾਂਦੀਆਂ ਤਨਖਾਹਾਂ ਅੱਜ ਦੇ ਮਹਿੰਗਾਈ ਯੁੱਗ 'ਚ ਬਹੁਤ ਘੱਟ ਹਨ, ਇੰਨੇ ਕੁ ਪੈਸਿਆਂ ਨਾਲ ਪੇਟ ਤਾਂ ਪਾਲਿਆ ਜਾ ਸਕਦਾ ਪਰੰਤੂ ਆਪਣੇ ਬੱਚਿਆਂ ਨੂੰ ਚੰਗੀ ਵਿੱਦਿਆ ਨਹੀਂ ਦਿਵਾਈ ਜਾ ਸਕਦੀ। ਦੇਸ਼ ਨੂੰ ਭਿਖਾਰੀ ਮੁਕਤ ਬਣਾਉਣ ਲਈ ਸਾਡੀਆਂ ਸਰਕਾਰਾਂ ਨੂੰ ਇਸ ਪਾਸੇ ਵਿਸ਼ੇਸ ਧਿਆਨ ਦੇ ਕੇ ਉਚਿਤ ਕਦਮ ਉਠਾਉਣ ਦੀ ਲੋੜ੍ਹ ਹੈ।ਪਿਛਲੇ ਸਮੇਂ ਦੌਰਾਨ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸੂਬੇ ਦੇ ਵੱਖ-ਵੱਖ ਜ਼ਿਲਿਆਂ 'ਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਆਪਣੇ ਜ਼ਿਲਿਆਂ ਨੂੰ ਭਿਖਾਰੀ ਮੁਕਤ ਬਣਾਉਣ ਦਾ ਬੀੜਾ ਚੁੱਕਦਿਆਂ ਪ੍ਰਸ਼ਾਸਨ ਨੇ ਵੱਖ-ਵੱਖ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ ਚੌਂਕਾ, ਬਜ਼ਾਰਾਂ ਤੇ ਧਾਰਮਿਕ ਸਥਾਨਾਂ ਦੇ ਬਾਹਰੋਂ ਫੜ੍ਹੇ ਭਿਖਾਰੀਆਂ 'ਚੋਂ ਕਈਆਂ ਨੂੰ ਭਵਿੱਖ 'ਚ ਭੀਖ ਨਾ ਮੰਗਣ ਦੀ ਪ੍ਰੇਰਨਾ ਦੇ ਕੇ ਸ਼ੈਲਟਰ ਹੋਮ ਭੇਜਿਆ ਸੀ ਜਿਥੇ ਉਕਤ ਭਿਖਾਰੀਆਂ ਨੂੰ ਸਮਾਜਿਕ ਸੰਸਥਾਵਾਂ ਦੀ ਸਹਾਇਤਾ ਨਾਲ ਸਾਫ ਕੱਪੜੇ ਤੇ ਖਾਣਾ ਦੇਣ ਤੋਂ ਇਲਾਵਾ ਭੀਖ ਮੰਗਣ ਦਾ ਕੰਮ ਛੱਡ ਕੇ ਹੱਥੀ ਕੰਮ ਕਰਨ ਅਤੇ ਛੋਟੇ ਬੱਚਿਆਂ ਨੂੰ ਪੜ੍ਹਣ ਲਈ ਪ੍ਰੇਰਿਤ ਕੀਤਾ ਗਿਆ ਸੀ, ਤਾਂ ਜੋ ਉਹ ਵੀ ਸ਼ਹਿਰ ਦੇ ਚੰਗੇ ਨਾਗਰਿਕ ਬਣ ਸਕਣ। ਉਸ ਸਮੇਂ ਪ੍ਰਸ਼ਾਸਨ ਵੱਲੋਂ ਅਰੰਭੀ ਗਈ ਉਕਤ ਮੁਹਿੰਮ ਦੇ ਲੋਕ ਲਹਿਰ ਬਣਨ ਦੀ ਉਮੀਦ ਪ੍ਰਗਟਾਈ ਗਈ ਸੀ ਪਰੰਤੂ ਅਜਿਹਾ ਨਹੀਂ ਹੋਇਆ ਕਿਉਂਕਿ ਉਕਤ ਮੁਹਿੰਮ ਕੁਝ ਦਿਨਾਂ ਬਾਅਦ ਹੀ ਮੱਠੀ ਪੈ ਗਈ। ਅੱਜ ਲੋੜ ਹੈ ਕਿ ਦੇਸ਼ ਦੀਆਂ ਸੂਬਾ ਸਰਕਾਰਾਂ ਆਪੋ-ਆਪਣੇ ਸੂਬਿਆਂ ਨੂੰ ਭਿਖਾਰੀ ਮੁਕਤ ਐਲ਼ਾਨ ਕਰਕੇ ਇਸ ਪਾਸੇ ਯੋਗ ਕਦਮ ਉਠਾਉਣ, ਤਾਂ ਜੋ ਸਾਡੇ ਪੜ੍ਹੇ-ਲਿਖੇ ਨੌਜਵਾਨ ਭਿਖਾਰੀ ਬਣਨ ਦੀ ਬਜਾਏ ਹੱਥੀ ਕੰਮ ਕਰਕੇ ਦੇਸ਼ ਦੇ ਚੰਗੇ ਨਾਗਰਿਕ ਬਣ ਸਕਣ।

# ਸਕੂਲ ਫਾਰ ਬਲਾਇੰਡ ਐਂਡ ਡਿਸਏਬਲਡ ਮਾਲੇਰਕੋਟਲਾ ਦੀ ਨਵੀਂ ਕਮੇਟੀ ਗਠਿਤ

## ਰਾਸ਼ਿਦ ਸ਼ੇਖ ਚੇਅਰਮੈਨ, ਜਗਤ ਸਿੰਘ ਠਾਕੁਰ ਸੈਕਟਰੀ ਅਤੇ ਮੁਹੰਮਦ ਜਮੀਲ ਕੈਸ਼ੀਅਰ ਬਣੇ



ਮਾਲੇਰਕੋਟਲਾ, 23 ਮਈ ਅਸ਼ਰਫ ਅਨਸਾਰੀ: ਰੋਟਰੀ ਕਲੱਬ ਮਲੇਰਕੋਟਲਾ ਦੇ ਪ੍ਰਬੰਧ ਅਧੀਨ ਚੱਲਣ ਵਾਲੇ ਪੰਜਾਬ ਦੇ ਨਾਮਵਰ ਅਦਾਰੇ 'ਸਕੂਲ ਫਾਰ ਬਲਾਇੰਡ ਐਂਡ ਡਿਸਏਬਲਡ' ਦੀ ਪ੍ਰਬੰਧਕੀ ਕਮੇਟੀ ਦੇ ਗਠਨ ਲਈ ਅੱਜ ਸਥਾਨਕ ਕਲੱਬ ਵਿਖੇ ਮੈਂਬਰਾਂ ਦੀ ਇੱਕ ਅਹਿਮ ਮੀਟਿੰਗ ਹੋਈ। ਚੇਅਰਮੈਨ ਸ਼੍ਰੀ ਉਸਮਾਨ ਸਿਦੀਕੀ ਦੀ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ ਦੀ ਕਾਰਵਾਈ ਸੈਕਟਰੀ ਜਗਤ ਸਿੰਘ ਠਾਕੁਰ ਨੇ ਚਲਾਈ। ਮੀਟਿੰਗ ਦੌਰਾਨ ਸਰਵਸੰਮਤੀ ਨਾਲ ਨਵੀਂ ਪ੍ਰਬੰਧਕੀ ਕਮੇਟੀ ਦਾ ਗਠਨ ਕੀਤਾ ਗਿਆ। ਨਵੀਂ ਕਮੇਟੀ ਦੇ ਫੈਸਲੇ ਅਨੁਸਾਰ ਸ਼੍ਰੀ ਰਾਸ਼ਿਦ ਸ਼ੇਖ ਨੂੰ ਪ੍ਰਬੰਧਕੀ ਕਮੇਟੀ ਦਾ ਨਵਾਂ ਚੇਅਰਮੈਨ, ਸ਼੍ਰੀ ਜਗਤ ਸਿੰਘ ਠਾਕੁਰ ਨੂੰ ਸੈਕਟਰੀ ਅਤੇ ਸ਼੍ਰੀ ਮੁਹੰਮਦ ਜਮੀਲ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸੇ ਤਰ੍ਹਾਂ ਸ਼੍ਰੀ ਪ੍ਰਕਾਸ਼ ਗੋਗੀਆ ਨੂੰ ਵਾਈਸ ਚੇਅਰਮੈਨ ਅਤੇ ਸ਼੍ਰੀ ਰਾਮਵੀਰ ਸ਼ਰਮਾ ਨੂੰ ਜੁਆਇੰਟ ਸੈਕਟਰੀ ਦੀ ਜ਼ਿੰਮੇਵਾਰੀ ਸੌਂਪੀ ਗਈ, ਜਦੋਂ ਕਿ ਸ਼੍ਰੀ ਉਸਮਾਨ ਸਿਦੀਕੀ ਨੂੰ ਸਕੂਲ ਫਾਰ ਬਲਾਇੰਡ ਦਾ ਡਾਇਰੈਕਟਰ ਲਗਾਇਆ ਗਿਆ ਹੈ। ਨਵੇਂ ਬਣੇ ਚੇਅਰਮੈਨ ਸ਼੍ਰੀ ਰਾਸ਼ਿਦ ਸ਼ੇਖ ਨੂੰ ਅੱਗੇ ਨਵੀਂ ਕਾਰਜਕਾਰਨੀ ਬਣਾਉਣ ਦੇ ਸੰਪੂਰਨ ਅਧਿਕਾਰ ਦਿੱਤੇ ਗਏ। ਮੀਟਿੰਗ ਵਿੱਚ ਫੈਸਲਾ ਲਿਆ ਗਿਆ ਕਿ ਜੂਨ ਮਹੀਨੇ ਦੀਆਂ ਛੁੱਟੀਆਂ ਦੌਰਾਨ ਸਕੂਲ ਦੇ ਹਾਲ ਦਾ ਨਵੀਨੀਕਰਨ ਕਰਵਾਇਆ ਜਾਵੇਗਾ। ਵਰਨਣਯੋਗ ਹੈ ਕਿ ਪੁਰਾਣੀ ਟੀਮ ਦੀ ਅਣਥੱਕ ਮਿਹਨਤ ਸਦਕਾ ਇਹ ਸਕੂਲ ਪੰਜਾਬ ਭਰ ਵਿੱਚ ਦਿਵਿਆਂਗ ਵਿਦਿਆਰਥੀਆਂ ਦਾ ਇੱਕ ਉੱਚ-ਕੋਟੀ ਦਾ ਅਦਾਰਾ ਬਣ ਚੁੱਕਾ ਹੈ। ਬੀਤੇ ਸਾਲਾਂ ਦੌਰਾਨ ਇੱਥੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ ਅਤੇ ਸੰਸਥਾ ਦੇ ਨਤੀਜੇ ਵੀ ਸ਼ਾਨਦਾਰ ਰਹੇ ਹਨ। ਇਸ ਸਕੂਲ ਵਿੱਚ ਲੋੜਵੰਦ ਵਿਦਿਆਰਥੀਆਂ ਨੂੰ ਸਿੱਖਿਆ, ਰਿਹਾਇਸ਼, ਖਾਣਾ ਅਤੇ ਹੋਰ ਲੋੜੀਂਦੀਆਂ ਸਹੂਲਤਾਂ ਬਿਲਕੁਲ ਮੁਫ਼ਤ ਮੁਹੱਈਆ ਕਰਵਾਈਆਂ ਜਾਂਦੀਆਂ ਹਨ।

ਨਵੇਂ ਚੁਣੇ ਗਏ ਚੇਅਰਮੈਨ ਸ਼੍ਰੀ ਰਾਸ਼ਿਦ ਸ਼ੇਖ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਸਭ ਦੀਆਂ ਉਮੀਦਾਂ 'ਤੇ ਖ਼ਰੇ ਉਤਰਨਗੇ ਅਤੇ ਸਾਰਿਆਂ ਦੇ ਸਹਿਯੋਗ ਨਾਲ ਸੰਸਥਾ ਨੂੰ ਨਵੀਆਂ ਬੁਲੰਦੀਆਂ 'ਤੇ ਲੈ ਕੇ ਜਾਣਗੇ।

ਇਸ ਮੀਟਿੰਗ ਵਿੱਚ ਰੋਟਰੀ ਕਲੱਬ ਮਲੇਰਕੋਟਲਾ ਦੇ ਪ੍ਰਧਾਨ ਡਾਕਟਰ ਸਈਅਦ ਤਨਵੀਰ ਹੁਸੈਨ, ਸ਼੍ਰੀ ਸੰਦੀਪ ਬਾਂਸਲ, ਮਹਿੰਦਰ ਪਾਲ, ਕਰਤਾਰ ਸਿੰਘ, ਮੁਹੰਮਦ ਮਨੀਸ਼, ਮੁਹੰਮਦ ਸ਼ਮਸ਼ਾਦ, ਰਣਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ ਸਮੇਤ ਹੋਰ ਪਤਵੰਤੇ ਵੀ ਹਾਜ਼ਰ ਸਨ।






# ਕਵੀਤਾ

ਵੰਨ ਸਵੰਨੀ
ਦੁਨੀਆਂ ਸਾਰੀ।
ਵੱਖੋ ਵੱਖਰੇ
ਸਭ ਦੇ ਖਿਆਲ।
ਵੱਖੋ ਵੱਖਰਾ
ਜੰਮਣਾ ਮਰਨਾ।
ਕੋਈ ਨੀ ਜਾਦਾ
ਜੱਗ ਚੋ ਨਾਲ।
ਹੁਸਨ ਜਵਾਨੀ
ਮਾਪੇ ਤੁਰ ਜਾਣ।
ਮੁੜ ਨੀ ਲੱਭਦੇ,
ਨਾ ਜੱਗ ਚੋ ਭਾਲ।
ਜੇ ਪਾਪਾਂ ਦੀ ਠੰਡ
ਲੱਗਦੀ ਰੂਹ ਨੂੰ।
ਨਾਮ ਦਾ ਅੰਦਰ
ਬਾਲਣ ਬਾਲ।
ਜੱਜ ਵਕੀਲ ਦਲੀਲ
ਵੀ ਖੁਦ ਉਹ।
ਉਥੇ ਨਾ ਕੋਈ
ਚੱਲਦੀ ਚਾਲ।
ਰਾਜੇਸ਼ ਜੋ ਖਾਲੀ
ਹੱਥ ਦਿਸਦੇ ਨੇ।
ਉਹ ਅੰਦਰੋ ਹੁੰਦੇ
ਮਾਲੋ ਮਾਲ।,,,,,

**ਰਾਜੇਸ਼ ਗੁਆਰਾ,,**

# ਚੋਣ ਪ੍ਰਚਾਰ ਬੰਦ ਹੋਣ ਤੇ ਉਮੀਦਵਾਰਾਂ ਦੇ ਬਾਹਰੋਂ ਆਏ ਸਮਰਥਕਾਂ ਨੂੰ ਚੋਣ ਖੇਤਰ ਦੀ ਹਦੂਦ ਤੋਂ ਬਾਹਰ ਜਾਣ ਦੇ ਹੁਕਮ

ਮਾਲੇਰਕੋਟਲਾ, 23 ਮਈ ਅਸ਼ਰਫ ਅਨਸਾਰੀ: ਨਗਰ ਕੌਂਸਲ ਅਤੇ ਨਗਰ ਪੰਚਾਇਤ ਦੀਆਂ 26 ਮਈ ਨੂੰ ਪੈਣ ਵਾਲੀਆਂ ਵੋਟਾਂ ਦੇ ਮੱਦੇਨਜ਼ਰ ਜ਼ਿਲ੍ਹਾ ਮੈਜਿਸਟਰੇਟ-ਕਮ- ਡਿਪਟੀ ਕਮਿਸ਼ਨਰ ਵਿਰਾਜ ਐਸ. ਤਿੜਕੇ ਨੇ ਸਿਆਸੀ ਪਾਰਟੀਆਂ/ਆਜ਼ਾਦ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਲਈ ਵੱਖ-ਵੱਖ ਜ਼ਿਲ੍ਹਿਆਂ/ਰਾਜਾਂ ਤੋਂ ਚੋਣਾਂ ਵਾਲੇ ਪਿੰਡਾਂ ਵਿੱਚ ਆਏ ਸਮਰਥਕਾਂ ਤੇ ਵਿਅਕਤੀਆਂ ਨੂੰ ਚੋਣ ਪ੍ਰਚਾਰ ਮੁਕੰਮਲ(ਬੰਦ) ਹੋਣ ਦੇ ਤੁਰੰਤ ਬਾਅਦ ਚੋਣਾਂ ਨਾਲ ਸਬੰਧਤ ਵਾਰਡਾਂ/ਕੌਂਸਲਾਂ ਦੀ ਹਦੂਦ ਤੋਂ ਬਾਹਰ ਜਾਣ ਦੇ ਆਦੇਸ਼ ਜਾਰੀ ਕੀਤੇ ਹਨ। ਇਹ ਹੁਕਮ ਚੋਣ ਪ੍ਰਕ੍ਰਿਆ ਖ਼ਤਮ ਹੋਣ ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟਰੇਟ ਵੱਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹੇ ਅੰਦਰ ਅਮਨ ਕਾਨੂੰਨ ਬਣਾਏ ਰੱਖਣ ਸਮੇਤ ਲੋਕਾਂ ਵਿੱਚ ਬਿਨ੍ਹਾਂ ਡਰ ਤੋਂ ਇਹ ਚੋਣਾਂ ਸ਼ਾਂਤਮਈ ਤਰੀਕੇ ਅਤੇ ਸਫ਼ਲਤਾ ਪੂਰਵਕ ਢੰਗ ਨਾਲ ਕਰਵਾਉਣ ਲਈ ਇਹ ਹੁਕਮ ਇਕਤਰਫ਼ਾ ਪਾਸ ਕੀਤੇ ਗਏ ਹਨ।



ਉਨ੍ਹਾਂ ਆਪਣੇ ਹੁਕਮਾਂ ਵਿੱਚ ਕਿਹਾ ਹੈ ਕਿ 26 ਮਈ ਨੂੰ ਪੈਣ ਵਾਲੀਆਂ ਵੋਟਾਂ ਲਈ ਜ਼ਿਲ੍ਹਾ ਮਾਲੇਰਕੋਟਲਾ ਦੇ ਚੋਣਾਂ ਨਾਲ ਸਬੰਧਤ ਵਾਰਡਾਂ/ਕੌਂਸਲਾਂ ਵਿੱਚ ਉਮੀਦਵਾਰਾਂ ਦੇ ਹੱਕ ਵਿੱਚ ਪ੍ਰਚਾਰ ਕਰਨ ਪੁੱਜੇ ਹਲਕੇ ਤੋਂ ਬਾਹਰਲੇ ਵਿਅਕਤੀਆਂ, ਰਿਸ਼ਤੇਦਾਰਾਂ, ਸਮਰਥਕਾਂ ਅਤੇ ਜ਼ਿਨ੍ਹਾਂ ਦਾ ਚੋਣ ਡਿਊਟੀ ਨਾਲ ਕੋਈ ਸਬੰਧ ਨਹੀ ਹੈ, ਵੱਲੋਂ ਚੋਣ ਪ੍ਰਚਾਰ ਖ਼ਤਮ ਹੋਣ ਤੋਂ ਬਾਅਦ ਵੀ ਉੱਥੇ ਰਹਿਣ ਨਾਲ ਚੋਣਾਂ ਵਿੱਚ ਵਿਘਨ ਪਾਏ ਜਾਣ ਦਾ ਖ਼ਦਸ਼ਾ ਹੈ, ਇਸ ਲਈ ਬਾਹਰੀ ਜ਼ਿਲਿਆਂ/ ਰਾਜਾਂ ਤੋਂ ਉਮੀਦਵਾਰ ਦੇ ਪ੍ਰਚਾਰ ਲਈ ਆਏ ਵਿਅਕਤੀ ਚੋਣ ਪ੍ਰਚਾਰ ਬੰਦ ਹੋਣ ਬਾਅਦ ਤੁਰੰਤ ਚੋਣਾਂ ਵਾਲੇ ਖੇਤਰ ਵਿੱਚੋਂ ਬਾਹਰ ਚਲੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਹਨ।


ਪੰਜਾਬੀ ਰੰਗ ਅਖਬਾਰ ਅਤੇ ਹੋਰ ਰੋਜ਼ਾਨਾ ਅਖਬਾਰਾਂ ਵਿੱਚ ਵਿਆਹ ਸ਼ਾਦੀ, ਨਾਂ ਬਦਲੀ, ਬੇਦਖਲੀ ਅਤੇ ਹੋਰ ਕਾਰੋਬਾਰੀ ਅਤੇ ਅਦਾਲਤੀ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ : 92168-08317
ਦਫਤਰ ਪੰਜਾਬੀ ਰੰਗ : ਕਲੱਬ ਚੌਂਕ, ਮਾਲੇਰਕੋਟਲਾ

ਅਦਾਰਾ "ਪੰਜਾਬੀ ਰੰਗ" ਨਿਊਜ਼ ਪੇਪਰ ਨੂੰ ਮਾਲੇਰਕੋਟਲਾ, ਸੰਗਰੂਰ, ਬਰਨਾਲਾ, ਲੁਧਿਆਣਾ, ਪਟਿਆਲਾ ਅਤੇ ਖੰਨਾਂ ਜ਼ਿਲਿਆਂ ਦੇ ਸਾਰੇ ਸ਼ਹਿਰਾਂ ਅਤੇ ਕਸਬਿਆਂ ਤੋਂ ਪੱਤਰਕਾਰਾਂ, ਪ੍ਰੈਸ ਫੋਟੋਗ੍ਰਾਫਰਾਂ ਅਤੇ ਇਸ਼ਤਿਹਾਰਾਂ ਦੀ ਬੂਕਿੰਗ ਕਰਨ ਵਾਲਿਆਂ ਦੀ ਲੋੜ ਹੈ।
ਸੰਪਰਕ : ਮੁੱਖ ਦਫਤਰ ਕਲੱਬ ਚੌਂਕ ਮਾਲੇਰਕੋਟਲਾ, ਮੋਬਾਇਲ : 92168-08317


ਸ਼ਹਾਬੁਦੀਨ ਮੁੱਖ ਸੰਪਾਦਕ/ਮਾਲਕ ਅਤੇ ਪਬਲਿਸ਼ਰ ਪੰਦਰਵਾੜਾ 'ਪੰਜਾਬੀ ਰੰਗ' ਨੇ ਪੰਜਾਬੀ ਰੰਗ ਪ੍ਰੈਸ ਵਰਕ ਕੰਪਿਊਟਰ ਮਾਲੇਰਕੋਟਲਾ ਤੋਂ ਕੰਪੋਜ਼ ਕਰਵਾ ਕੇ ਰੋਜ਼ਾਨਾਂ ਦੇਸ਼ ਸੇਵਕ, E49 D, ਸੈਕਟਰ 29-ਡੀ ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਪੰਜਾਬੀ ਰੰਗ' A07-741-000H, ਇਫਤਖਾਰਗੰਜ, ਨਵੀਂ ਅਬਾਦੀ ਨੇੜੇ ਸਰਹੰਦੀਗੇਟ ਮਾਲੇਰਕੋਟਲਾ ਤੋਂ ਪ੍ਰਕਾਸ਼ਿਤ ਕੀਤਾ ਹੈ। PRGI NO: PBPUN/26/A2234 (ਸੰਪਰਕ : 92168-08317)

ਪੰਜਾਬੀ ਰੰਗ ਅਖਬਾਰ ਦੇ ਨਿੱਡਰ ਤੇ ਨਿਰਪੱਖ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ-ਉਲ-ਅਜ਼ਹਾ ਦੇ ਪਵਿੱਤਰ ਤਿਉਹਾਰ ਮੌਕੇ ਪਹਿਲਾ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ 'ਤੇ ਅਸੀਂ ਮਾਲੇਰਕੋਟਲਾ ਜ਼ਿਲਾ ਪ੍ਰਸ਼ਾਸਨ ਵੱਲੋਂ ਆਪਣੇ ਸਮੁੱਚੇ ਜ਼ਿਲਾ ਨਿਵਾਸੀਆਂ ਵਿਸ਼ੇਸ਼ਕਰ ਮੁਸਲਿਮ ਭਾਈਚਾਰੇ ਨੂੰ ਦਿਲ ਦੀਆਂ ਗਹਿਰਾਈਆਂ ਤੋਂ ਮੁਬਾਰਕਬਾਦ ਦਿੰਦੇ ਹਾਂ ਅਤੇ ਅਰਦਾਸ ਕਰਦੇ ਹਾਂ ਕਿ ਪੰਜਾਬੀ ਰੰਗ ਅਖਬਾਰ ਦਿਨ ਦੁੱਗਣੀ ਤੇ ਰਾਤ ਚੌਗਣੀ ਤਰੱਕੀ ਕਰੇ


ਵਿਰਾਜ਼ ਐੱਸ. ਤਿੜਕੇ
ਡੀ.ਸੀ. ਮਾਲੇਰਕੋਟਲਾ


ਰਾਜਦੀਪ ਸਿੰਘ ਬਰਾੜ
ਏ. ਡੀ.ਸੀ. ਮਾਲੇਰਕੋਟਲਾ


ਰਿੰਪੀ ਗਰਗ
ਏ. ਡੀ.ਸੀ. ਪੇਂਡੂ ਵਿਕਾਸ


ਮਨਦੀਪ ਕੌਰ
ਸਹਾਇਕ ਕਮਿਸ਼ਨਰ


ਮੈਡਮ ਕੰਨੂ
ਐਸ.ਡੀ.ਐਮ ਮਾਲੇਰਕੋਟਲਾ


ਮੈਡਮ ਰਿਤੂ ਗੁਪਤਾ
ਤਹਿਸੀਲਦਾਰ ਮਾਲੇਰਕੋਟਲਾ


ਸੁਖਵਿੰਦਰ ਸਿੰਘ
ਨਾਇਬ ਤਹਿਸੀਲਦਾਰ. ਮਾਲੇਰਕੋਟਲਾ


ਦੀਪਕ ਕਪੂਰ
ਏ.ਪੀ.ਆਰ ਓ. ਮਾਲੇਰਕੋਟਲਾ

ਹੱਕ ਸੱਚ ਦੀ ਨਿੱਡਰ ਤੇ ਨਿਰਪੱਖ ਆਵਾਜ਼ "ਪੰਜਾਬੀ ਰੰਗ" ਅਖਬਾਰ ਦੇ ਮਿਹਨਤੀ ਅਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ-ਉਲ-ਅਜ਼ਹਾ ਦੇ ਪਵਿੱਤਰ ਮੌਕੇ 'ਤੇ ਪਹਿਲਾਂ ਵਿਸ਼ੇਸ਼ ਅੰਕ ਪ੍ਰਕਾਸ਼ਿਤ ਕਰਨ 'ਤੇ ਅਸੀਂ ਮਾਲੇਰਕੋਟਲਾ ਜ਼ਿਲਾ ਪੁਲਿਸ ਪ੍ਰਸ਼ਾਸਨ ਵੱਲੋਂ ਮੁੱਖ ਸੰਪਾਦਕ ਸ਼ਹਾਬੂਦੀਨ ਸਮੇਤ ਸਾਰੇ ਜ਼ਿਲਾ ਨਿਵਾਸੀਆਂ ਨੂੰ ਈਦ ਦੀ ਲੱਖ-ਲੱਖ ਵਧਾਈ ਦਿੰਦੇ ਹੋਏ ਅਰਦਾਸ ਕਰਦੇ ਹਾਂ ਕਿ ਪੰਜਾਬੀ ਰੰਗ ਅਖਬਾਰ ਖੂਬ ਤਰੱਕੀਆਂ ਕਰੇ।


ਗੁਰਮੀਤ ਸਿੰਘ
ਐਸ.ਐਸ.ਪੀ. ਮਾਲੇਰਕੋਟਲਾ


ਗੁਰਸ਼ਰਨਜੀਤ ਸਿੰਘ
ਐਸ.ਪੀ. (ਐਚ.) ਮਾਲੇਰਕੋਟਲਾ


ਰਾਜਵਿੰਦਰ ਸਿੰਘ ਰੰਧਾਵਾ
ਐਸ.ਪੀ. (ਪੀ.ਬੀ.ਆਈ.) ਮਾਲੇਰਕੋਟਲਾ


ਸੁਮਿਤ ਸੂਦ
ਡੀ.ਐਸ.ਪੀ. ਮਾਲੇਰਕੋਟਲਾ


ਮਾਨਵਜੀਤ ਸਿੰਘ
ਡੀ.ਐਸ.ਪੀ. ਮਾਲੇਰਕੋਟਲਾ


ਯਾਦਵਿੰਦਰ ਸਿੰਘ
ਡੀ.ਐਸ.ਪੀ. ਨਾਰਕੋਟਿਕ


ਸੰਜੀਵ ਕਪੂਰ
ਡੀ.ਐਸ.ਪੀ. ਅਮਰਗੜ੍ਹ


ਇੰਦਰਪਾਲ ਸਿੰਘ ਚੌਹਾਨ
ਡੀ.ਐਸ.ਪੀ. ਅਹਿਮਦਗੜ੍ਹ


ਸਤੀਸ਼ ਕੁਮਾਰ
ਡੀ.ਐਸ.ਪੀ. ਸਪੈਸ਼ਲ ਬ੍ਰਾਂਚ


ਇੰਸ. ਹਰਜਿੰਦਰ ਸਿੰਘ
ਸੀ.ਆਈ.ਏ. ਇੰਚਾਰਜ਼ ਮੋਹਰਾਣਾ


ਇੰਸ. ਗੁਰਪ੍ਰੀਤ ਕੌਰ
ਐਸ.ਐਚ.ਓ. ਸਦਰ ਅਹਿਮਦਗੜ੍ਹ


ਗੁਰਮੁੱਖ ਸਿੰਘ ਲੱਡੀ
ਟ੍ਰੈਫੀਕ ਇੰਚਾਰਜ਼ ਮਾਲੇਰਕੋਟਲਾ

# ਨਸ਼ਾ ਸਮੱਗਲਰਾਂ ਤੇ ਗੈਂਗਸ਼ਟਰਾਂ ਲਈ ਸੁਰੱਖਿਅਤ ਪਨਾਹਗਾਹ ਬਣ ਕੇ ਰਹਿ ਗਈਆਂ ਹਨ ਸੂਬੇ ਦੀਆਂ ਜੇਲਾਂ

ਮਾਲੇਰਕੋਟਲਾ, 15 ਅਪ੍ਰੈਲ (ਸ਼ਹਾਬੂਦੀਨ) ਜਿਥੇ ਪਿਛਲੇ ਕਾਫੀ ਸਮੇਂ ਤੋਂ ਸੂਬੇ ਦੀਆਂ ਜੇਲਾਂ 'ਚ ਨਸ਼ੀਲੇ ਪਦਾਰਥਾਂ ਦੀ ਲਗਾਤਾਰ ਬ੍ਰਾਂਮਦਗੀ ਅਤੇ ਗੈਂਗਵਾਰ ਨੇ ਪੰਜਾਬ ਦੇ ਜ਼ੇਲ ਪ੍ਰਸ਼ਾਸਨ ਦੀ ਨੀਂਦ ਉਡਾ ਦਿੱਤੀ ਹੈ, ਉਥੇ ਹੀ ਜ਼ੇਲਾਂ ਅੰਦਰ ਚੱਲ ਰਹੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੇ ਆਪ ਸਰਕਾਰ ਦੇ ਸਾਰੇ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ।ਇਹ ਜ਼ੇਲਾਂ ਹੁਣ ਸੁਧਾਰ ਘਰ ਦੀ ਬਜਾਏ ਬਿਗਾੜ ਘਰ ਬਣਕੇ ਰਹਿ ਗਈਆਂ ਹਨ, ਦੇਖਣ 'ਚ ਆਇਆ ਹੈ ਕਿ ਛੋਟੀ-ਮੋਟੀ ਗਲਤੀ ਜਾਂ ਕਿਸੇ ਛੋਟੇ ਜ਼ੁਰਮ 'ਚ ਜ਼ੇਲ ਜਾਣ ਵਾਲੇ ਖਾਸਕਰ ਨੌਜਵਾਨ ਸੁਧਰਨ ਦੀ ਬਜਾਏ ਕਥਿਤ ਹੋਰ ਵੱਡੇ ਕ੍ਰਿਮੀਨਲ ਬਣਕੇ ਜ਼ੇਲ ਤੋਂ ਬਾਹਰ ਆਉਂਦੇ ਹਨ, ਕਿਉਂਕਿ ਜ਼ੇਲਾਂ 'ਚ ਬੈਠੇ ਵੱਡੇ ਅਪਰਾਧੀਆਂ ਨਾਲ ਮੇਲ-ਜੋਲ ਹੋਣ ਨਾਲ ਬਾਹਰ ਆਉਂਦੇ ਤੱਕ ਉਨ੍ਹਾਂ ਵਿਚਕਾਰ ਰਿਸ਼ਤਾ ਗੂੜ੍ਹਾ ਹੋ ਜਾਂਦਾ ਹੈ ਅਤੇ ਛੋਟੇ ਅਪਰਾਧ ਵਾਲਾ ਨੌਜਵਾਨ ਜ਼ੇਲ ਤੋਂ ਬਾਹਰ ਆ ਕੇ ਵੱਡੇ ਅਪਰਾਧੀਆਂ ਵਾਲੇ ਕੰਮ 'ਚ ਸ਼ਾਮਲ ਹੋ ਜਾਂਦਾ ਹੈ।

ਜ਼ਿਕਰਯੋਗ ਹੈ ਕਿ ਮਾਰਚ 2022 'ਚ ਸੱਤਾ ਸੰਭਾਲਣ 'ਤੇ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸੂਬੇ ਦੀਆਂ ਜ਼ੇਲਾਂ ਨੂੰ ਨਸ਼ਿਆਂ ਅਤੇ ਗੈਂਗਵਾਰ ਤੋਂ ਮੁਕਤ ਕਰਨ ਅਤੇ ਸੂਬੇ ਦੀਆਂ ਜ਼ੇਲਾਂ ਨੂੰ ਸੱਚੇ ਸੁਧਾਰ ਘਰਾਂ 'ਚ ਬਦਲਣ ਦਾ ਵਾਅਦਾ ਕੀਤਾ ਸੀ ਪਰ ਸੂਬੇ ਦੀਆਂ ਜ਼ੇਲਾਂ ਤੋਂ ਕੰਮ ਕਰਨ ਵਾਲੇ ਵੱਡੇ ਨਸ਼ਾ ਸਮੱਗਲਰਾਂ ਅਤੇ ਗੈਂਗਸ਼ਟਰਾਂ ਵੱਲੋਂ ਬਾਹਰੀ ਦੁਨੀਆਂ 'ਚ ਆਪਣੇ




ਸਾਥੀਆਂ ਦੀ ਸਹਾਇਤਾ ਨਾਲ ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ ਦੀ ਸਮੱਗਲਿੰਗ ਕਰਨ ਅਤੇ ਜ਼ਬਰੀ ਵਸੂਲੀ ਦੀਆਂ ਗਤੀਵਿਧੀਆਂ ਨੂੰ ਅੰਜ਼ਾਮ ਦੇਣ ਦੇ ਮਾਮਲਿਆਂ 'ਚ ਲਗਾਤਾਰ ਹੋ ਰਿਹਾ ਵਾਧਾ ਇਹ ਸਾਬਤ ਕਰਦਾ ਹੈ ਕਿ ਸੂਬੇ ਦੀਆਂ ਜ਼ੇਲਾਂ ਖਤਰਨਾਕ ਅਪਰਾਧੀਆਂ ਲਈ ਪਨਾਹਗਾਹ ਬਣ ਗਈਆਂ ਹਨ।

ਜ਼ਿਕਰਯੋਗ ਹੈ ਕਿ ਪਿਛਲੇ ਦਿਨਾਂ 'ਚ ਕੇਂਦਰੀ ਜ਼ੇਲ ਜਲੰਧਰ ਅਤੇ ਕਪੂਰਥਲਾ 'ਚ ਡਰੋਨ ਰਾਹੀਂ ਪਹੁੰਚਾਈਆਂ ਗਈਆਂ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਨੇ ਸੂਬੇ ਦੀਆਂ ਸੁਰੱਖਿਆ ਏਜੰਸੀਆਂ ਨੂੰ ਹਿਲਾ ਕੇ ਰੱਖ ਦਿੱਤਾ ਸੀ।ਇਸ ਤੋਂ ਬਾਅਦ ਪੰਜਾਬ ਸਰਕਾਰ ਨੇ ਜੇਲਾਂ 'ਚ ਨਸ਼ੀਲੇ ਪਦਾਰਥਾਂ ਅਤੇ ਅਪਰਾਧੀਆਂ ਵਿਰੁੱਧ ਇਕ ਵੱਡੀ ਮੁਹਿੰਮ ਸ਼ੁਰੂ ਕਰਨ ਦਾ ਵਾਅਦਾ ਕੀਤਾ ਸੀ।ਹਾਲਾਂਕਿ ਇਹ ਸਾਰੇ ਵਾਅਦੇ ਕਾਗਜ਼ਾਂ ਤੱਕ ਹੀ ਸੀਮਤ ਦਿਖਾਈ ਦਿੰਦੇ ਹਨ। ਸੂਬੇ ਦੀਆਂ ਜ਼ਿਆਦਾਤਰ ਜ਼ੇਲਾਂ 'ਚ ਜਾਂਚ ਦੌਰਾਨ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਜ਼ਬਤ ਕਰਨ ਅਤੇ ਪੰਜਾਬ ਪੁਲਸ ਵੱਲੋਂ ਬੇਨਕਾਬ ਕੀਤੇ ਗਏ ਕਈ ਅਪਰਾਧਿਕ ਨੈੱਟਵਰਕਾਂ ਅਤੇ ਕੈਦ ਕੀਤੇ ਗਏ ਗੈਂਗਸ਼ਟਰਾਂ ਵਿਚਕਾਰ ਸਬੰਧਾਂ ਦਾ ਪਤਾ ਲੱਗਣ ਨਾਲ ਇਹ ਸਾਬਤ ਹੋ ਗਿਆ ਹੈ ਕਿ ਸੂਬੇ ਦੀਆਂ ਜ਼ੇਲਾਂ ਸਮਾਜ ਵਿਰੋਧੀ ਅਨਸਰਾਂ ਲਈ ਸੁਰੱਖਿਅਤ ਜਗ੍ਹਾ ਬਣ ਗਈਆਂ ਹਨ।ਸੁਣਨ 'ਚ ਆਇਆ ਹੈ ਕਿ ਬਹੁਤ ਸਾਰੇ ਗੈਂਗਸ਼ਟਰ ਆਪਣੀ ਜਾਨ ਦੀ ਸਲਾਮਤੀ ਲਈ ਵੀ ਜ਼ੇਲਾਂ 'ਚ ਬੈਠੇ ਹਨ ਅਤੇ ਆਪਣੀ ਜ਼ਮਾਨਤ ਨਹੀਂ ਕਰਵਾ ਰਹੇ, ਕਿਉਂ ਕਿ ਉਨ੍ਹਾਂ ਨੂੰ ਇਹ ਡਰ ਸਤਾ ਰਿਹਾ ਹੈ ਕਿ ਜ਼ੇਲ ਤੋਂ ਬਾਹਰ ਆ ਕੇ ਉਨ੍ਹਾਂ ਦਾ ਕੋਈ ਨੰਬਰ ਨਾ ਲਗਾ ਦੇਵੇ ਜਾਂ ਇਨਕਾਊਂਟਰ ਨਾ ਹੋ ਜਾਵੇ।ਇਨ੍ਹਾਂ ਹਲਾਤਾਂ ਦੇ ਚੱਲਦਿਆਂ ਆਮ ਆਦਮੀ ਪਾਰਟੀ ਸਰਕਾਰ ਕੋਲ ਸਿਰਫ ਦਾਅਵਿਆਂ ਤੋਂ ਇਲਾਵਾ ਕੁਝ ਨਹੀਂ ਹੈ।

ਅੰਕੜਿਆਂ ਅਨੁਸਾਰ ਪਿਛਲੇ 4 ਸਾਲਾਂ 'ਚ ਸੂਬੇ ਦੀਆਂ ਜ਼ੇਲਾਂ 'ਚੋਂ ਹਜ਼ਾਰਾਂ ਮੋਬਾਈਲ ਫੋਨ ਬਰਾਮਦ ਕੀਤੇ ਗਏ ਹਨ, ਨਾਲ ਹੀ ਵੱਡੀ ਮਾਤਰਾ 'ਚ ਨਸ਼ੀਲੇ ਪਦਾਰਥਾਂ ਦੀਆਂ ਖੇਪਾਂ ਵੀ ਬਰਾਮਦ ਕੀਤੀਆਂ ਗਈਆਂ ਹਨ।ਇਸ ਦੇ ਬਾਵਜੂਦ ਆਪ ਸਰਕਾਰ ਨੇ ਸੂਬੇ ਦੀਆਂ ਜ਼ੇਲਾਂ 'ਚ ਚੱਲ ਰਹੇ ਅਪਰਾਧ ਅਤੇ ਨਸ਼ੀਲੇ ਪਦਾਰਥਾਂ ਦੇ ਨੈੱਟਵਰਕ ਨੂੰ ਖਤਮ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ।ਕਈ ਮਾਮਲਿਆਂ ਅੰਦਰ ਜ਼ੇਲਾਂ 'ਚ ਬੰਦ ਗੈਂਗਸ਼ਟਰਾਂ ਵਲੋਂ ਕੁਝ ਕਾਰੋਬਾਰੀਆਂ ਨੂੰ ਫਿਰੌਤੀ ਮੰਗਣ ਦੀ ਧਮਕੀ ਵੀ ਦਿੱਤੀ ਗਈ ਹੈ।ਹਾਲਾਂਕਿ ਅਜਿਹੇ ਕਈ ਮਾਮਲਿਆਂ 'ਚ ਸਬੰਧਤ ਕਾਰੋਬਾਰੀਆਂ ਨੇ ਆਪਣੇ ਪਰਿਵਾਰਾਂ ਦੀ ਸੁਰੱਖਿਆ ਦੇ ਡਰੋਂ ਪੁਲਸ ਕੋਲ ਸ਼ਿਕਾਇਤ ਤੱਕ ਵੀ ਦਰਜ ਨਹੀਂ ਕਰਵਾਈ ਹੈ।









ਪੰਜਾਬੀ ਰੰਗ ਅਖਬਾਰ ਦੇ ਮਿਹਨਤੀ ਤੇ ਨਿੱਡਰ ਮੁੱਖ ਸੰਪਾਦਕ ਸ਼ਹਾਬੂਦੀਨ ਵੱਲੋਂ ਈਦ ਉਲ ਅਜ਼ਹਾ ਦੇ ਪਵਿੱਤਰ ਮੌਕੇ 'ਤੇ ਪੰਜਾਬੀ ਰੰਗ ਅਖਬਾਰ ਦਾ ਪਹਿਲਾ ਵਿਸ਼ੇਸ਼ ਅੰਕ ਕੱਢਣ ਦੇ ਸ਼ਾਨਾਮਤੀ ਉਦਮ ਅਤੇ ਈਦ ਦੀਆਂ ਮੈਂ ਪੱਤਰਕਾਰ ਸ਼ਹਾਬੂਦੀਨ ਅਤੇ ਸਮੂਹ ਇਲਾਕਾ ਨਿਵਾਸੀਆਂ ਨੂੰ ਲੱਖ-ਲੱਖ ਵਧਾਈ ਦਿੰਦਾ ਹਾਂ।

ਸ. ਜਸਵੀਰ ਸਿੰਘ ਦਿਓਲ
ਸਾਬਕਾ ਚੇਅਰਮੈਨ ਜ਼ਿਲਾ ਪ੍ਰੀਸ਼ਦ ਸੰਗਰੂਰ

